
ਭਾਸ਼ਾ
ਸਿਧਾਂਤ ਤੇ ਸਰੋਕਾਰ



ਪਰਮਜੀਤ ਸਿੰਘ ਢੀਂਗਰਾ (ਡਾ.)

ਭਾਸ਼ਾ

ਸਿਧਾਂਤ ਤੇ ਸਰੋਕਾਰ

ਏਸੇ ਕਲਮ ਤੋਂ

ਭਾਸ਼ਾ ਵਿਗਿਆਨ

- ਨਾਵਲੀ ਭਾਸ਼ਾ ਸੰਚਾਰ ਤੇ ਵਿਹਾਰ (2006)

ਸੰਪਾਦਤ

- ਪਰਸਾ: ਚਿੰਤਨ-ਚੇਤਨਾ (2005)
- ਤਰਨਤਾਰਨ ਦਾ ਇਤਿਹਾਸ ਤੇ ਸਾਹਿਤਕ ਵਿਰਸਾ (1980)

ਅਨੁਵਾਦ

- ਕਰਮਯੋਗੀ (2005)

ਪ੍ਰੈੱਸ ਵਿਚ

- ਗੁਰਮੁਖੀ ਲਿਪੀ: ਇਤਿਹਾਸ ਤੋਂ ਟੈਕਨਾਲੋਜੀ ਤੱਕ
- ਪੰਜਾਬੀ ਭਾਖਾ ਤੇ ਭਾਖਾ ਵਿਗਿਆਨ

ਭਾਸ਼ਾ

ਸਿਧਾਂਤ ਤੇ ਸਰੋਕਾਰ

ਪਰਮਜੀਤ ਸਿੰਘ ਢੀਂਗਰਾ

ਰਵੀ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ-143002

BHASHA : SIDHANT TE SAROKAR

by

PARMJIT SINGH DHINGRA (DR.)
Punjabi Department
Punjab University, Regional Centre,
MUKTSAR.

Pub. by : RAVI SAHIT PARKASHAN
11, G.N.D.U. Shopping Complex,
P.O. Khalsa College,
G.T. Road, AMRITSAR-143002
Phone : 0183-2258633

ISBN 81 - 7143 - 425 - 8

ਪਹਿਲੀ ਵਾਰ : 2006

ਮੁੱਲ : ਇਕ ਸੌ ਪੰਜਾਹ ਰੁਪਏ

ਪ੍ਰਕਾਸ਼ਕ :
ਰਵੀ ਸਾਹਿਤ ਪ੍ਰਕਾਸ਼ਨ
ਸ਼ੋ ਰੂਮ 11, ਗੁ.ਨਾ.ਦੇ.ਯੂ. ਸ਼ਾਪਿੰਗ ਕੰਪਲੈਕਸ,
ਡਾਕਘਰ : ਖਾਲਸਾ ਕਾਲਜ,
ਜੀ.ਟੀ. ਰੋਡ, ਅੰਮ੍ਰਿਤਸਰ-143 002
ਫ਼ੋਨ : 0183-2258633

ਸ਼ਬਦ-ਜੜ੍ਹਤ :
ਕੇ.ਜੀ. ਗ੍ਰਾਫ਼ਿਕਸ,
8, ਗੁ.ਨਾ.ਦੇ.ਯੂ. ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਪ੍ਰਿੰਟਰ :
ਪ੍ਰਿੰਟਵੈੱਲ, 146, ਫ਼ੋਕਲ ਪੁਆਇੰਟ, ਅੰਮ੍ਰਿਤਸਰ

ਗੁਰੂਵਰ ਪ੍ਰੋਫ਼ੈਸਰ ਆਤਮਜੀਤ ਸਿੰਘ
(ਸੇਨਹੋਜ਼ੇ ਸਟੇਟ ਯੂਨੀਵਰਸਿਟੀ)
ਜਿਨ੍ਹਾਂ ਕੋਲੋਂ ਭਾਸ਼ਾ ਅਤੇ ਗਿਆਨ ਦੀ
ਗੁੜ੍ਹਤੀ ਲਈ
ਅਤੇ
ਭਾਰਤੀ ਚਿੰਤਨ ਦੀ ਗੂੜ੍ਹੀ ਤੇ ਗਿਆਨਵਾਨ ਛਾਂ
ਪ੍ਰੋਫ਼ੈਸਰ ਪ੍ਰੇਮ ਸਿੰਘ
(ਦਿੱਲੀ ਯੂਨੀਵਰਸਿਟੀ)
ਹੋਰਾਂ ਲਈ ਮੋਹ ਤੇ ਸਤਿਕਾਰ ਸਹਿਤ

ਤ ਤ ਕ ਰਾ

ਭੂਮਿਕਾ

ਭਾਸ਼ਾ ਨੂੰ ਸੰਚਾਰ ਦਾ ਬੁਨਿਆਦੀ ਗੁਣ ਮੰਨਿਆ ਜਾਂਦਾ ਹੈ। ਮਨੁੱਖੀ ਇਤਿਹਾਸ ਦੀਆਂ ਮਹਾਨ ਪ੍ਰਾਪਤੀਆਂ ਵਿਚੋਂ ਸਭ ਤੋਂ ਅਨਮੋਲ ਪ੍ਰਾਪਤੀ ਭਾਸ਼ਾ ਹੈ। ਵਿਗਿਆਨੀਆਂ ਦਾ ਮਤ ਹੈ ਕਿ ਅੱਜ ਤੋਂ ਕੋਈ ਦਸ ਲੱਖ ਵਰ੍ਹੇ ਪਹਿਲਾਂ ਮਨੁੱਖ ਨੇ ਬੋਲਣਾ ਸਿਖ ਲਿਆ ਸੀ। ਸਮੇਂ ਦੇ ਅੰਤਰਾਲ ਵਿਚ ਕਿੰਨੀਆਂ ਭਾਸ਼ਾਵਾਂ ਉਗਮੀਆਂ ਅਤੇ ਕਿੰਨੀਆਂ ਗੁੰਮ ਗੁਆਚ ਗਈਆਂ, ਇਸ ਬਾਰੇ ਕਿਆਫ਼ੇ ਹੀ ਲਾਏ ਜਾ ਸਕਦੇ ਹਨ।

ਕਲਾਦ ਤੇ ਲੈਵੀ ਸਤਰੋਸ ਨੇ ਦੋ ਮਹਾਨ ਵਟਾਂਦਰਿਆਂ ਦੀ ਗੱਲ ਕੀਤੀ ਹੈ। ਪਹਿਲਾ ਸੀ ਔਰਤ ਦਾ ਵਟਾਂਦਰਾ, ਜਿਸ ਤੋਂ ਮਨੁੱਖ ਦੀ ਨਾਤੇਦਾਰੀ ਹੋਂਦ ਵਿਚ ਆਈ। ਦੂਸਰਾ ਸੀ ਵਸਤਾਂ ਦਾ ਵਟਾਂਦਰਾ, ਜਿਸ ਨਾਲ ਵਸਤਾਂ ਨੇ ਮੁਦਰਾ ਤੱਕ ਦਾ ਸਫ਼ਰ ਤਹਿ ਕੀਤਾ। ਫੂਕੋ ਤੀਸਰੇ ਵਟਾਂਦਰੇ ਦੀ ਗੱਲ ਕਰਦਾ ਹੈ। ਤੀਸਰਾ ਵਟਾਂਦਰਾ ਸੁਨੇਹਿਆਂ ਦਾ ਸੀ, ਜਿਸ ਤੋਂ ਮਨੁੱਖੀ ਸੰਚਾਰ ਪ੍ਰਬੰਧ ਸਿਰਜਿਆ।

ਮਨੁੱਖੀ ਉਚਾਰਨ ਅੰਗਾਂ ਵਿਚ ਕੁਦਰਤ ਨੇ ਕੋਈ ਵੀ ਅਜਿਹਾ ਅੰਗ ਨਹੀਂ ਲਾਇਆ, ਜਿਹੜਾ ਕੇਵਲ ਭਾਸ਼ਾ ਦੇ ਉਚਾਰਨ ਲਈ ਹੋਵੇ। ਇਨ੍ਹਾਂ ਸਾਰੇ ਅੰਗਾਂ ਦਾ ਭੌਤਿਕ ਪ੍ਰਕਾਰਜ ਬਿਲਕੁਲ ਭਿੰਨ ਹੈ ਪਰ ਮਨੁੱਖ ਨੇ ਇਨ੍ਹਾਂ ਤੋਂ ਉਚਾਰਨ ਦਾ ਕੰਮ ਲੈ ਕੇ ਆਪਣੇ ਆਪ ਨੂੰ ਪਸ਼ੂ-ਪੰਛੀ ਜਗਤ ਤੋਂ ਨਿਖੇੜ ਕੇ ਸਮੁੱਚੀ ਕਾਇਨਾਤ 'ਤੇ ਆਪਣੀ ਸਰਦਾਰੀ ਕਾਇਮ ਕਰ ਲਈ।

ਅੱਜ ਮਨੁੱਖ ਦੇ ਹਰ ਕਿਰਿਆ ਕਲਾਪ ਪਿਛੇ ਭਾਸ਼ਾ ਦੀ ਸ਼ਕਤੀ ਦੇਖੀ ਜਾ ਸਕਦੀ ਹੈ। ਭਾਸ਼ਾ ਨੇ ਆਪਣੀ ਸੀਮਾ ਤੋਂ ਪਾਰ ਜਾ ਕੇ ਤਕਨਾਲੋਜੀ ਨਾਲ ਬਰ ਮੇਚ ਲਿਆ ਹੈ ਤੇ ਅੱਜ ਤਕਨਾਲੋਜੀ ਦੀ ਨਵੀਂ ਭਾਸ਼ਾ ਨੇ ਜਨਮ ਲੈ ਲਿਆ ਹੈ।

ਭਾਸ਼ਾ ਦੇ ਸਿਧਾਂਤਕ ਪਰਿਪੇਖਾਂ ਨੂੰ ਸਮਝਣ ਲਈ ਅਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਭਾਸ਼ਾ ਦੇ ਵਿਸ਼ਾਲ ਆਧਾਰ ਖੋਜੇ ਜਾਣ। ਨਵੇਂ ਸੰਦਾਂ, ਦ੍ਰਿਸ਼ਟੀਆਂ ਅਤੇ ਪੱਧਤੀਆਂ ਨੇ ਸਾਨੂੰ ਇਹ ਸੋਝੀ ਦਿੱਤੀ ਹੈ ਕਿ ਭਾਸ਼ਾ ਦੇ ਪਿਛੇ ਕੰਮ ਕਰਦੇ ਨੇਮਾਂ ਨੂੰ ਲੱਭਿਆ ਜਾ ਸਕੇ। ਸਿਖਿਆ, ਸੰਚਾਰ, ਤਕਨਾਲੋਜੀ ਅਤੇ ਆਧੁਨਿਕੀਕਰਨ ਦੀਆਂ ਪ੍ਰਕਿਰਿਆਵਾਂ ਨੇ ਸਾਡੇ ਸਾਹਮਣੇ ਅਨੇਕਾਂ ਸੁਆਲ ਚਿੰਨ੍ਹ ਲਾਏ ਹਨ। ਇਨ੍ਹਾਂ ਸੁਆਲਾਂ ਦੇ ਜੁਆਬ ਲੱਭਣ ਲਈ ਹੀ ਅਸਾਂ ਭਾਸ਼ਾ ਦੇ ਕੁਝ ਸਿਧਾਂਤਕ ਤੇ ਵਿਹਾਰਕ ਪਹਿਲੂਆਂ ਨੂੰ ਖੋਜਣ ਦਾ ਜਤਨ

ਕੀਤਾ ਹੈ। ਭਾਵੇਂ ਇਸ ਪੁਸਤਕ ਵਿਚਲੇ ਖੋਜ-ਪੱਤਰ ਸਮੇਂ-ਸਮੇਂ ਲਿਖੇ ਗਏ ਹਨ ਅਤੇ ਵਧੇਰੇ ਵੱਖ-ਵੱਖ ਸਥਾਨਕ, ਰਾਸ਼ਟਰ ਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਪੜ੍ਹੇ ਗਏ ਹਨ ਪਰ ਇਨ੍ਹਾਂ ਦੇ ਪਿਛੇ ਇਹੀ ਸੋਚ ਪਈ ਹੈ ਕਿ ਪੰਜਾਬੀ ਨਾਲ ਜੁੜੇ ਮਸਲਿਆਂ ਨੂੰ ਸਿਧਾਂਤਕ ਤੇ ਵਿਹਾਰਕ ਪੱਧਰ 'ਤੇ ਅਗਰਭੂਮਿਤ ਕੀਤਾ ਜਾਵੇ।

ਭਾਸ਼ਾ ਵਿਗਿਆਨ ਦਾ ਵਿਦਿਆਰਥੀ ਹੋਣ ਦੇ ਨਾਤੇ ਕੁਲ ਸਿਧਾਂਤਕ ਪਰਿਪੇਖਾਂ ਨੂੰ ਸਮਝਣ ਤੇ ਉਨ੍ਹਾਂ ਰਾਹੀਂ ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਇਸ ਵਿਚ ਸਮਝਣ/ਸਮਝਾਉਣ ਦਾ ਉਪਰਾਲਾ ਕੀਤਾ ਗਿਆ ਹੈ। ਆਸ ਹੈ ਖੋਜੀਆਂ ਅਤੇ ਵਿਦਵਾਨਾਂ ਦਾ ਇਸ ਪ੍ਰਤੀ ਹੁੰਗਾਰਾ ਉਦਮੀ ਹੋਵੇਗਾ।

ਅੰਤ ਵਿਚ ਮੈਂ ਆਪਣੀ ਹਮਸਫ਼ਰ ਡਾ. (ਮਿਸਿਜ਼) ਐੱਚ.ਕੇ. ਢੀਂਗਰਾ ਦਾ ਧੰਨਵਾਦੀ ਹਾਂ, ਜਿਸਨੇ ਇਸ ਪੁਸਤਕ ਦੀ ਤਿਆਰੀ ਵਿਚ ਜਿਥੇ ਮੈਨੂੰ ਵਿਹਲ ਦਿੱਤੀ ਤੇ ਜ਼ਿੰਮੇਵਾਰੀਆਂ ਤੋਂ ਮੁਕਤ ਰਖਿਆ, ਓਥੇ ਪਰੂਫ਼ ਪੜ੍ਹਣ ਤੇ ਸੁਝਾਅ ਦੇਣ ਵਿਚ ਮੇਰੀ ਮਦ ਕੀਤੀ। ਸ੍ਰ. ਮੋਹਨ ਸਿੰਘ ਰਾਹੀ ਹੋਰਾਂ ਦਾ ਰਿਣ ਨਹੀਂ ਚੁਕਾਇਆ ਜਾ ਸਕਾ, ਜਿਨ੍ਹਾਂ ਨੇ ਸੀਮਤ ਸਮੇਂ ਵਿਚ ਇਸ ਪੁਸਤਕ ਨੂੰ ਸੁਹਜ ਸੁਆਦ ਪੱਖੋਂ ਵਧੀਆ ਤਰੀਕੇ ਨਾਲ ਤਿਆਰ ਕਰਵਾਇਆ। ਉਨ੍ਹਾਂ ਦੇ ਇਸ ਉਦਮ ਨੂੰ ਸਲਾਮ। ਜਿਨ੍ਹਾਂ ਵਿਦਵਾਨਾਂ ਦੀਆਂ ਪੁਸਤਕਾਂ ਵਿਚੋਂ ਪੁਸ਼ਟੀ ਲਈ ਯਥਾ ਯੋਗ ਹਵਾਲਿਆਂ ਤੇ ਉਕਤੀਆਂ ਦੀ ਵਰਤੋਂ ਕੀਤੀ ਉਨ੍ਹਾਂ ਦਾ ਉਚੇਚਾ ਸ਼ੁਕਰੀਆ।

ਡਾ. ਪਰਮਜੀਤ ਸਿੰਘ ਢੀਂਗਰਾ

ਬੋਲੀ/ਭਾਸ਼ਾ : ਸੰਪਰਕ ਤੇ ਨਿਖੇੜਾ

ਬੋਲੀ (dialect) ਤੇ ਭਾਸ਼ਾ (language) ਸ਼ਬਦ ਜਿਵੇਂ ਇਕ ਦੂਸਰੇ ਤੋਂ ਭਿੰਨ ਭਿੰਨ ਜਾਪਦੇ ਹਨ ਉਸ ਤਰ੍ਹਾਂ ਭਿੰਨ ਨਹੀਂ ਹਨ। ਦਰਅਸਲ ਉਨ੍ਹਾਂ ਦਾ ਸੁਭਾਅ ਹੀ ਅਜਿਹਾ ਹੈ ਕਿ ਕੋਈ ਵੰਡ-ਰੇਖਾ ਖਿੱਚ ਕੇ ਪੂਰਣ ਰੂਪ ਵਿਚ ਉਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਸਦਾ ਕਾਰਣ ਇਹ ਹੈ ਕਿ ਬੋਲੀ ਤੇ ਭਾਸ਼ਾ ਸ਼ਬਦ ਇਕ ਦੂਜੇ ਦੇ ਉਲਟ ਸਥਿਤੀਆਂ ਦੇ ਨਹੀਂ, ਸਗੋਂ ਸਾਪੇਖ ਸਥਿਤੀ ਦੇ ਧਾਰਣੀ ਹਨ।

ਬੋਲੀ ਤੇ ਭਾਸ਼ਾ ਦਾ ਸੰਪਰਕ ਬੜਾ ਉਲਝਿਆ ਹੋਇਆ ਤੇ ਜਟਿਲ ਹੈ। ਇਸ ਜਟਿਲਤਾ ਦੇ ਦੋ ਮੁੱਖ ਕਾਰਣ ਹਨ। ਇਕ ਤਾਂ ਬੋਲੀ ਭਾਸ਼ਾ ਸ਼ਬਦਾਂ ਦੀ ਵਰਤੋਂ ਸਾਧਾਰਣ ਸ਼ਬਦਾਂ ਦੇ ਸਮਾਨ ਵੀ ਹੁੰਦੀ ਹੈ ਤੇ ਵਿਸ਼ੇਸ਼ ਜਾਂ ਪਰਿਭਾਸ਼ਕ ਸ਼ਬਦਾਂ ਦੇ ਰੂਪ ਵਿਚ ਵੀ। ਦੂਸਰਾ ਕਾਰਣ ਇਹ ਹੈ ਕਿ ਪਰਿਭਾਸ਼ਕ ਸ਼ਬਦਾਂ ਦੇ ਰੂਪ ਵਿਚ ਵਰਤਣ 'ਤੇ ਇਨ੍ਹਾਂ ਸ਼ਬਦਾਂ ਦੀ ਸੰਕਲਪਨਾ ਪੂਰਣ ਰੂਪ ਵਿਚ ਸਪਸ਼ਟ ਤੇ ਨਿਸ਼ਚਿਤ ਨਹੀਂ ਹੁੰਦੀ। ਸਾਧਾਰਣ ਸ਼ਬਦਾਂ ਦੇ ਰੂਪ ਵਿਚ ਵਰਤਣ 'ਤੇ ਕਦੀ ਇਹ ਸ਼ਬਦ ਸਮਾਨ ਅਰਥ ਦੇ ਧਾਰਣੀ ਹੁੰਦੇ ਹਨ, ਕਦੀ ਭਾਸ਼ਾ ਦੇ ਸਾਹਿਤਕ ਰੂਪ ਨੂੰ 'ਭਾਸ਼ਾ' ਤੇ ਉਸਦੇ ਬੋਲਚਾਲ ਦੇ ਰੂਪ ਨੂੰ 'ਬੋਲੀ' ਕਿਹਾ ਜਾਂਦਾ ਹੈ ਅਤੇ ਕਦੀ 'ਭਾਸ਼ਾ' ਤੋਂ ਭਾਵ ਸਭਿਅਕ ਭਾਸ਼ਾ ਤੇ 'ਬੋਲੀ' ਤੋਂ ਭਾਵ ਗੰਵਾਰ ਬੋਲੀ ਹੁੰਦਾ ਹੈ।

ਉਪ ਬੋਲੀਆਂ ਦੇ ਸਮੂਹ ਨੂੰ ਬੋਲੀ ਕਹਿੰਦੇ ਹਨ। ਇਸਦੀ ਇਕਾਈ ਉਪਬੋਲੀ ਨਾਲੋਂ ਵੱਡੀ ਹੁੰਦੀ ਹੈ, ਖੇਤਰ ਵੀ ਕੁਝ ਵੱਡਾ ਹੁੰਦਾ ਹੈ ਤੇ ਸਬੋਧਕਤਾ ਦਾ ਵਿਸਥਾਰ ਕੁਝ ਜ਼ਿਆਦਾ ਹੁੰਦਾ ਹੈ। ਇਸੇ ਪ੍ਰਕਾਰ ਬੋਲੀਆਂ ਦੇ ਸਮੂਹ ਨੂੰ ਭਾਸ਼ਾ ਕਿਹਾ ਜਾਂਦਾ ਹੈ। ਕਦੀ ਤਾਂ ਇਕ ਭਾਸ਼ਾ ਦੇ ਭਿੰਨ ਭਿੰਨ ਵਿਕਸਿਤ ਰੂਪ ਖੰਡਿਤ ਹੋ ਕੇ ਬੋਲੀਆਂ ਦਾ ਰੂਪ ਧਾਰਣ ਕਰਦੇ ਹਨ ਅਤੇ ਕਦੀ ਪਰਸਪਰ ਸਬੰਧਿਤ ਬੋਲੀਆਂ ਕਿਸੇ ਵਿਆਪਕ ਬੋਲੀ ਦੇ ਪ੍ਰਭਾਵ ਨੂੰ ਗ੍ਰਹਿਣ ਕਰਦੀਆਂ ਹੋਈਆਂ, ਇਕ ਬਹੁਤ ਵੱਡੀ ਇਕਾਈ ਦੇ ਅੰਤਰਗਤ ਸੰਮਿਲਤ ਹੋ ਜਾਂਦੀਆਂ ਹਨ। ਨਤੀਜੇ ਵਜੋਂ, ਭਾਸ਼ਾ ਬੋਲੀਆਂ ਦਾ ਸਮੂਹ ਬਣ ਜਾਂਦੀ ਹੈ।

ਕਦੀ ਕਦੀ ਕਿਸੇ ਬੋਲੀ ਜਾਂ ਭਾਸ਼ਾ ਦੇ ਭੇਦਾਂ ਦਾ ਇੰਨਾ ਵਿਕਾਸ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਬੋਲੀਆਂ ਵੀ ਕਿਹਾ ਜਾ ਸਕਦਾ ਹੈ ਤੇ ਭਾਸ਼ਾਵਾਂ ਵੀ। ਅਜਿਹੀ ਸਥਿਤੀ ਵਿਚ ਹਰੇਕ ਭਾਸ਼ਾ ਦੇ ਅੰਤਰਗਤ ਕੁਝ ਬੋਲੀਆਂ ਵੀ ਹੁੰਦੀਆਂ ਹਨ। ਪਰੰਤੂ, ਕਦੀ ਅਜਿਹਾ ਵੀ ਹੁੰਦਾ ਹੈ ਕਿ ਇਨ੍ਹਾਂ ਵਿਆਪਕ ਭਾਸ਼ਾ ਭੇਦਾਂ ਉਪਰ ਕਿਸੇ

ਇਕ ਭਾਸ਼ਾ ਦਾ ਸਭਿਆਚਾਰਕ, ਸਾਹਿਤਕ ਅਤੇ ਭਾਸ਼ਾਗਤ ਪ੍ਰਭਾਵ ਵਧੇਰੇ ਪੈ ਜਾਂਦਾ ਹੈ। ਤਦ ਇਨ੍ਹਾਂ ਨੂੰ ਉਸ ਸਰਬਵਿਆਪੀ ਭਾਸ਼ਾ ਦੀਆਂ ਉਪਭਾਸ਼ਾਵਾਂ ਜਾਂ ਬੋਲੀਆਂ ਕਿਹਾ ਜਾਂਦਾ ਹੈ।

ਜੇਕਰ ਬੋਲੀ ਤੇ ਭਾਸ਼ਾ ਦੇ ਪ੍ਰਾਚੀਨ ਪ੍ਰਯੋਗਾਂ 'ਤੇ ਧਿਆਨ ਦਿੱਤਾ ਜਾਵੇ ਤਾਂ ਸਥਿਤੀ ਇਸਦੇ ਬਿਲਕੁਲ ਉਲਟ ਦਿਖਾਈ ਦਿੰਦੀ ਹੈ। ਪ੍ਰਾਚੀਨ ਯੂਨਾਨ ਵਿਚ ਲਿਖਿਤ ਭਾਸ਼ਾ ਦਾ ਇਕ ਰੂਪ ਨਹੀਂ ਸੀ। ਲਿਖਿਤ ਵਿਚ ਵੱਖ ਵੱਖ ਵਿਸ਼ਿਆਂ ਲਈ ਵੱਖ ਵੱਖ ਭਾਸ਼ਾ ਰੂਪਾਂ ਦਾ ਪ੍ਰਯੋਗ ਹੁੰਦਾ ਸੀ, ਜਿਵੇਂ ਇਤਿਹਾਸ ਲਿਖਣ ਲਈ ਆਯਨਿਕ (Ionic), ਸਮੂਹ ਗੀਤ ਲਿਖਣ ਲਈ ਡੋਰਿਕ (Doric), ਅਤੇ ਦੁਖਾਂਤ ਨਾਟਕ ਲਿਖਣ ਲਈ ਐਟਿਕ (Attic) ਆਦ। ਲਿਖਿਤ ਦੇ ਇਨ੍ਹਾਂ ਵਿਭਿੰਨ ਭਾਸ਼ਾ ਰੂਪਾਂ ਨੂੰ ਉਸ ਵਕਤ ਬੋਲੀਆਂ ਕਿਹਾ ਜਾਂਦਾ ਸੀ ਅਤੇ ਯੂਨਾਨੀ ਭਾਸ਼ਾ ਉਸ ਵਕਤ ਇਨ੍ਹਾਂ ਵਿਭਿੰਨ ਸਾਹਿਤਕ ਬੋਲੀਆਂ ਦੇ ਸਮੂਹ ਦਾ ਨਾਂ ਸੀ। ਉੱਤਰ-ਪ੍ਰਾਚੀਨ ਕਾਲ ਵਿਚ ਯੂਨਾਨ ਦੀ ਰਾਜਧਾਨੀ ਅਤੇ ਸਾਂਸਕ੍ਰਿਤਕ ਨਗਰ ਏਥਨਜ਼ ਦਾ ਭਾਸ਼ਾ ਰੂਪ ਕੋਇਨੇ (Koine), ਹੀ ਯੂਨਾਨੀ ਨਾਮ ਨਾਲ ਪ੍ਰਚਲਿਤ ਹੋਇਆ, ਜਿਸਦੇ ਨਤੀਜੇ ਵਜੋਂ ਯੂਨਾਨ ਦੀਆਂ ਹੋਰ ਸਾਹਿਤਕ ਬੋਲੀਆਂ ਦਾ ਨਿਘਾਰ ਹੋ ਗਿਆ ਹੈ ਅਤੇ ਉਹ ਬੋਲਚਾਲ ਤੱਕ ਸੀਮਿਤ ਰਹਿ ਗਈਆਂ।[1]

ਜਿਹੜੇ ਵਿਦਵਾਨ ਆਰੀਆ ਜਾਂ ਦ੍ਰਾਵੜ ਪਰਿਵਾਰ ਦੀਆਂ ਭਾਸ਼ਾਵਾਂ ਨੂੰ ਕਿਸੇ ਆਦ-ਆਰੀਆ ਜਾਂ ਦ੍ਰਾਵੜ ਭਾਸ਼ਾ ਤੋਂ ਉਪਜੀਆਂ ਮੰਨਦੇ ਹਨ, ਉਹ ਇਨ੍ਹਾਂ ਨੂੰ ਬੋਲੀਆਂ ਅਤੇ ਇਨ੍ਹਾਂ ਦੀ ਜਨਮ-ਦਾਤੀ ਨੂੰ ਭਾਸ਼ਾ ਮੰਨਦੇ ਹਨ। ਇਹ ਵਿਆਖਿਆ ਗ਼ਲਤ ਹੈ ਕਿਉਂਕਿ ਇਸਦਾ ਕੋਈ ਸਬੂਤ ਨਹੀਂ ਮਿਲਦਾ ਕਿ ਕਿਸੇ ਪਰਿਵਾਰ ਦੀਆਂ ਭਾਸ਼ਾਵਾਂ ਕਿਸੇ ਆਦ-ਭਾਸ਼ਾ ਵਿਚੋਂ ਉਪਜੀਆਂ ਹੋਣ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਕੋਈ ਮੂਲ ਭਾਸ਼ਾ ਆਪਣੇ ਖੇਤਰ ਤੋਂ ਬਾਹਰ ਜਦ ਵਿਸ਼ਾਲ ਪ੍ਰਦੇਸ਼ ਵਿਚ ਫੈਲਦੀ ਹੈ ਤਾਂ ਉਸ ਵਿਚ ਸਥਾਨਕ ਭੇਦ ਉਤਪੰਨ ਹੋ ਜਾਂਦੇ ਹਨ, ਜਿਵੇਂ ਅਪਭ੍ਰੰਸ਼ ਸਾਰੇ ਉੱਤਰੀ ਭਾਰਤ ਵਿਚ ਫੈਲ ਗਈ ਅਤੇ ਉਸਦੇ ਸਥਾਨਕ ਭੇਦਾਂ ਵਿਚੋਂ ਆਧੁਨਿਕ ਭਾਸ਼ਾਵਾਂ ਦਾ ਜਨਮ ਹੋਇਆ। ਅਪਭ੍ਰੰਸ਼ ਦਾ ਇਹ ਉਦਾਹਰਣ ਵੀ ਬਹੁਤਾ ਠੀਕ ਨਹੀਂ ਜਾਪਦਾ ਕਿਉਂਕਿ ਭਾਰਤ ਦੀਆਂ ਆਧੁਨਿਕ ਭਾਸ਼ਾਵਾਂ ਦੇ ਵਿਆਕਰਣਕ ਰੂਪ ਉਸ ਵਿਚ ਨਹੀਂ ਮਿਲਦੇ। ਜਰਮਨ ਭਾਸ਼ੀ ਏਂਗਲ ਅਤੇ ਸੈਕਸਨ ਜਾਤੀਆਂ ਜਦ ਇੰਗਲੈਂਡ ਪਹੁੰਚੀਆਂ ਤਾਂ ਉਥੇ ਅੰਗਰੇਜ਼ੀ ਦਾ ਵਿਕਾਸ ਹੋਇਆ। ਕੀ ਅਸੀਂ ਅੰਗਰੇਜ਼ੀ ਨੂੰ ਜਰਮਨ ਭਾਸ਼ਾ ਦੀ ਬੋਲੀ ਕਹਾਂਗੇ ? ਅਜਿਹਾ ਕਹਿਣਾ ਗ਼ਲਤ ਹੈ ਕਿਉਂਕਿ ਏਂਗਲ ਅਤੇ ਸੈਕਸਨਾਂ ਦੀ ਕੋਈ ਨਿਸ਼ਚਿਤ ਜਰਮਨ ਭਾਸ਼ਾ ਨਹੀਂ ਸੀ। ਦਰਅਸਲ ਪੂਰਨ ਭਾਸ਼ਾ ਦੇ ਰੂਪ ਵਿਚ ਅੰਗਰੇਜ਼ੀ ਜਰਮਨ ਦੇ ਪਿਛੇ ਵਿਕਸਿਤ ਨਹੀਂ ਹੋਈ।

ਗਰੀਅਰਸਨ ਨੇ ਬੋਲੀ ਤੇ ਭਾਸ਼ਾ ਦਾ ਨਿਖੇੜਾ ਕਰਦੇ ਹੋਏ ਲਿਖਿਆ ਹੈ ਕਿ

ਸਰਵੇਖਣ ਦਾ ਕੰਮ ਕਰਦੇ ਸਮੇਂ ਇਹ ਨਿਸ਼ਚਿਤ ਕਰਨ ਵਿਚ ਕਾਫ਼ੀ ਔਕੜ ਪੇਸ਼ ਆਈ ਕਿ ਵਾਸਤਵ ਵਿਚ ਇਕ ਭਾਸ਼ਾ ਸੁਤੰਤਰ ਭਾਸ਼ਾ ਹੈ ਜਾਂ ਕਿਸੇ ਹੋਰ ਭਾਸ਼ਾ ਦੀ ਬੋਲੀ। ਇਸ ਸੰਬੰਧ ਵਿਚ ਇਸ ਪ੍ਰਕਾਰ ਦਾ ਨਿਰਣਾ ਦੇਣਾ, ਜਿਸਨੂੰ ਸਾਰੇ ਲੋਕ ਸਵੀਕਾਰ ਕਰ ਲੈਣ, ਕਠਿਨ ਹੈ। ਭਾਸ਼ਾ ਅਤੇ ਬੋਲੀ ਦਾ ਇਹ ਸੰਬੰਧ ਇੰਜ ਹੀ ਹੈ ਜਿਵੇਂ ਪਹਾੜ ਅਤੇ ਪਹਾੜੀ ਦਾ। ਇਹ ਨਿਰਸੰਕੋਚ ਕਿਹਾ ਜਾ ਸਕਦਾ ਹੈ ਕਿ ਐਵਰੈਸਟ ਪਹਾੜ ਹੈ ਅਤੇ ਹਾਲਬਰਨ ਪਹਾੜੀ। ਪਰੰਤੂ, ਦੋਹਾਂ ਵਿਚਲੀ ਵੰਡ-ਰੇਖਾ ਨੂੰ ਨਿਸ਼ਚਿਤ ਰੂਪ ਵਿਚ ਦਸਣਾ ਕਠਿਨ ਹੈ। ਇਸ ਤੋਂ ਇਲਾਵਾ ਕਦੀ ਕਦੀ ਦਾਰਜੀਲਿੰਗ ਦੇ ਪਹਾੜ ਨੂੰ, ਜੋ 7500 ਫੁੱਟ ਉੱਚਾ ਹੈ ਪਹਾੜੀ ਅਤੇ ਸਮੋਡਨ ਨੂੰ ਜੋ ਕੇਵਲ 3500 ਫੁੱਟ ਉੱਚਾ ਹੈ ਪਹਾੜ ਕਹਿ ਦਿੱਤਾ ਜਾਂਦਾ ਹੈ। ਭਾਸ਼ਾ ਤੇ ਬੋਲੀ ਦਾ ਸੰਬੰਧ ਵੀ ਇਸੇ ਪ੍ਰਕਾਰ ਦਾ ਹੈ।[2]

ਬੋਲੀ ਤੇ ਭਾਸ਼ਾ ਦਾ ਅੰਤਰ ਸਮਾਜਕ ਵਿਕਾਸ-ਕ੍ਰਮ ਵਿਚੋਂ ਵੀ ਉਤਪੰਨ ਹੁੰਦਾ ਹੈ। ਸਮਾਜਕ ਵਿਕਾਸ-ਕ੍ਰਮ ਦੀਆਂ ਕਈ ਮੰਜ਼ਿਲਾਂ ਵਿਚੋਂ ਕਿਸੇ ਇਕ ਬੋਲੀ ਦੇ ਆਧਾਰ 'ਤੇ ਅਨੇਕ ਬੋਲੀਆਂ ਦੇ ਖੇਤਰਾਂ ਵਿਚ ਇਕ ਨਿਸ਼ਚਿਤ ਭਾਸ਼ਾ ਦਾ ਵਿਕਾਸ ਅਤੇ ਪਾਸਾਰ ਹੁੰਦਾ ਹੈ। ਇਕ ਭਾਸ਼ਾ ਦੀਆਂ ਬੋਲੀਆਂ ਉਹ ਨਹੀਂ ਹੁੰਦੀਆਂ, ਜੋ ਉਸ ਭਾਸ਼ਾ ਦੇ ਪਰਿਵਾਰ ਦੀਆਂ ਹੋਣ। ਭਿੰਨ ਭਿੰਨ ਭਾਸ਼ਾ ਪਰਿਵਾਰਾਂ ਦੀਆਂ ਬੋਲੀਆਂ ਨੂੰ ਸਮਾਜਕ ਕਾਰਣਾਂ ਕਰਕੇ ਕਈ ਵਾਰ ਗੁਆਂਢੀ ਜਾਤੀ ਦੀ ਅਧੀਨਤਾ ਸਵੀਕਾਰ ਕਰਨੀ ਪੈਂਦੀ ਹੈ।

ਜਿਸ ਅਵਸਥਾ ਵਿਚ ਉਤਪਾਦਨ ਦੇ ਸਾਧਨ ਬਹੁਤ ਪੱਛੜੇ ਹੁੰਦੇ ਹਨ, ਵੰਡ ਦੇ ਲਈ ਵਿਸ਼ੇਸ਼ ਭੌਤਿਕ ਮੁੱਲ ਪ੍ਰਾਪਤ ਨਹੀਂ ਹੁੰਦੇ, ਉਸ ਵਿਚ ਮਾਨਵ ਸਮਾਜ ਛੋਟੇ ਛੋਟੇ ਸਮੂਹਾਂ ਵਿਚ ਵੰਡਿਆ ਜਾਂਦਾ ਹੈ। ਐਸੀ ਹਾਲਤ ਵਿਚ ਹਰ ਬਾਰਾਂ ਕੋਹ 'ਤੇ ਬਦਲਣ ਵਾਲੀਆਂ ਬੋਲੀਆਂ ਹੀ ਦਿਖਾਈ ਦੇਂਦੀਆਂ ਹਨ। ਬਹੱਤਰ ਕੋਹ ਦੇ ਦਾਇਰੇ ਵਿਚ ਬੋਲੀ ਅਤੇ ਸਮਝੇ ਜਾਣ ਯੋਗ ਭਾਸ਼ਾ ਦੀ ਲੋੜ ਨਹੀਂ ਹੁੰਦੀ। ਲੋਕਾਂ ਵਿਚ ਪਰਸਪਰ ਲੋੜ ਉਤਪੰਨ ਹੋਣ ਤੇ ਹੀ ਉਨ੍ਹਾਂ ਦੀ ਕਿਸੇ ਬੋਲੀ ਦੇ ਆਧਾਰ 'ਤੇ ਨਿਸ਼ਚਿਤ ਭਾਸ਼ਾ ਉਤਪੰਨ ਹੁੰਦੀ ਹੈ। ਭਾਸ਼ਾਵਾਂ ਦੇ ਸੰਬੰਧ ਵਿਚ ਜਿੰਨੀ ਵੀ ਸਾਮੱਗ੍ਰੀ ਮਿਲਦੀ ਹੈ, ਉਸਤੋਂ ਇਹੀ ਸਿੱਧ ਹੁੰਦਾ ਹੈ ਕਿ ਬੋਲੀ ਦੇ ਆਧਾਰ 'ਤੇ ਨਿਸ਼ਚਿਤ ਭਾਸ਼ਾ ਦਾ ਵਿਕਾਸ ਹੁੰਦਾ ਹੈ, ਨਿਸ਼ਚਿਤ ਭਾਸ਼ਾ ਵਿਚੋਂ ਬੋਲੀਆਂ ਉਤਪੰਨ ਨਹੀਂ ਹੁੰਦੀਆਂ। ਦੋ ਭਾਸ਼ਾਵਾਂ ਜਾਂ ਬੋਲੀਆਂ ਦੇ ਮਿਸ਼੍ਰਣ ਤੋਂ ਉਤਪੰਨ ਹੋਣ ਵਾਲੇ ਰੂਪਾਂ ਦੀ ਗੱਲ ਅਲਹਿਦਾ ਹੈ। ਖੜੀ ਬੋਲੀ ਦੇ ਆਧਾਰ 'ਤੇ ਹਿੰਦੀ ਵਿਕਸਿਤ ਹੋਈ; ਲੰਡਨ (ਮਿਡਲੈਂਡ) ਦੀ ਬੋਲੀ ਦੇ ਆਧਾਰ 'ਤੇ ਅੰਗਰੇਜ਼ੀ ਅਤੇ ਮਾਸਕੋ ਦੀ ਬੋਲੀ ਦੇ ਆਧਾਰ 'ਤੇ ਰੂਸੀ ਵਿਕਸਿਤ ਹੋਈ। ਇੰਗਲੈਂਡ, ਰੂਸ ਅਤੇ ਹਿੰਦ ਪ੍ਰਦੇਸ਼ ਦੀਆਂ ਬੋਲੀਆਂ ਅੰਗਰੇਜ਼ੀ, ਰੂਸੀ, ਹਿੰਦੀ ਆਦ ਤੋਂ ਉਤਪੰਨ ਨਹੀਂ ਹੋਈਆਂ। ਭਾਸ਼ਾ ਅਤੇ ਬੋਲੀ ਦਾ ਇਹ ਅੰਤਰ ਜਗੀਰਦਾਰੀ ਵਿਵਸਥਾ ਵਿਚ ਬਰਾਬਰ ਬਣਿਆ ਰਹਿੰਦਾ

ਹੈ। ਪੂੰਜੀਵਾਦੀ ਵਿਵਸਥਾ ਵਿਚ ਮਹਾਂਜਾਤੀਆਂ ਦਾ ਗਠਨ ਹੁੰਦਾ ਹੈ ਤੇ ਕਿਸੇ ਇਕ ਬੋਲੀ ਦੇ ਆਧਾਰ 'ਤੇ ਜਾਤੀ ਭਾਸ਼ਾ ਦਾ ਵਿਕਾਸ ਹੁੰਦਾ ਹੈ ਅਤੇ ਦੂਸਰੀਆਂ ਲਘੂਜਾਤੀਆਂ ਦੀਆਂ ਭਾਸ਼ਾਵਾਂ ਬੋਲੀ ਮਾਤਰ ਰਹਿ ਜਾਂਦੀਆਂ ਹਨ। ਜਿਵੇਂ ਜਿਵੇਂ ਸਮਾਜਕ ਗਠਨ ਦੇ ਰੂਪ ਵਿਚ ਅਸੀਂ ਲਘੂਜਾਤੀ ਤੋਂ ਮਹਾਂਜਾਤੀ ਵੱਲ ਵੱਧ ਵੱਧਦੇ ਹਾਂ, ਤਿਵੇਂ ਤਿਵੇਂ ਭਾਸ਼ਾ ਦਾ ਖੇਤਰ ਵੀ ਲਘੂ ਤੋਂ ਵਿਸ਼ਾਲ ਹੁੰਦਾ ਜਾਂਦਾ ਹੈ। ਕਿਸੇ ਵੀ ਬੋਲੀ ਜਾਂ ਭਾਸ਼ਾ ਦੀਆਂ ਸੀਮਾਵਾਂ ਅਚੱਲ ਜਾਂ ਸਥਿਰ ਨਹੀਂ ਹੁੰਦੀਆਂ। ਜਿਸਨੂੰ ਅੱਜ ਭਾਸ਼ਾ ਕਿਹਾ ਜਾਂਦਾ ਹੈ ਉਹ ਕੁਝ ਹੋਰ ਪਰਸਥਿਤੀਆਂ ਵਿਚ ਬੋਲੀ ਮਾਤਰ ਰਹਿ ਸਕਦੀ ਹੈ। ਜਿਸਨੂੰ ਅੱਜ ਬੋਲੀ ਕਹਿੰਦੇ ਹਨ ਉਹ ਕੱਲ ਨੂੰ ਭਾਸ਼ਾ ਬਣ ਸਕਦੀ ਹੈ। ਪਹਿਲੇ ਫ਼ਰਾਂਸ ਦੀ ਸਾਹਿਤਕ ਭਾਸ਼ਾ ਪ੍ਰੋਵੰਸਾਲ (Provencal) ਸੀ। ਪੂੰਜੀਵਾਦੀ ਵਿਕਾਸ ਦੇ ਕੇਂਦਰ ਉੱਤਰ ਫ਼ਰਾਂਸ ਵਿਚ ਹੋਣ ਕਾਰਨ, ਉੱਤਰ ਦੀ ਬੋਲੀ ਭਾਸ਼ਾ ਬਣ ਗਈ ਅਤੇ ਪ੍ਰੋਵੰਸਾਲ ਭਾਸ਼ਾ ਤੋਂ ਬੋਲੀ ਰਹਿ ਗਈ।[3] ਉੱਤਰੀ ਭਾਰਤ ਦਾ ਬਹੁਤ ਸਾਰਾ ਸਾਹਿਤ ਬ੍ਰਜ ਭਾਸ਼ਾ ਵਿਚ ਰਚਿਆ ਮਿਲਦਾ ਹੈ ਪਰ ਜਾਤੀ ਵਿਕਾਸ ਦੀਆਂ ਵਿਸ਼ੇਸ਼ ਪਰਿਸਥਿਤੀਆਂ ਵਿਚ ਖੜੀ ਬੋਲੀ ਤਾਂ ਭਾਸ਼ਾ ਬਣ ਗਈ ਅਤੇ ਬ੍ਰਜ ਭਾਸ਼ਾ ਬੋਲੀ ਦੇ ਰੂਪ ਵਿਚ ਰਹਿ ਗਈ।

ਇਸ ਸੰਬੰਧ ਵਿਚ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਖੜੀ ਬੋਲੀ ਦਾ ਸੰਬੰਧ ਜਿੰਨਾ ਪੰਜਾਬੀ ਨਾਲ ਹੈ, ਬ੍ਰਜ ਦਾ ਜਿੰਨਾ ਸੰਬੰਧ ਰਾਜਸਥਾਨੀ ਅਤੇ ਗੁਜਰਾਤੀ ਨਾਲ ਅਤੇ ਮੈਥਿਲੀ ਦਾ ਜਿੰਨਾ ਸੰਬੰਧ ਬੰਗਾਲੀ ਨਾਲ ਹੈ, ਓਨਾ ਆਪਸ ਵਿਚ ਇਕ ਦੂਸਰੇ ਨਾਲ ਨਹੀਂ। ਇਸ ਗੱਲ ਨੂੰ ਜੇਕਰ ਸਹੀ ਮੰਨ ਲਿਆ ਜਾਵੇ ਤਾਂ ਵੀ ਖੜੀ ਬੋਲੀ ਨੂੰ ਪੰਜਾਬੀ ਦੀ ਬੋਲੀ, ਬ੍ਰਜ ਨੂੰ ਰਾਜਸਥਾਨੀ ਦੀ ਬੋਲੀ ਅਤੇ ਮੈਥਿਲੀ ਨੂੰ ਬੰਗਾਲੀ ਦੀ ਬੋਲੀ ਨਹੀਂ ਮੰਨਿਆ ਜਾ ਸਕਦਾ। ਕਿਸੇ ਸਮੇਂ ਆਸਾਮੀ ਅਤੇ ਉੜੀਆਂ ਨੂੰ ਬੰਗਾਲੀ ਦੀਆਂ ਬੋਲੀਆਂ ਮੰਨਿਆ ਜਾਂਦਾ ਸੀ। ਪਰ ਹੁਣ ਇਹ ਸੁਤੰਤਰ ਭਾਸ਼ਾਵਾਂ ਹਨ। ਇਹੀ ਹਾਲ ਡੋਗਰੀ ਦਾ ਹੈ। ਪਹਿਲਾਂ ਇਸਨੂੰ ਪੰਜਾਬੀ ਦੀ ਬੋਲੀ ਮੰਨਿਆ ਜਾਂਦਾ ਸੀ, ਪਰ ਹੁਣ ਇਕ ਸੁਤੰਤਰ ਭਾਸ਼ਾ।

ਦਰਅਸਲ ਸਮਾਨਾਂਤਰ ਚੱਲਣ ਵਾਲੇ ਵਿਭਿੰਨ ਭਾਸ਼ਾ ਰੂਪਾਂ ਵਿਚੋਂ ਕਿਸੇ ਇਕ ਰੂਪ ਨੂੰ ਮਾਨਤਾ ਪ੍ਰਾਪਤ ਹੋ ਜਾਂਦੀ ਹੈ ਤਾਂ ਦੂਸਰੇ ਭਾਸ਼ਾ ਰੂਪ ਆਪਣੀਆਂ ਸਾਹਿਤਕ ਵਿਸ਼ੇਸ਼ਤਾਵਾਂ ਗੁਆਉਣ ਲਗਦੇ ਹਨ ਅਤੇ ਵਕਤ ਦੇ ਚੱਕਰ ਵਿਚ ਉਹ ਕੇਵਲ ਬੋਲਚਾਲ ਦੇ ਰੂਪ ਅਰਥਾਤ ਬੋਲੀਆਂ ਬਣ ਕੇ ਰਹਿ ਜਾਂਦੇ ਹਨ। ਉਦਾਹਰਣ ਵਜੋਂ, ਲਹਿੰਦੀ ਕਿਸੇ ਵਕਤ ਸਾਹਿਤਕ ਪੰਜਾਬੀ ਦੇ ਰੂਪ ਵਿਚ ਪ੍ਰਚਲਿਤ ਸੀ ਪਰ ਜਿਉਂ ਹੀ ਵਪਾਰਕ ਤੇ ਸਿਖਿਆ ਦੇ ਕੇਂਦਰ ਲਾਹੌਰ ਤੇ ਇਸਦੇ ਆਸ-ਪਾਸ ਉਸਰਨੇ ਸ਼ੁਰੂ ਹੋ ਗਏ ਤਾਂ ਲਹਿੰਦੀ ਦਾ ਨਿਘਾਰ ਹੋਣਾ ਸ਼ੁਰੂ ਹੋ ਗਿਆ ਤੇ ਲਾਹੌਰ, ਅੰਮ੍ਰਿਤਸਰ ਦੀ ਬੋਲੀ ਮਾਝੀ ਕੇਂਦਰੀ ਰੂਪ ਧਾਰਨ ਕਰ ਗਈ। 1947 ਦੀ ਭਾਰਤ-ਪਾਕ ਵੰਡ ਤੋਂ ਬਾਅਦ ਮਾਝੇ ਦਾ ਕੇਂਦਰੀ ਇਲਾਕਾ ਵੰਡਿਆ ਗਿਆ। ਲਾਹੌਰ ਪਾਕਿਸਤਾਨ

ਵਿਚ ਰਹਿ ਗਿਆ ਤੇ ਅੰਮ੍ਰਿਤਸਰ ਸਰਹੱਦ ਉਪਰ ਆ ਗਿਆ। ਇਸ ਸਮੇਂ ਪੰਜਾਬ ਦੇ ਸਮਾਜਕ, ਰਾਜਨੀਤਿਕ ਤੇ ਆਰਥਕ ਹਾਲਾਤ ਉਪਰ ਮਾਲਵੇ ਦਾ ਪ੍ਰਭਾਵ ਵਧ ਜਾਣ ਕਾਰਣ ਮਲਵਈ ਬੋਲੀ ਨੂੰ ਕੇਂਦਰੀ ਭਾਸ਼ਾ ਬਣਾਉਣ ਉਪਰ ਜ਼ੋਰ ਦਿੱਤਾ ਜਾ ਰਿਹਾ ਹੈ।

ਬੋਲੀ ਭਾਸ਼ਾ ਸ਼੍ਰੇਣੀ ਦੇ ਸੰਬੰਧ ਵਿਚ ਕੁਝ ਹੋਰ ਸ਼ਬਦਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਜਿਵੇਂ ਸਥਾਨਕ ਬੋਲੀ (local dialect), ਖੇਤਰੀ ਭਾਸ਼ਾ (regional language), ਮਿਆਰੀ ਭਾਸ਼ਾ (standard language) ਆਦ। ਕਦੀ ਕਦੀ ਬੋਲੀ ਭਾਸ਼ਾ ਸੰਦਰਭ ਵਿਚ ਉਪਭਾਸ਼ਾ, ਉਪਬੋਲੀ, ਵਿਅਕਤੀ ਬੋਲੀ (ideolect) ਆਦ ਸ਼ਬਦਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ, ਜਦ ਕਿ ਵਰਤੋਂ ਵਿਚ ਉਨ੍ਹਾਂ ਦੀ ਭਿੰਨ ਪ੍ਰਕਿਰਤੀ ਜਾਂ ਭਾਸ਼ਾਈ ਸਥਿਤੀ ਦਾ ਸਪਸ਼ਟ ਸੰਕੇਤ ਨਹੀਂ ਹੁੰਦਾ।

ਬੋਲੀ ਭਾਸ਼ਾ ਦੀ ਵਿਗਿਆਨਕ ਸੰਕਲਪਨਾ:

ਭਾਸ਼ਾ ਵਿਗਿਆਨ ਦੀਆਂ ਦੋ ਪ੍ਰਮੁੱਖ ਸ਼ਾਖਾਵਾਂ ਹਨ: ਇਕਾਲਕ ਭਾਸ਼ਾ ਵਿਗਿਆਨ (synchronic linguistics), ਅਤੇ ਦੁਕਾਲਕ ਭਾਸ਼ਾ-ਵਿਗਿਆਨ (diachronic linguistics)। ਭਾਸ਼ਾ ਵਿਗਿਆਨ ਦੀਆਂ ਇਨ੍ਹਾਂ ਸ਼ਾਖਾਵਾਂ ਵਿਚ ਬੋਲੀ ਭਾਸ਼ਾ ਦੀ ਸੰਕਲਪਨਾ ਸਮਾਨ ਨਹੀਂ।

ਇਕਾਲਕ ਭਾਸ਼ਾ ਵਿਗਿਆਨ ਵਿਚ ਭਾਸ਼ਾ ਉਸ ਇਕ ਜਾਂ ਵਧੇਰੇ ਸਮ-ਸੰਰਚਨਾਤਮਕ ਭਾਸ਼ਾ ਰੂਪਾਂ ਦਾ ਸਮੂਹ ਹੁੰਦੀ ਹੈ, ਜਿਹੜੇ ਪਰਸਪਰ ਸਬੋਧਕ ਹੁੰਦੇ ਹਨ। ਇਕ ਹੀ ਭਾਸ਼ਾ ਦੀਆਂ ਇਨ੍ਹਾਂ ਸਬੋਧਕ ਇਕਾਈਆਂ ਨੂੰ ਉਸ ਭਾਸ਼ਾ ਦੀਆਂ ਬੋਲੀਆਂ ਕਿਹਾ ਜਾਂਦਾ ਹੈ। ਇਸ ਪ੍ਰਕਾਰ ਇਕਾਲਕ ਭਾਸ਼ਾ ਵਿਗਿਆਨ ਵਿਚ ਭਾਸ਼ਾ ਸਮੂਹ ਸੂਚਕ ਅਤੇ ਬੋਲੀ ਇਕਾਲਕ ਸਮੂਹ ਇਕਾਈ ਸੂਚਕ ਸ਼ਬਦ ਹੈ।

ਇਕਾਲਕ ਭਾਸ਼ਾ ਵਿਗਿਆਨ ਵਿਚ ਵਿਭਿੰਨ ਭਾਸ਼ਾ ਰੂਪਾਂ (ਬੋਲੀਆਂ) ਨੂੰ ਭਾਸ਼ਾ ਸਮੂਹਾਂ (ਭਾਸ਼ਾਵਾਂ) ਵਿਚ ਰੱਖਣ ਲਈ ਸਬੋਧਕਤਾ ਨੂੰ ਆਧਾਰ ਬਣਾਇਆ ਜਾਂਦਾ ਹੈ ਅਤੇ ਅਜਿਹਾ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਭਾਸ਼ਾ ਰੂਪਾਂ ਵਿਚ ਪਾਈ ਜਾਣ ਵਾਲੀ ਸਬੋਧਕਤਾ ਉਨ੍ਹਾਂ ਵਿਚ ਮੌਜੂਦ ਸੰਰਚਨਾਤਮਕ ਸਮਾਨਤਾ ਦੇ ਨਤੀਜੇ ਵਜੋਂ ਹੈ। ਉਦਾਹਰਣ ਵਜੋਂ, ਮਾਝੀ, ਮਲਵਈ, ਦੁਆਬੀ, ਪੋਠੋਹਾਰੀ ਆਦ ਨੂੰ ਪੰਜਾਬੀ ਦੀਆਂ ਬੋਲੀਆਂ ਮੰਨਣ ਦਾ ਅਰਥ ਇਹ ਹੈ ਕਿ ਇਨ੍ਹਾਂ ਭਾਸ਼ਾ ਰੂਪਾਂ ਵਿਚ ਇੰਨੀ ਸੰਰਚਨਾਤਮਕ ਸਮਾਨਤਾ ਹੈ ਕਿ ਇਕ ਇਲਾਕੇ ਦੇ ਬੋਲਣਹਾਰੇ ਬਿਨਾਂ ਕਿਸੇ ਖ਼ਾਸ ਸਿਖਲਾਈ ਦੇ ਇਕ ਦੂਸਰੇ ਦੀ ਗੱਲ ਸਮਝ ਸਕਦੇ ਹਨ।

ਦੁਕਾਲਕ ਭਾਸ਼ਾ ਵਿਗਿਆਨ ਵਿਚ ਭਾਸ਼ਾ ਤੋਂ ਭਾਵ ਸਰੋਤ ਤੋਂ ਹੈ। ਇਕ ਹੀ ਸਰੋਤ ਤੋਂ ਉਤਪੰਨ ਭਾਸ਼ਾ ਰੂਪਾਂ ਨੂੰ ਪਰਸਪਰ ਸੰਬੰਧਿਤ ਸਮਝਿਆ ਜਾਂਦਾ ਹੈ। ਇਨ੍ਹਾਂ ਸੰਬੰਧਿਤ ਸਮਝੇ ਜਾਣ ਵਾਲੇ ਭਾਸ਼ਾ ਰੂਪਾਂ ਨੂੰ ਉਸ ਸਰੋਤ ਭਾਸ਼ਾ ਦੀਆਂ

ਬੋਲੀਆਂ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਦੁਕਾਲਕ ਭਾਸ਼ਾ ਵਿਗਿਆਨ ਵਿਚ ਭਾਸ਼ਾ ਸਰੋਤ ਅਤੇ ਬੋਲੀ ਸਮ-ਖੇਤਰੀ ਧਾਰਾ ਦੇ ਭਾਵ ਨੂੰ ਪ੍ਰਗਟ ਕਰਦੇ ਹਨ।

ਦੁਕਾਲਕ ਭਾਸ਼ਾ ਵਿਗਿਆਨ ਵਿਚ ਬੋਲੀਆਂ ਨੂੰ ਭਾਸ਼ਾਵਾਂ ਵਿਚ ਵੰਡਣ ਦਾ ਆਧਾਰ ਸਬੋਧਕਤਾ ਨਹੀਂ, ਇਸ ਕਰਕੇ ਅਜਿਹੇ ਭਾਸ਼ਾ ਰੂਪ ਜੋ ਪੂਰਣ ਰੂਪ ਵਿਚ ਨਿਰਬੋਧਕ ਹਨ (ਅਰਥਾਤ ਪੂਰਣ ਰੂਪ ਵਿਚ ਅਲੱਗ ਭਾਸ਼ਾਵਾਂ ਹਨ) ਉਨ੍ਹਾਂ ਨੂੰ ਵੀ ਇਕ ਹੀ ਭਾਸ਼ਾ ਦੀਆਂ ਬੋਲੀਆਂ ਮੰਨਿਆ ਜਾਵੇਗਾ। ਉਦਾਹਰਣ ਵਜੋਂ ਗ੍ਰੀਕ, ਲੈਟਿਨ ਅਤੇ ਸੰਸਕ੍ਰਿਤ ਜੋ ਪੂਰਣ ਰੂਪ ਵਿਚ ਵਿਭਿੰਨ ਭਾਸ਼ਾਵਾਂ ਹਨ ਉਨ੍ਹਾਂ ਨੂੰ ਇਕੋ ਭਾਸ਼ਾ ਦੀਆਂ ਬੋਲੀਆਂ ਮੰਨਿਆ ਜਾਵੇਗਾ। ਇਸ ਤਰ੍ਹਾਂ ਆਧੁਨਿਕ ਆਰੀਆ ਭਾਸ਼ਾਵਾਂ ਗੁਜਰਾਤੀ, ਮਰਾਠੀ, ਹਿੰਦੀ ਆਦ ਨੂੰ ਸ਼ੌਰਸੈਨੀ ਅਪਭ੍ਰੰਸ਼ ਦੀਆਂ ਬੋਲੀਆਂ ਮੰਨਿਆ ਜਾਵੇਗਾ।

ਜ਼ਰਾ ਡੂੰਘਾਈ ਵਿਚ ਜਾ ਕੇ ਦੇਖਿਆ ਜਾਵੇ ਤਾਂ ਬੋਲੀ ਭਾਸ਼ਾ ਸੰਪਰਕ ਦੇ ਸੰਬੰਧ ਵਿਚ ਇਕਾਲਕ ਅਤੇ ਦੁਕਾਲਕ ਭਾਸ਼ਾ ਵਿਗਿਆਨ ਵਿਚ ਕੇਵਲ ਸਮੇਂ ਦਾ ਅੰਤਰ ਹੈ। ਇਕਾਲਕ ਭਾਸ਼ਾ ਵਿਗਿਆਨ ਇਕ ਭਾਸ਼ਾ ਦੀਆਂ ਸੀਮਿਤ ਸਥਾਨ ਵਿਚ ਫੈਲੀਆਂ ਹੋਈਆਂ ਬੋਲੀਆਂ ਵਿਚ ਤੱਤਕਾਲੀਨ ਸੰਰਚਨਾਤਮਕ ਸਮਾਨਤਾ ਦੇਖਦਾ ਹੈ, ਜਦੋਂ ਕਿ ਦੁਕਾਲਕ ਭਾਸ਼ਾ ਵਿਗਿਆਨ ਵਿਚ ਇਹ ਮੰਨਿਆ ਜਾਂਦਾ ਹੈ ਕਿ ਇਕ ਸਰੋਤ ਤੋਂ ਉਤਪੰਨ ਜੋ ਭਾਸ਼ਾਵਾਂ ਅੱਜ ਪਰਸਪਰ ਭਿੰਨ ਜਾਪਦੀਆਂ ਹਨ ਉਹ ਕਦੀ ਉਸ ਸਰੋਤ ਭਾਸ਼ਾ ਦੀਆਂ ਬੋਲੀਆਂ ਰਹੀਆਂ ਹੋਣਗੀਆਂ ਅਤੇ ਉਨ੍ਹਾਂ ਦੀਆਂ ਸੰਰਚਨਾਵਾਂ ਵਿਚ ਸਮਾਨਤਾ ਤੇ ਪਰਸਪਰ ਸਬੋਧਕਤਾ ਰਹੀ ਹੋਵੇਗੀ। ਇਸ ਪ੍ਰਕਾਰ ਦੇਖਿਆ ਜਾਵੇ ਤਾਂ ਆਧੁਨਿਕ ਭਾਸ਼ਾ ਵਿਗਿਆਨ ਵਿਚ ਬੋਲੀ ਭਾਸ਼ਾ ਦੀ ਸੰਕਲਪਨਾ ਅਤੇ ਉਸਦੇ ਸੰਬੰਧ ਵਿਚ ਸੰਰਚਨਾਤਮਕ ਸਮਾਨਤਾ ਤੇ ਉਸਦੇ ਨਤੀਜੇ ਵਜੋਂ ਉਸ ਵਿਚ ਪਾਈ ਜਾਣ ਵਾਲੀ ਸਬੋਧਕਤਾ ਹੈ।

ਸਾਪੇਖ ਦ੍ਰਿਸ਼ਟੀ ਤੋਂ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਨੂੰ ਬੋਲੀ ਤੋਂ ਵੱਖ ਕਰਨ ਦੀ ਕਸੌਟੀ ਸਬੋਧਕਤਾ ਹੈ; ਅਰਥਾਤ ਜੇਕਰ ਦੋ ਇਲਾਕਿਆਂ ਦੇ ਅਸਿੱਖਿਅਤ/ਅਪ੍ਰਭਾਵਿਤ ਵਿਅਕਤੀ ਇਕ ਦੂਸਰੇ ਦੀ ਬੋਲੀ ਨੂੰ ਨਹੀਂ ਸਮਝ ਸਕਦੇ ਤਾਂ ਉਨ੍ਹਾਂ ਦੀਆਂ ਬੋਲੀਆਂ ਦੋ ਭਾਸ਼ਾਵਾਂ ਹਨ; ਜੇਕਰ ਜ਼ਿਆਦਾਤਰ ਗੱਲਬਾਤ ਸਮਝ ਲੈਂਦੇ ਹਨ ਤਾਂ ਉਨ੍ਹਾਂ ਦੀਆਂ ਬੋਲੀਆਂ ਇਕ ਹੀ ਭਾਸ਼ਾ ਦੀਆਂ ਦੋ ਬੋਲੀਆਂ ਹਨ। ਜਿਵੇਂ ਇਕ ਬੰਗਾਲੀ ਅਤੇ ਪੰਜਾਬੀ ਆਪਣੀ ਆਪਣੀ ਮਾਤਭਾਸ਼ਾ ਵਿਚ ਪਰਸਪਰ ਗੱਲਬਾਤ ਕਰਨ ਤਾਂ ਇਕ ਦੂਸਰੇ ਦੇ ਪੱਲੇ ਕੁਝ ਨਹੀਂ ਪਏਗਾ। ਇਸ ਲਈ ਪੰਜਾਬੀ ਅਤੇ ਬੰਗਾਲੀ ਨੂੰ ਦੋ ਭਾਸ਼ਾਵਾਂ ਮੰਨਿਆ ਜਾਵੇਗਾ। ਇਸਦੇ ਉਲਟ ਝਾਂਸੀ ਜ਼ਿਲ੍ਹੇ ਦੀ ਬੁੰਦੇਲੀ ਬੋਲਣਹਾਰਾ ਅਤੇ ਅਲਾਹਾਬਾਦ ਜ਼ਿਲ੍ਹੇ ਦੀ ਅਵਧੀ ਬੋਲਣਹਾਰਾ ਆਪਸੀ ਗੱਲਬਾਤ ਸਮਝ ਜਾਣਗੇ। ਨਤੀਜੇ ਵਜੋਂ, ਬੁੰਦੇਲੀ ਤੇ ਅਵਧੀ ਨੂੰ ਇਕ ਹੀ ਭਾਸ਼ਾ ਦੀਆਂ ਦੋ ਬੋਲੀਆਂ ਮੰਨਿਆ ਜਾਵੇਗਾ।[4]

ਵਾਸਤਵ ਵਿਚ ਸਬੋਧਕਤਾ ਕੋਈ ਅਜਿਹੀ ਸਥਿਤੀ ਨਹੀਂ ਜਿਸ ਨੂੰ ਇਕ ਸੀਮਾਰੇਖਾ ਦੁਆਰਾ ਹੈ/ਨਹੀਂ ਹੈ ਦੇ ਵਰਗਾਂ ਵਿਚ ਵੰਡਿਆ ਜਾ ਸਕੇ।[5]

ਸਬੋਧਕਤਾ ਇਕ ਸਾਪੇਖ ਸਥਿਤੀ ਹੈ। ਇਸ ਲਈ ਵੱਖ ਵੱਖ ਸਥਿਤੀਆਂ ਵਿਚ ਸਬੋਧਕਤਾ ਦੀ ਮਾਤਰਾ ਵੀ ਵੱਖ ਵੱਖ ਹੋਵੇਗੀ ਜਿਵੇਂ[6]:

ਲਗਪਗ 100% ਨਿਰਬੋਧਕਤਾ ਉਨ੍ਹਾਂ ਦੋ ਭਾਸ਼ਾਵਾਂ ਵਿਚ ਹੋਵੇਗੀ, ਜਿਨ੍ਹਾਂ ਦਾ ਆਪਸ ਵਿਚ ਕੋਈ ਇਤਿਹਾਸਕ ਸੰਬੰਧ ਨਾ ਹੋਵੇ, ਅਤੇ ਭੂਗੋਲਕ ਦੂਰੀ ਵੀ ਹੋਵੇ ਜਿਵੇਂ ਜਾਪਾਨੀ ਅਤੇ ਹਿੰਦੀ ਵਿਚ।

10% ਦੇ ਲਗਪਗ ਸਬੋਧਕਤਾ ਉਨ੍ਹਾਂ ਭਾਸ਼ਾਵਾਂ ਵਿਚ ਹੋਵੇਗੀ, ਜਿਨ੍ਹਾਂ ਦਾ ਬਹੁਤ ਦੂਰ ਦਾ ਇਤਿਹਾਸਕ ਸੰਬੰਧ ਹੋਵੇ (ਜਿਵੇਂ ਰੂਸੀ ਅਤੇ ਹਿੰਦੀ ਦਾ) ਜਾਂ ਕਦੀ ਇਤਿਹਾਸਕ ਸੰਬੰਧ ਰਿਹਾ ਹੋਵੇ, ਪਰ ਭੂਗੋਲਕ ਦੂਰੀ ਹੋਵੇ (ਜਿਵੇਂ ਪੰਜਾਬੀ ਅਤੇ ਗੁਜਰਾਤੀ ਵਿਚ) ਜਾਂ ਅਸੰਬੰਧਿਤ ਭਾਸ਼ਾਵਾਂ 'ਤੇ ਸਮਾਨ ਪ੍ਰਭਾਵ ਪੈ ਗਏ ਹੋਣ (ਜਿਵੇਂ ਹਿੰਦੀ ਅਤੇ ਕੰਨੜ 'ਤੇ ਅਰਬੀ-ਫ਼ਾਰਸੀ ਜਾਂ ਅੰਗਰੇਜ਼ੀ ਦਾ ਜਾਂ ਭੂਗੋਲਿਕ ਨਿਕਟਤਾ ਕਾਰਣ ਦੋ ਭਾਸ਼ਾਵਾਂ ਆਰੀਆ ਅਤੇ ਦ੍ਰਾਵੜ ਦਾ)।

25% ਤੱਕ ਸਬੋਧਕਤਾ ਉਨ੍ਹਾਂ ਭਾਸ਼ਾਵਾਂ ਵਿਚ ਹੋਵੇਗੀ, ਜਿਨ੍ਹਾਂ ਦਾ ਕਦੀ ਇਤਿਹਾਸਕ ਸੰਬੰਧ ਰਿਹਾ ਹੋਵੇ ਪਰ ਵੱਖਰਤਾ ਲਗਾਤਾਰ ਵੱਧਦੀ ਰਹੀ ਹੋਵੇ ਜਿਵੇਂ ਹਿੰਦੀ ਅਤੇ ਬੰਗਾਲੀ ਵਿਚ ਜਾਂ ਦੀਰਘਕਾਲੀਨ ਸਭਿਆਚਾਰਕ ਅਤੇ ਰਾਜਨੀਤਕ ਪ੍ਰਭਾਵਾਂ ਦੀ ਨਿਕਟਤਾ ਕਾਰਣ ਦੋ ਭਾਸ਼ਾਵਾਂ ਅੰਗਰੇਜ਼ੀ ਅਤੇ ਫ਼ਰਾਂਸੀਸੀ ਵਿਚ।

25% ਤੋਂ 50% ਤੱਕ ਸਬੋਧਕਤਾ ਉਨ੍ਹਾਂ ਭਾਸ਼ਾਵਾਂ ਵਿਚ ਹੋਵੇਗੀ, ਜਿਨ੍ਹਾਂ ਦਾ ਕਦੇ ਇਤਿਹਾਸਕ ਸੰਬੰਧ ਰਿਹਾ ਹੋਵੇ ਤੇ ਫਿਰ ਵੱਖਰਤਾ ਹੋ ਗਈ ਹੋਵੇ, ਪਰ ਦੁਬਾਰਾ ਪ੍ਰਭਾਵ ਪੈ ਗਿਆ ਹੋਵੇ, ਜਿਵੇਂ ਸੰਸਕ੍ਰਿਤ ਅਤੇ ਹਿੰਦੀ, ਰਾਜਸਥਾਨੀ ਆਦ ਵਿਚ ਜਾਂ ਇਕ ਹੀ ਭਾਸ਼ਾ ਦੇ ਇਤਿਹਾਸਕ ਰੂਪ, ਜਿਵੇਂ ਸੰਸਕ੍ਰਿਤ ਅਤੇ ਪ੍ਰਾਕਿਰਤਾਂ ਵਿਚ। ਇਨ੍ਹਾਂ ਨੂੰ ਭਾਸ਼ਾਵਾਂ ਵੀ ਕਹਿ ਸਕਦੇ ਹਾਂ ਤੇ ਬੋਲੀਆਂ ਵੀ।

50% ਤੋਂ 75% ਤੱਕ ਸਬੋਧਕਤਾ ਉਨ੍ਹਾਂ ਭਾਸ਼ਾਵਾਂ ਵਿਚ ਹੋਵੇਗੀ, ਜਿਨ੍ਹਾਂ ਦਾ ਕਦੇ ਇਤਿਹਾਸਕ ਸੰਬੰਧ ਰਿਹਾ ਹੋਵੇ, ਫਿਰ ਵੱਖਰਤਾ ਹੋ ਗਈ ਹੋਵੇ ਪਰ ਦੁਬਾਰਾ ਬਹੁਤ ਗਹਿਰੇ ਅਤੇ ਵਿਆਪਕ ਪ੍ਰਭਾਵ ਪੈ ਗਏ ਹੋਣ, ਜਿਵੇਂ ਬ੍ਰਜ ਭਾਸ਼ਾ ਅਤੇ ਬੁੰਦੇਲੀ ਬੋਲੀਆਂ ਵਿਚ।

90% ਦੇ ਲਗਪਗ ਸਬੋਧਕਤਾ ਉਨ੍ਹਾਂ ਬੋਲੀਆਂ ਵਿਚ ਹੋਵੇਗੀ, ਜਿਨ੍ਹਾਂ ਦਾ ਕਦੇ ਇਤਿਹਾਸਕ ਤੇ ਭੂਗੋਲਕ ਸੰਬੰਧ ਰਿਹਾ ਹੋਵੇ ਪਰ ਆਪਣੀਆਂ ਆਪਣੀਆਂ ਸੀਮਾਵਾਂ 'ਤੇ ਵੱਖ ਵੱਖ ਪ੍ਰਭਾਵਾਂ ਕਾਰਣ ਵਿਕਾਸ ਹੋਇਆ ਹੋਵੇ, ਜਿਵੇਂ ਸਰਗੁਜਿਆ ਅਤੇ ਬਿਲਾਸਪੁਰੀ ਉਪਬੋਲੀਆਂ ਵਿਚ।


100% ਦੇ ਲਗਪਗ ਸਬੋਧਕਤਾ ਇਕ ਹੀ ਬੋਲੀ ਵਿਚ ਹੋਵੇਗੀ।

ਇਨ੍ਹਾਂ ਅਨੁਪਾਤਾਂ ਵਿਚ ਕਈ ਭੇਦ ਪੈਦਾ ਹੋ ਸਕਦੇ ਹਨ ਇਸ ਲਈ ਸਬੋਧਕਤਾ

ਦਾ ਅੰਤਰ ਧੁਨੀ, ਸ਼ਬਦ, ਵਿਆਕਰਣ, ਸ਼ਬਦਾਵਲੀ, ਵਾਕ-ਰਚਨਾ ਆਦ ਦੇ ਆਧਾਰ 'ਤੇ ਵੀ ਨਿਸ਼ਚਿਤ ਕੀਤਾ ਜਾਂਦਾ ਹੈ।

ਇਸ ਤੋਂ ਬਿਨਾਂ ਸਬੋਧਕਤਾ ਦੀ ਮਾਤਰਾ ਨਿਰਧਾਰਿਤ ਕਰਨ ਦਾ ਕੋਈ ਠੋਸ ਜਾਂ ਨਿਸ਼ਚਿਤ ਆਧਾਰ ਅਜੇ ਤੱਕ ਪ੍ਰਾਪਤ ਨਹੀਂ ਹੋ ਸਕਿਆ। ਫਿਰ ਇਹ ਸਿਧਾਂਤ ਉਸ ਦੇਸ਼ ਵਿਚ ਪ੍ਰਭਾਵਸ਼ਾਲੀ ਸਿੱਧ ਹੋ ਸਕਦਾ ਹੈ, ਜਿਹੜਾ ਦੇਸ਼ ਭੂਗੋਲਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਕਈ ਇਕਾਈਆਂ ਵਿਚ ਵੰਡਿਆ ਹੋਵੇ ਜਾਂ ਉਨ੍ਹਾਂ ਇਕਾਈਆਂ ਵਿਚ ਸੰਚਾਰ ਸੰਪਰਕ ਏਨਾ ਦ੍ਰਿੜ੍ਹ ਨਾ ਹੋਵੇ। ਭਾਰਤ ਵਰਗੇ ਦੇਸ਼ ਵਿਚ ਜਿੱਥੇ ਭੂਗੋਲਕ ਅਤੇ ਸਭਿਆਚਾਰਕ ਵੱਖਰਤਾ ਦੇ ਬਾਵਜੂਦ ਏਕਤਾ ਬਹੁਤ ਹੱਦ ਤੱਕ ਬਣੀ ਹੋਈ ਹੈ ਅਤੇ ਹਰ ਹਿੱਸੇ ਦਾ ਸੰਚਾਰ ਸੰਪਰਕ ਬਣਿਆ ਹੋਇਆ ਹੈ, ਓਥੇ ਇਹ ਸਿਧਾਂਤ ਓਨਾ ਪ੍ਰਭਾਵਸ਼ਾਲੀ ਸਿੱਧ ਨਹੀਂ ਹੋ ਸਕਦਾ। ਉਦਾਹਰਣ ਵਜੋਂ; ਉੱਤਰੀ ਭਾਰਤ ਵਿਚ, ਸਿੰਧ ਤੋਂ ਲੈ ਕੇ ਪੂਰਬ ਵਿਚ ਆਸਾਮ ਤੱਕ ਬੋਲੀਆਂ ਦੀ ਇਕ ਅਜਿਹੀ ਕ੍ਰਮਵਾਰ ਲੜੀ ਹੈ, ਜਿਸ ਵਿਚ ਸੰਪਰਕ ਦੇ ਕਿਸੇ ਵੀ ਬਿੰਦੂ 'ਤੇ ਸਬੋਧਕਤਾ ਟੁੱਟਦੀ ਨਹੀਂ। ਅਰਥਾਤ ਜੇਕਰ ਪੈਦਲ ਇਕ ਪਿੰਡ ਤੋਂ ਲੈ ਕੇ ਦੂਸਰੇ ਪਿੰਡ ਵਿਚੋਂ ਹੁੰਦੇ ਹੋਏ ਆਸਾਮ ਤੱਕ ਚਲੇ ਜਾਈਏ ਤਾਂ ਕਿਤੇ ਵੀ ਸੰਚਾਰ ਟੁੱਟਣ ਦਾ ਅਨੁਭਵ ਨਹੀਂ ਹੁੰਦਾ।[7] ਜੇਕਰ ਸਬੋਧਕਤਾ ਨੂੰ ਬੋਲੀ/ਭਾਸ਼ਾ ਨਿਰਧਾਰਿਤ ਕਰਨ ਦਾ ਆਧਾਰ ਮੰਨ ਲਿਆ ਜਾਵੇ ਤਾਂ ਫਿਰ ਸੰਪੂਰਣ ਉੱਤਰੀ ਭਾਰਤ ਦੀ ਇਕ ਹੀ ਭਾਸ਼ਾ ਮੰਨਣੀ ਪਵੇਗੀ ਅਤੇ ਉੱਤਰੀ ਭਾਰਤ ਦੀਆਂ ਵਰਤਮਾਨ ਭਾਸ਼ਾਵਾਂ ਜਿਵੇਂ ਪੰਜਾਬੀ, ਬੰਗਾਲੀ, ਆਸਾਮੀ, ਡੋਗਰੀ ਆਦ ਨੂੰ ਉਸਦੀਆਂ ਬੋਲੀਆਂ ਮੰਨਣਾ ਪਵੇਗਾ ਜੋ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਠੀਕ ਨਹੀਂ।

ਸਬੋਧਕਤਾ ਦੇ ਆਧਾਰ 'ਤੇ ਇਸ ਸਥਿਤੀ ਦਾ ਵਿਸ਼ਲੇਸ਼ਣ ਕਰਨ ਦਾ ਇਹੀ ਉਪਾਅ ਹੈ ਕਿ ਭਾਸ਼ਾ ਦੀ ਸੰਕਲਪਨਾ ਨੂੰ ਵਿਸਤ੍ਰਿਤ ਕਰਕੇ ਹਰੇਕ ਬੋਲੀ ਨੂੰ ਇਕ ਭਾਸ਼ਾ ਮੰਨਿਆ ਜਾਵੇ ਅਤੇ ਉਸ ਬੋਲੀ ਦੀਆਂ ਕਈ ਹੋਰ ਬੋਲੀਆਂ ਸਵੀਕਾਰ ਕੀਤੀਆਂ ਜਾਣ। ਇਹ ਵੀ ਸਵੀਕਾਰ ਕੀਤਾ ਜਾਵੇ ਕਿ ਉਸ ਵਿਚ ਕੁਝ ਪਰਸਪਰ ਸਬੋਧਕਤਾ ਹੈ ਅਤੇ ਕੁਝ ਨਹੀਂ। ਇਸ ਸਥਿਤੀ ਨੂੰ ਹੇਠਲੇ ਰੇਖਾ-ਚਿੱਤਰ ਦੁਆਰਾ ਵੀ ਸਪਸ਼ਟ ਕੀਤਾ ਜਾ ਸਕਦਾ ਹੈ:



ਉਪਰੋਕਤ ਰੇਖਾ-ਚਿੱਤਰ ਵਿਚ I, II, III ਭਾਸ਼ਾਵਾਂ ਹਨ। ੳ, ਅ, ੲ, ਸ, ਭਾਸ਼ਾ I ਦੀਆਂ ਬੋਲੀਆਂ ਹਨ; ਕ, ਖ, ਗ, ਘ, ਭਾਸ਼ਾ II ਦੀਆਂ ਬੋਲੀਆਂ ਹਨ; ਭਾਸ਼ਾ III ਦੀਆਂ ਚ, ਛ, ਜ, ਝ, ਬੋਲੀਆਂ ਹਨ। ਭਾਸ਼ਾ I ਦੀ 'ੳ' ਬੋਲੀ ਅਤੇ ਭਾਸ਼ਾ II ਦੀ 'ਖ' ਬੋਲੀ ਵਿਚ ਜਿਥੇ ਸੰਪਰਕ ਹੈ ਉਥੇ ਸਬੋਧਕਤਾ ਵੀ ਹੈ ਅਜਿਹੀ ਅੰਸ਼ਕ ਸਬੋਧਕਤਾ ਹੋਰ ਭਾਸ਼ਾਵਾਂ ਦੀਆਂ ਬੋਲੀਆਂ ਵਿਚ ਵੀ ਹੈ। ਹੁਣ ੳ, ਅ, ੲ, ਸ ਆਦ ਨੂੰ ਬੋਲੀਆਂ ਨਾ ਮੰਨ ਕੇ ਭਾਸ਼ਾਵਾਂ ਮੰਨਿਆ ਜਾਵੇ ਅਤੇ ਕਿਹਾ ਜਾਵੇ ਕਿ ਉਨ੍ਹਾਂ ਦੀਆਂ ਕੁਝ ਬੋਲੀਆਂ ਪਰਸਪਰ ਸਬੋਧਕ ਹਨ ਅਤੇ ਦੂਸਰੀਆਂ ਨਹੀਂ। ਉਦਾਹਰਣ ਵਜੋਂ 'ੳ', 'ਕ' ਨੂੰ ਭਾਸ਼ਾਵਾਂ ਮੰਨਿਆ ਜਾਵੇ ਅਤੇ ਇਹ ਕਿਹਾ ਜਾਵੇ ਕਿ ਭਾਸ਼ਾ 'ੳ' ਦੀਆਂ ੳ, ੳ^1 ਬੋਲੀਆਂ ਹਨ ਅਤੇ 'ਕ' ਦੀਆਂ ਕ^1, ਕ^2 ਬੋਲੀਆਂ ਹਨ। ੳ^1 ਅਤੇ ਕ^1 ਪਰਸਪਰ ਸਬੋਧਕ ਹਨ ਪਰ ੳ, ਕ, ਕ^2 ਨਿਰਬੋਧਕ ਹਨ।

ਸਬੋਧਕਤਾ ਦੇ ਸਿਧਾਂਤ ਨੂੰ ਸਾਰਥਕ ਬਣਾਉਣ ਲਈ ਉਪਰੋਕਤ ਉਕਤੀ ਕੰਮ ਵਿਚ ਲਿਆਂਦੀ ਜਾ ਸਕਦੀ ਹੈ। ਪਰੰਤੂ, ਇਹ ਸਬੋਧਕਤਾ ਦੇ ਬੁਨਿਆਦੀ ਸਿਧਾਂਤ ਦਾ ਖੰਡਨ ਕਰਦੀ ਹੈ। ਸਬੋਧਕਤਾ ਦੇ ਸਿਧਾਂਤ ਅਨੁਸਾਰ ਇਹ ਮੰਨ ਕੇ ਚਲਣਾ ਪੈਂਦਾ ਹੈ ਕਿ ਜਿਨ੍ਹਾਂ ਬੋਲੀਆਂ ਦੀਆਂ ਸੰਰਚਨਾਵਾਂ ਵਿਚ ਸਮਾਨਤਾ ਹੋਵੇਗੀ, ਉਨ੍ਹਾਂ ਵਿਚ ਸਬੋਧਕਤਾ ਵੀ ਹੋਵੇਗੀ। ਪਰੰਤੂ, ਉਪਰੋਕਤ ਸਥਿਤੀ ਵਿਚ ਇਕ ਹੀ ਬੋਲੀ (ਜਿਸਨੂੰ ਸੁਖੈਨਤਾ ਲਈ ਭਾਸ਼ਾ ਮੰਨਿਆ ਗਿਆ ਹੈ) ਦੇ ਵਿਭਿੰਨ ਪ੍ਰਕਾਰਾਂ ਨੂੰ ਸਬੋਧਕ ਤੇ ਨਿਰਬੋਧਕ ਵਿਚ ਵੰਡਿਆ ਗਿਆ ਹੈ, ਜਦ ਕਿ ਸੰਰਚਨਾਤਮਕ ਦ੍ਰਿਸ਼ਟੀ ਤੋਂ ਉਸ ਵਿਚ ਕੋਈ ਮਹੱਤਵਪੂਰਣ ਅੰਤਰ ਨਹੀਂ ਹੁੰਦਾ।

ਇਹ ਅੰਤਰ-ਵਿਰੋਧੀ ਦਾ ਕਾਰਣ ਇਹ ਹੈ ਕਿ ਸਬੋਧਕਤਾ ਨੂੰ ਸੰਰਚਨਾਤਮਕ ਸਮਾਨਤਾ ਨਾਲ ਜੋੜਿਆ ਜਾਂਦਾ ਹੈ। ਸਬੋਧਕਤਾ ਦਾ ਆਧਾਰ ਜਿੰਨਾ ਨਿਕਟ ਸੰਪਰਕ 'ਤੇ ਹੈ, ਓਨਾ ਸੰਰਚਨਾ ਦੀ ਸਮਾਨਤਾ 'ਤੇ ਨਹੀਂ। ਨਿਕਟ ਸੰਪਰਕ ਦੇ ਕਾਰਣ ਹੀ ਪੰਜਾਬੀ ਹਿੰਦੀ ਵਿਚ ਜਿੰਨੀ ਸਬੋਧਕਤਾ ਹੈ, ਓਨੀ ਹਿੰਦੀ ਅਤੇ ਉਸਦੀ ਬੋਲੀ ਅਵਧੀ ਵਿਚ ਵੀ ਨਹੀਂ।

ਉਪਰ ਜਿਸ ਸਥਿਤੀ ਦਾ ਵਰਣਨ ਕੀਤਾ ਗਿਆ ਹੈ, ਉਸਦੇ ਵਿਸ਼ਲੇਸ਼ਣ ਦਾ ਦੂਸਰਾ ਉਪਾਅ ਇਹ ਹੈ ਕਿ ਬੋਲੀ/ਭਾਸ਼ਾ ਦਾ ਸੰਬੰਧ ਨਿਰਧਾਰਿਤ ਕਰਨ ਲਈ ਸੰਰਚਨਾ ਦੇ ਨਾਲ ਨਾਲ ਪ੍ਰਯੋਗ ਜਾਂ ਸਮਾਜਕ ਸੰਦਰਭ ਨੂੰ ਵੀ ਆਧਾਰ ਬਣਾਇਆ ਜਾਵੇ ਅਤੇ ਖੇਤਰੀ ਵੰਡ ਦੇ ਨਾਲ ਸਮਾਜਕ ਪੱਧਰ ਨੂੰ ਬੋਲੀਆਂ ਦੇ ਵਿਕਾਸ ਦਾ ਕਾਰਣ ਮੰਨਿਆ ਜਾਵੇ। ਅਸਲ ਵਿਚ ਖੇਤਰੀ ਵੰਡ ਅਤੇ ਸਮਾਜਕ ਵਰਗ ਭੇਦ ਕਿਸੇ ਭਾਸ਼ਾ ਦੇ ਸਮਤਲ (horizontal) ਲੰਬਾਤਮਕ (vertical) ਅਤੇ ਵਿਤਰੇਕੀ ਨਿਰਦੇਸ਼ਾਂਕ (contrastive co-ordinates) ਹਨ।[8] ਇਸ ਆਧਾਰ 'ਤੇ ਹਰੇਕ ਭਾਸ਼ਾ ਦੀਆਂ ਦੋ ਪ੍ਰਕਾਰ ਦੀਆਂ ਬੋਲੀਆਂ ਹਨ: ਖੇਤਰੀ ਅਤੇ ਸਮਾਜਕ। ਖੇਤਰੀ

ਬੋਲੀਆਂ ਸੰਬੰਧਿਤ ਭਾਸ਼ਾ ਦੀ ਭੂਗੋਲਕ ਵੰਡ ਕਰਦੀਆਂ ਹਨ ਅਤੇ ਸਮਾਜਕ ਬੋਲੀਆਂ ਉਸ ਭਾਸ਼ਾ ਸਮੁਦਾਏ ਦੇ ਵਿਭਿੰਨ ਸਮਾਜਕ ਸਮੂਹਾਂ, ਜਿਨ੍ਹਾਂ ਦਾ ਆਧਾਰ ਜਾਤੀ, ਧਰਮ, ਸਿਖਿਆ, ਕੰਮ ਧੰਦੇ ਆਦ ਹੋ ਸਕਦੇ ਹਨ, ਵੱਲ ਇਸ਼ਾਰਾ ਕਰਦੀਆਂ ਹਨ। ਉਦਾਹਰਣ ਵਜੋਂ, ਪੰਜਾਬੀ ਦੀਆਂ ਖੇਤਰੀ ਬੋਲੀਆਂ ਮਾਝੀ, ਦੁਆਬੀ, ਮਲਵਈ, ਪੋਠੋਹਾਰੀ, ਲਹਿੰਦੀ, ਪੁਆਧੀ ਆਦ ਹਨ ਅਤੇ ਸਮਾਜਕ ਬੋਲੀਆਂ ਸ਼ਹਿਰੀ ਪੰਜਾਬੀ, ਪੇਂਡੂ ਪੰਜਾਬੀ, ਉਰਦੂ ਮਿਸ਼੍ਰਤ ਪੰਜਾਬੀ, ਹਿੰਦੀ ਮਿਸ਼੍ਰਤ ਪੰਜਾਬੀ ਆਦ ਹਨ ਇਨ੍ਹਾਂ ਦੋਹਾਂ ਪੱਧਰਾਂ ਨੂੰ ਆਧਾਰ ਬਣਾਉਣ ਤੋਂ ਬਿਨਾਂ ਕਿਸੇ ਭਾਸ਼ਾ ਦਾ ਪੂਰਣ ਤੌਰ 'ਤੇ ਵਿਸ਼ਲੇਸ਼ਣ ਕਰਨਾ ਕਠਿਨ ਹੈ ਕਿਉਂਕਿ ਭਾਸ਼ਾ ਉਨ੍ਹਾਂ ਇਕ ਜਾਂ ਅਨੇਕ ਸਮਾਨ ਸੰਰਚਨਾਤਮਕ ਅਤੇ ਸਮਾਨ ਸਮਾਜਕ ਭਾਸ਼ਾ ਰੂਪਾਂ ਦੇ ਸਮੂਹ ਦਾ ਨਾਂ ਹੈ, ਜਿਹੜੇ ਭਾਸ਼ਾਈ ਪੱਧਰ 'ਤੇ ਆਂਤਰਿਕ ਏਕਤਾ ਅਤੇ ਬਾਹਰੀ ਭਿੰਨਤਾ ਦੀ ਸਥਿਤੀ ਵਿਚ ਹਨ। ਉਨ੍ਹਾਂ ਵਿਚ ਜਿੰਨੀ ਸੰਰਚਨਾਤਮਕ ਸਮਾਨਤਾ ਦੀ ਜ਼ਰੂਰਤ ਹੈ, ਓਨੀ ਹੀ ਭਾਸ਼ਾਈ ਪਛਾਣ (linguistic identity) ਦੀ ਵੀ। ਇਹੀ ਕਾਰਣ ਹੈ ਕਿ ਪੰਜਾਬੀ ਅਤੇ ਖੜੀ ਬੋਲੀ ਹਿੰਦੀ ਸਬੋਧਕ ਹੋਣ 'ਤੇ ਵੀ ਭਿੰਨ ਭਿੰਨ ਭਾਸ਼ਾਵਾਂ ਹਨ ਕਿਉਂਕਿ ਇਨ੍ਹਾਂ ਭਾਸ਼ਾਵਾਂ/ਭਾਸ਼ਿਕਾਂ ਵਿਚ ਭਾਸ਼ਾਈ ਪਛਾਣ ਨਹੀਂ। ਇਸਦੇ ਉਲਟ ਅਵਧੀ ਅਤੇ ਮਿਆਰੀ ਹਿੰਦੀ ਵਿਚ ਭਾਸ਼ਾਈ ਪਛਾਣ ਹੈ। ਇਸ ਦੇ ਕਾਰਣ ਉਹ ਇਕ ਹੀ ਭਾਸ਼ਾ ਦੇ ਅੰਤਰਗਤ ਆਉਂਦੀਆਂ ਹਨ।

ਬੋਲੀ ਭਾਸ਼ਾ ਸੰਪਰਕ ਦੀਆਂ ਕੁਝ ਹੋਰ ਵੀ ਕਸੌਟੀਆਂ ਹਨ, ਜਿਨ੍ਹਾਂ ਦਾ ਵਰਣਨ ਹੇਠਾਂ ਕੀਤਾ ਜਾਵੇਗਾ।

ਸੀਮਾ :

ਇਹ ਆਮ ਪ੍ਰਚਲਿਤ ਹੈ ਕਿ ਬੋਲੀ ਇਕ ਸਥਾਨ ਵਿਸ਼ੇਸ਼ ਜਾਂ ਵਰਗ ਵਿਸ਼ੇਸ਼ ਤੱਕ ਸੀਮਿਤ ਹੁੰਦੀ ਹੈ ਅਤੇ ਭਾਸ਼ਾ ਦਾ ਖੇਤਰ ਇਸ ਨਾਲੋਂ ਵਧੇਰੇ ਵਿਸਥਾਰ ਪੂਰਵਕ ਹੁੰਦਾ ਹੈ। ਹਿੰਦੀ ਇਕ ਬਹੁਤ ਵੱਡੇ ਖੇਤਰ ਦੀ 'ਭਾਸ਼ਾ' ਹੈ। ਇਸਦੇ ਅੰਤਰਗਤ ਬੁੰਦੇਲੀ ਇਕ ਖੇਤਰ ਵਿਸ਼ੇਸ਼ ਦੀ ਬੋਲੀ ਹੈ। ਪਰੰਤੂ, ਕਦੀ ਕਦੀ ਇਹ ਵਿਸ਼ੇਸ਼ਣ ਉਕਤੀਆਂ ਫਾਲਤੂ ਲਗਦੀਆਂ ਹਨ। ਅਸਾਮੀ ਦਾ ਖੇਤਰਫਲ 7,500 ਵਰਗਮੀਲ ਹੈ ਅਤੇ ਮਾਰਵਾੜੀ ਦਾ 75,000 ਵਰਗਮੀਲ ਅਰਥਾਤ ਅਸਾਮੀ ਤੋਂ ਦਸ ਗੁਣਾਂ ਜਦ ਕਿ ਅਸਾਮੀ ਭਾਸ਼ਾ ਹੈ ਅਤੇ ਮਾਰਵਾੜੀ ਇਕ ਬੋਲੀ। ਯੂਰਪ ਦੀਆਂ ਕਈ 'ਭਾਸ਼ਾਵਾਂ' ਸਾਡੀਆਂ 'ਬੋਲੀਆਂ' ਨਾਲੋਂ ਜ਼ਿਆਦਾ ਸੀਮਿਤ ਖੇਤਰ ਵਿਚ ਬੋਲੀਆਂ ਜਾਂਦੀਆਂ ਹਨ। ਬੁਲਗਾਰੀ 'ਭਾਸ਼ਾ' ਬੋਲਣ ਵਾਲੇ 80 ਲੱਖ ਦੇ ਲਗਪਗ ਹਨ ਅਤੇ ਭੋਜਪੁਰੀ 'ਬੋਲੀ' ਬੋਲਣ ਵਾਲੇ ਤਿੰਨ ਕਰੋੜ ਦੇ ਲਗਪਗ। ਅਸਲ ਗੱਲ ਤਾਂ ਇਹ ਹੈ ਕਿ ਵਿਆਪਕਤਾ ਭਾਸ਼ਾ ਦਾ ਅਵੱਸ਼ਕ ਗੁਣ ਤਾਂ ਹੈ, ਪਰ ਇਸ ਵਿਆਪਕਤਾ ਦੀ ਸਿੱਧੀ ਉਹਦੀਆਂ ਆਪਣੀਆਂ ਬੋਲੀਆਂ ਤੋਂ ਹੁੰਦੀ ਹੈ ਨਾ ਕਿਸੇ

ਬਾਹਰ ਦੀ ਭਾਸ਼ਾ ਜਾਂ ਬੋਲੀ ਤੋਂ। ਦੂਸਰੀਆਂ ਭਾਸ਼ਾਵਾਂ ਦੀਆਂ ਬੋਲੀਆਂ ਦੇ ਮੁਕਾਬਲੇ ਉਹ ਭਾਵੇਂ ਸੀਮਿਤ ਖੇਤਰ ਵਿਚ ਬੋਲੀ ਜਾਂਦੀ ਹੋਵੇ, ਆਪਣੀਆਂ ਬੋਲੀਆਂ ਦੇ ਖੇਤਰ ਤੋਂ ਤਾਂ ਉਸਦਾ ਖੇਤਰ ਵੱਡਾ ਹੀ ਹੁੰਦਾ ਹੈ, ਕਿਉਂਕਿ ਭਾਸ਼ਾ ਆਪਣੀਆਂ ਉਪਭਾਸ਼ਾਵਾਂ ਅਤੇ ਬੋਲੀਆਂ ਦਾ ਸਮੂਹ ਹੁੰਦੀ ਹੈ।

ਇਤਿਹਾਸਕ ਸੰਬੰਧ :

ਕੁਝ ਬੋਲੀਆਂ ਨੂੰ ਕਿਸੇ ਭਾਸ਼ਾ ਨਾਲ ਸੰਬੰਧਿਤ ਕਰਨ ਲਈ ਉਨ੍ਹਾਂ ਦੇ ਇਤਿਹਾਸਕ ਸੰਬੰਧਾਂ ਦਾ ਅਧਿਐਨ ਜ਼ਰੂਰੀ ਹੁੰਦਾ ਹੈ। ਬੰਗਾਲੀ, ਅਸਾਮੀ ਅਤੇ ਉੜੀਆ ਕਿਸੇ ਸਮੇਂ ਇਕ ਹੀ ਪ੍ਰਾਕਿਰਤ ਭਾਸ਼ਾ ਦੀਆਂ ਬੋਲੀਆਂ ਸਨ ਭਾਵੇਂ ਅੱਜ ਉਹ ਸੁਤੰਤਰ ਭਾਸ਼ਾਵਾਂ ਦਾ ਦਰਜਾ ਗ੍ਰਹਿਣ ਕਰ ਗਈਆਂ ਹਨ। ਅੱਜ ਤੱਕ ਕੋਈ ਭਾਸ਼ਾ ਅਜਿਹੀ ਨਹੀਂ ਮਿਲਦੀ ਜਿਹੜੀ ਸਮੇਂ ਦੇ ਅੰਤਰਗਤ ਬੋਲੀਆਂ ਵਿਚ ਨਾ ਵੰਡੀ ਗਈ ਹੋਵੇ। ਫਿਰ ਇਨ੍ਹਾਂ ਬੋਲੀਆਂ ਵਿਚੋਂ ਹੀ ਕੋਈ ਸੁਤੰਤਰ ਭਾਸ਼ਾ ਦੀ ਪਦਵੀ ਪ੍ਰਾਪਤ ਕਰ ਲੈਂਦੀ ਹੈ। ਭਾਰਤ ਵਿਚ ਮੱਧ ਦੇਸ਼ ਦੀ ਯੁੱਗਾਂ ਯੁਗਾਂਤਰਾਂ ਤੋਂ ਇਕ ਨਾ ਇਕ ਸਮਾਨਯ ਭਾਸ਼ਾ ਰਹੀ ਹੈ। ਪਰੰਤੂ, ਸਮੇਂ ਦੇ ਚੱਕਰ ਵਿਚ ਬੋਲੀਆਂ ਜ਼ਰੂਰ ਵੰਡੀਆਂ ਗਈਆਂ ਹਨ ਅਤੇ ਫਿਰ ਕੋਈ ਨਾ ਕੋਈ ਬੋਲੀ ਉਠ ਕੇ ਭਾਸ਼ਾ ਦਾ ਰੂਪ ਗ੍ਰਹਿਣ ਕਰਦੀ ਰਹੀ ਹੈ। ਇਸ ਗ੍ਰਹਿਣਤਾ ਦਾ ਅਰਥ ਇਹ ਹੁੰਦਾ ਹੈ ਕਿ ਉਸ ਬੋਲੀ ਦੇ ਖੇਤਰ ਦਾ ਵਿਸਥਾਰ ਹੋ ਜਾਂਦਾ ਹੈ ਅਤੇ ਵਿਸਤ੍ਰਿਤ ਖੇਤਰ ਦੀਆਂ ਬੋਲੀਆਂ ਦਾ ਵੀ ਥੋੜਾ ਬਹੁਤ ਸਹਿਯੋਗ ਇਸ ਵਿਚ ਸ਼ਾਮਲ ਹੁੰਦਾ ਹੈ। ਬ੍ਰਜਭਾਸ਼ਾ ਬ੍ਰਜ ਦੀ ਬੋਲੀ ਹੀ ਤਾਂ ਹੈ। ਸ਼ੌਰਸੈਨੀ ਅਪਭ੍ਰੰਸ਼ ਦੀਆਂ ਹੋਰ ਵੀ ਕਈ ਬੋਲੀਆਂ ਸਨ : ਰਾਜਸਥਾਨੀ, ਬੁੰਦੇਲੀ, ਪੰਜਾਬੀ ਆਦ। ਪਰੰਤੂ, ਜਦੋਂ ਬ੍ਰਜ ਦੀ ਬੋਲੀ ਭਾਸ਼ਾ ਬਣੀ ਤਾਂ ਉਸਦੀ ਵਰਤੋਂ ਇਨ੍ਹਾਂ ਬੋਲੀਆਂ ਦੇ ਖੇਤਰ ਵਿਚ ਹੀ ਨਹੀਂ ਸਗੋਂ ਅਵਧ, ਕਾਸ਼ੀ, ਬੁੰਦੇਲਖੰਡ ਆਦ ਪ੍ਰਦੇਸ਼ਾਂ ਵਿਚ ਵੀ ਹੁੰਦੀ ਰਹੀ ਹੈ। ਇਹ ਤੱਥ ਮੱਧਕਾਲੀਨ ਬ੍ਰਜਭਾਸ਼ਾ ਦੇ ਸਾਹਿਤ ਤੋਂ ਮਿਲਦੇ ਹਨ। ਭਾਸ਼ਾ ਨਾਮ ਹੁਣ ਵੀ ਇਹਦੇ ਨਾਲ ਜੁੜਿਆ ਹੋਇਆ ਹੈ। ਪਰੰਤੂ ਕੌਰਵੀ ਜਦ ਖੜੀ ਬੋਲੀ ਹਿੰਦੀ ਬਣ ਕੇ ਸਾਧਾਰਣ ਸਿੱਖਿਆ, ਸ਼ਾਸਨ ਅਤੇ ਸਾਹਿਤ ਦਾ ਮਾਧਿਅਮ ਬਣੀ ਤਾਂ ਬ੍ਰਜਭਾਸ਼ਾ ਦੁਬਾਰਾ ਸੰਕੁਚਿਤ ਹੋ ਕੇ ਰਹਿ ਗਈ। ਭਾਸ਼ਾ ਬੋਲੀ ਬਣ ਗਈ ਅਤੇ ਬੋਲੀ ਭਾਸ਼ਾ।

ਮਾਨਤਾ ਦੇ ਖੇਤਰ :

ਕਿਸੇ ਬੋਲੀ ਦਾ ਭਾਸ਼ਾ ਦੀ ਪਦਵੀ ਪ੍ਰਾਪਤ ਕਰਨ ਲਈ ਸਿੱਖਿਆ, ਸ਼ਾਸਨ ਅਤੇ ਸਾਹਿਤ ਦਾ ਮਾਧਿਅਮ ਬਣਨਾ ਇਕ ਜ਼ਰੂਰੀ ਗੁਣ ਹੈ, ਜਿਸਦੇ ਬਲ 'ਤੇ ਉਸਦਾ ਪਾਸਾਰ ਹੁੰਦਾ ਹੈ ਅਤੇ ਗ੍ਰਹਿਣ-ਯੋਗਤਾ ਵਧਦੀ ਹੈ। ਇਸੇ ਬਲ 'ਤੇ ਹਿੰਦੀ ਅੱਜ ਬਿਹਾਰ ਅਤੇ ਰਾਜਿਸਥਾਨ ਦੀ ਭਾਸ਼ਾ ਹੈ। ਸਿੱਖਿਆ ਦਾ ਮਾਧਿਅਮ ਹੋਣ ਕਰਕੇ ਹੀ ਕਿਸੇ ਬੋਲੀ ਨੂੰ ਸਾਹਿਤ ਅਤੇ ਸ਼ਾਸਨ ਦੇ ਖੇਤਰ ਵਿਚ ਫੈਲਣ ਦੀਆਂ

ਸਹੂਲਤਾਂ ਮਿਲਦੀਆਂ ਹਨ। ਪਰ ਇਹ ਸਹੂਲਤਾਂ ਸਿੱਖਿਆ ਦੀਆਂ ਮਾਧਿਅਮ ਸਾਰੀਆਂ ਬੋਲੀਆਂ ਨੂੰ ਨਹੀਂ ਮਿਲਿਆ ਕਰਦੀਆਂ। ਸਾਹਿਤ ਵਿਚ ਵੀ ਇਕ ਪਰੰਪਰਾ ਹੋਣੀ ਚਾਹੀਦੀ ਹੈ। ਥੋੜ੍ਹਾ ਬਹੁਤ ਸਾਹਿਤ ਤਾਂ ਤਕਰੀਬਨ ਸਾਰੀਆਂ ਬੋਲੀਆਂ ਵਿਚ ਮਿਲਦਾ ਹੈ। ਪਰੰਤੂ, ਜੇਕਰ ਉਸਦਾ ਸਾਹਿਤਕ ਇਤਿਹਾਸ ਨਹੀਂ ਬਣਿਆ ਤਾਂ ਸਮਝੋ ਬੋਲੀ ਭਾਸ਼ਾ ਦੀ ਪਦਵੀ 'ਤੇ ਪਹੁੰਚਦੀ ਪਹੁੰਚਦੀ ਰਹਿ ਗਈ ਹੈ। ਇਸ ਸੰਬੰਧ ਵਿਚ ਅਵਧੀ ਦਾ ਉਦਾਹਰਣ ਲਿਆ ਜਾ ਸਕਦਾ ਹੈ। ਅਵਧੀ ਇਕ ਭਾਸ਼ਾ ਬਣ ਜਾਂਦੀ, ਜੇਕਰ ਤੁਲਸੀ ਦੀ ਪਰੰਪਰਾ ਨੂੰ ਕਾਇਮ ਰਖਿਆ ਜਾਂਦਾ। ਉਂਜ ਅਵਧੀ ਵਿਚ ਸੂਫ਼ੀ ਸਾਹਿਤ ਦੀ ਪਰੰਪਰਾ ਤਾਂ ਹੈ, ਪਰ ਉਸ ਅਵਧੀ ਵਿਚ ਨਾ ਤਾਂ ਸਮਾਨਤਾ ਹੈ ਅਤੇ ਨਾ ਹੀ ਉਸ ਸਾਹਿਤ ਵਿਚ ਵਿਕਾਸ ਦੀਆਂ ਯੁਗ-ਅਨੁਕੂਲ ਦਿਸ਼ਾਵਾਂ। ਸਰਕਾਰੀ ਮਾਨਤਾ ਵੀ ਇਸ ਲਈ ਅਵੱਸ਼ਕ ਹੁੰਦੀ ਹੈ। ਰਾਜਸੀ ਬਲ ਕਾਰਣ ਹੀ ਉੱਤਰੀ ਚੀਨੀ (ਮੰਡਾਰਿਨ) ਸਾਰੇ ਚੀਨ ਦੀ ਭਾਸ਼ਾ ਬਣ ਗਈ ਹੈ। ਬਿਸਮਾਰਕ ਦੇ ਆਦੇਸ਼ ਨਾਲ ਪਰੁਸ਼ੀਆ ਦੀ ਬੋਲੀ ਸਾਰੇ ਜਰਮਨ ਦੇਸ਼ ਦੀ ਭਾਸ਼ਾ ਬਣ ਗਈ।[9]

ਰੇਡੀਓ, ਅਖ਼ਬਾਰਾਂ, ਡਾਕ ਅਤੇ ਤਾਰ, ਆਵਾਜਾਈ ਦੇ ਸਾਧਨ, ਰਾਸ਼ਟਰੀ ਸੈਨਾ ਅਤੇ ਕੇਂਦਰੀ ਅਦਾਲਤਾਂ ਦੇ ਵਿਕਾਸ ਦੇ ਨਾਲ ਹੀ ਇਕ ਸਮਾਨਯ ਭਾਸ਼ਾ ਦਾ ਵਿਕਾਸ ਜ਼ਰੂਰੀ ਹੋ ਜਾਂਦਾ ਹੈ। ਇਨ੍ਹਾਂ ਅੰਤਰਰਾਜੀ ਕਾਰਜਾਂ ਅਤੇ ਰਾਸ਼ਟਰੀ ਭਾਵਨਾ ਦੇ ਪ੍ਰਸਾਰ ਨਾਲ ਉਸ ਭਾਸ਼ਾ ਦਾ ਪਾਸਾਰ ਹੁੰਦਾ ਹੈ। ਵੱਡੇ ਵੱਡੇ ਮੇਲਿਆਂ ਅਤੇ ਤੀਰਥ ਸਥਾਨਾਂ ਵਿਚ ਵੀ ਭਾਸ਼ਾ ਦੇ ਪਾਸਾਰ ਨੂੰ ਮਾਨਤਾ ਮਿਲਦੀ ਹੈ। ਲੂਥਰ ਦੀ ਮਾਤਭਾਸ਼ਾ ਧਾਰਿਮਕ ਭਾਵਨਾ ਦੇ ਕਾਰਣ ਜਰਮਨੀ ਦੀ ਸਾਹਿਤਕ ਭਾਸ਼ਾ ਸਵੀਕਾਰ ਹੋਈ। ਅਰਬੀ ਨੂੰ ਏਸੇ ਕਰਕੇ ਅਫ਼ਰੀਕਾ ਦੇ ਕਈ ਦੇਸ਼ਾਂ ਨੇ ਅਪਨਾਇਆ। ਸਾਂਸਕ੍ਰਿਤਕ ਉੱਚਤਾ ਦੇ ਕਾਰਣ ਸੰਸਕ੍ਰਿਤ ਨੂੰ ਭਾਰਤ ਵਿਚ ਮਾਨਤਾ ਮਿਲੀ। ਉਰਦੂ ਨੂੰ ਧਾਰਮਿਕ ਭਾਵਨਾ ਅਧੀਨ ਮੁਸਲਮ ਸਮਾਜ ਨੇ ਅਪਨਾਇਆ। ਵਪਾਰਕ ਪਾਸਾਰ ਦੇ ਨਾਲ ਨਾਲ ਅੰਗਰੇਜ਼ੀ ਵਿਸ਼ਵ ਭਾਸ਼ਾ ਦਾ ਦਰਜਾ ਗ੍ਰਹਿਣ ਕਰ ਗਈ।


ਸੰਘਟਨ ਵਿਘਟਨ :

ਭਾਸ਼ਾ ਦਾ ਆਧਾਰ ਕੋਈ ਨਾ ਕੋਈ ਬੋਲੀ ਹੀ ਹੁੰਦੀ ਹੈ। ਪਰੰਤੂ, ਆਪਣੇ ਵਿਕਾਸ ਅਤੇ ਵਿਸਥਾਰ ਦੀ ਪ੍ਰਕਿਰਿਆ ਵਿਚ ਇਕ ਦੀ ਹੋ ਕੇ ਉਹ ਸਭ ਦੀ ਹੋ ਜਾਂਦੀ ਹੈ। ਸਭ ਦੇ ਬਰਾਬਰ ਦੇ ਯੋਗਦਾਨ ਅਤੇ ਮਿਸ਼੍ਰਣ ਕਾਰਣ ਉਸ ਵਿਚ ਭਾਸ਼ਾਈਪਨ ਆਉਂਦਾ ਹੈ। ਉਸ ਨੂੰ ਅਸੀਂ ਬਨਾਵਟੀ ਭਾਸ਼ਾ ਨਹੀਂ ਕਹਿ ਸਕਦੇ ਕਿਉਂਕਿ ਇਹ ਮਿਸ਼੍ਰਣ ਬੜੇ ਸਹਿਜ ਅਤੇ ਸੁਭਾਵਕ ਢੰਗ ਨਾਲ ਹੁੰਦਾ ਹੈ।

ਬੋਲੀਆਂ ਦੇ ਸੰਘਟਨ ਨਾਲ ਭਾਸ਼ਾ ਬਣਦੀ ਹੈ ਅਤੇ ਭਾਸ਼ਾ ਦੇ ਵਿਘਟਨ ਨਾਲ ਬੋਲੀਆਂ ਬਣਦੀਆਂ ਹਨ। ਗੱਲ ਤਾਂ ਦਰਅਸਲ ਸੰਪਰਕ ਦੀ ਹੈ। ਜੇਕਰ ਸਿੱਖਿਆ, ਸਾਹਿਤ, ਸ਼ਾਸਨ, ਰੇਡੀਓ, ਆਵਾਜਾਈ ਆਦ ਦੇ ਸਾਧਨਾਂ ਦੀ ਘਾਟ ਕਾਰਣ

ਭਾਸ਼ਾ ਦੇ ਕੇਂਦਰ ਤੋਂ ਕਿਸੇ ਖੇਤਰ ਦਾ ਸੰਪਰਕ ਟੁੱਟਦਾ ਹੈ ਤਾਂ ਭਾਸ਼ਾ ਵੀ ਟੁੱਟਦੀ ਹੈ। ਭੂਚਾਲ, ਹੜ ਆਦ ਕਾਰਣਾਂ ਕਰਕੇ ਕੋਈ ਖੇਤਰ ਕੱਟਿਆ ਜਾਂਦਾ ਹੈ, ਰਾਜ ਪਲਟਾ ਜਾਂ ਸਮਾਜਕ ਪਰਿਵਰਤਨਾਂ ਕਾਰਣ ਕੋਈ ਜਾਤੀ ਕਿਸੇ ਦੂਸਰੀ ਜਗ੍ਹਾ ਜਾ ਵਸਦੀ ਹੈ ਜਾਂ ਵਪਾਰਕ ਸਹੂਲਤਾਂ ਕਾਰਣ ਇਕ ਭੂ-ਖੰਡ ਆਪਣੇ ਅਸਲੀ ਕੇਂਦਰ ਨੂੰ ਛੱਡ ਕੇ ਦੂਸਰੇ ਕੇਂਦਰ ਨਾਲ ਆਪਣਾ ਸੰਪਰਕ ਸਥਾਪਤ ਕਰ ਲੈਂਦਾ ਹੈ ਤਾਂ ਅਜਿਹੇ ਪ੍ਰਦੇਸ਼ ਦੀ ਆਪਣੀ ਵਿਸ਼ੇਸ਼ ਬੋਲੀ ਵਿਕਸਿਤ ਹੋ ਜਾਂਦੀ ਹੈ।


ਰੇਖਾ-ਚਿੱਤਰ



ਕੋਈ ਜੇਤੂ ਜਾਤੀ ਕਿਸੇ ਪ੍ਰਾਂਤ 'ਤੇ ਅਧਿਕਾਰ ਕਰ ਲੈਂਦੀ ਹੈ ਤਾਂ ਇਸਦੇ ਬਾਵਜੂਦ ਇਕ ਅੱਧ ਇਲਾਕਾ ਅਜਿਹਾ ਰਹਿ ਜਾਂਦਾ ਹੈ, ਜਿਥੇ ਮੂਲ ਨਿਵਾਸੀ ਆਪਣੀ ਭਾਸ਼ਾ ਅਤੇ ਸੰਸਕ੍ਰਿਤੀ ਨੂੰ ਸੁਰੱਖਿਅਤ ਰੱਖ ਸਕਦੇ ਹਨ, ਜਿਵੇਂ ਬਲੋਚਿਸਤਾਨ ਦੀ ਆਰੀਆ ਭਾਸ਼ਾ ਵਿਚ ਦ੍ਰਾਵੜ ਬਰੂਹੀ ਜਾਂ ਜ਼ਿਲਾ ਮਿਰਜ਼ਾਪੁਰ (ਉੱਤਰ ਪ੍ਰਦੇਸ਼) ਵਿਚ ਦਰੁਦੀ ਬੋਲੀ ਆਦ। ਮੂਲ ਭਾਸ਼ਾ ਨਾਲ ਸੰਪਰਕ ਨਾ ਰਹਿ ਜਾਣ ਕਰਕੇ ਅਤੇ ਆਲੇ ਦੁਆਲੇ ਦੀ ਭਾਸ਼ਾ ਦਾ ਥੋੜਾ ਬਹੁਤ ਪ੍ਰਭਾਵ ਪੈ ਜਾਣ ਕਾਰਣ ਇਹ ਭਾਸ਼ਾ ਇਕ ਵੱਖਰੀ ਬੋਲੀ ਦੇ ਰੂਪ ਵਿਚ ਚਲਦੀ ਰਹਿੰਦੀ ਹੈ।

ਬੋਲੀ ਵਿਚ ਭਾਸ਼ਾ ਗਤੀ ਦੇ ਮੁਕਾਬਲੇ ਕੁਝ ਬਾਹਰੀ ਕਾਰਣਾਂ ਅਤੇ ਕੁਝ ਆਂਤਰਿਕ ਪ੍ਰਕਿਰਿਆ ਕਾਰਣ, ਜ਼ਿਆਦਾ ਤੇਜ਼ ਗਤੀ ਨਾਲ ਪਰਿਵਰਤਨ, ਉਸ ਬੋਲੀ ਦੇ ਸਾਰੇ ਖੇਤਰਾਂ ਵਿਚ ਇਕੋ ਜਿਹਾ ਨਹੀਂ ਹੁੰਦਾ, ਇਸ ਲਈ ਬੋਲੀ ਵਿਚ ਵੱਖਰਤਾ ਅਤੇ ਅਨੇਕਰੂਪਤਾ ਰਹਿੰਦੀ ਹੀ ਹੈ। ਮੰਨ ਲਵੋ ਕੋਈ ਇਕ ਭਾਸ਼ਾ ਬੋਲਣ ਵਾਲਾ ਖੇਤਰ ਹੈ ਜਿਥੇ 'ੳ, ਅ, ੲ, ਸ, ਪ' ਬੋਲੀਆਂ ਹਨ। ਜਿਥੇ ਪ੍ਰਕਿਰਤਕ ਸੀਮਾਵਾਂ ਨਹੀਂ ਹਨ, ਓਥੇ ਮੀਲਾਂ ਤੱਕ ਆਪਸੀ ਸੰਪਰਕ ਕਾਰਣ ਦੋ ਦੋ ਤਿੰਨ ਤਿੰਨ ਬੋਲੀਆਂ ਦਾ ਮਿਸ਼ਣ ਹੈ ਅਤੇ ਇਸਦੇ ਨਤੀਜੇ ਵਜੋਂ 1,2,7,10,11,12

ਉਪਬੋਲੀਆਂ ਵਿਕਸਿਤ ਹੋ ਗਈਆਂ ਹਨ। ਕਿਸੇ ਰਾਜਨੀਤਕ ਜਾਂ ਹੋਰ ਕਾਰਣ ਜਿਵੇਂ ਕਾਲ, ਰਾਜ ਪਲਟਾ ਜਾਂ ਫਿਰਕੂ ਦੰਗਿਆਂ ਕਾਰਣ 'ਬ' ਭਾਸ਼ਾ ਦੇ ਖੇਤਰ ਵਿਚੋਂ ਹਜ਼ਾਰਾਂ ਸ਼ਰਨਾਰਥੀ ਇਸ ਭਾਸ਼ਾ ਦੇ ਖੇਤਰ ਵਿਚ ਆ ਵਸੇ ਹਨ, ਜਿਸ ਕਾਰਣ 'ੳ, ੲ ਤੇ ਸ' ਬੋਲੀਆਂ ਦੇ ਕੁਝ ਹਿੱਸੇ ਉੱਤੇ 'ਬ' ਭਾਸ਼ਾ ਦਾ ਪ੍ਰਭਾਵ ਪੈ ਜਾਵੇਗਾ। ਇਸਦੇ ਨਤੀਜੇ ਵਜੋਂ 'ੳ,ੲ,ਸ' ਬੋਲੀਆਂ ਦੇ ਅੰਤਰਗਤ 3,4,5,6,8,9 ਉਪਬੋਲੀਆਂ ਹੋਰ ਪੈਦਾ ਹੋ ਜਾਣਗੀਆਂ। ਅੱਗੇ ਜਾ ਕੇ ਇਹ ਉਪਬੋਲੀਆਂ, ਬੋਲੀਆਂ ਅਤੇ ਭਾਸ਼ਾਵਾਂ ਵੀ ਬਣ ਸਕਦੀਆ ਹਨ। ਇਸ ਤਰ੍ਹਾਂ ਇਕ ਭਾਸ਼ਾ ਦੀਆਂ ਪੰਜ ਬੋਲੀਆਂ ਸਨ ਜੋ ਹੁਣ ਸਤਾਰਾਂ ਹੋ ਗਈਆਂ ਹਨ। ਜਿਵੇਂ ਹੇਠਲੇ ਰੇਖਾ-ਚਿਤਰ ਤੋਂ ਸਪਸ਼ਟ ਹੈ:



ਸ਼ੁਧ ਬੋਲੀਆਂ 'ੳ,ਅ,ੲ,ਸ' 1 ਵਿਚ 'ੳ,ਅ' ਦੇ ਮਿਸ਼੍ਰਣ; 2ਵਿਚ 'ੳ,ੲ'; ਦੇ 3ਵਿਚ 'ੳ,ੲ,ਬ' ਦੇ; 4 ਵਿਚ 'ੲ,ਬ' ਦੇ 5 ਵਿਚ 'ੲ,ਸ,ਬ' ਦੇ; 6 ਵਿਚ 'ੳ,ੲ,ਸ,ਬ' ਦੇ; 7 ਵਿਚ 'ੳ,ੲ,ਸ' ਦੇ; 8 ਵਿਚ 'ੳ,ਸ,ਬ' ਦੇ; 9 ਵਿਚ 'ਸ,ਬ' ਦੇ; 10 ਵਿਚ 'ੳ,ਸ' ਦੇ; 11 ਵਿਚ 'ੳ,ਸ,ਪ' ਦੇ ਅਤੇ 12 ਵਿਚ 'ੳ,ਪ' ਦੇ ਮਿਸ਼੍ਰਣ ਹਨ।

ਇਸ ਵਿਚ ਹਰੇਕ ਤੱਤ ਭਿੰਨ ਹੈ, ਕਿਸੇ ਵਿਚ ਸਰਲ ਕਿਸੇ ਵਿਚ ਜਟਿਲ। ਜੇਕਰ ਪਾਸਾਰ ਵਾਲੀ ਬੋਲੀ ਦੇ ਰਸਤੇ ਵਿਚ ਬਹੁਤ ਵੱਡਾ ਜੰਗਲ ਜਾਂ ਪਹਾੜ ਹੋਵੇਗਾ ਜਾਂ ਕੋਈ ਵੱਡੀ ਨਦੀ ਹੋਵੇਗੀ ਤਾਂ ਉਸਦਾ ਵਿਸਥਾਰ ਰੁੱਕ ਜਾਵੇਗਾ ਜਿਵੇਂ 'ਅ' ਦੇ ਦੱਖਣ-ਪੱਛਮ ਵੱਲ 'ਗ' ਨਦੀ ਕਾਰਣ ਜਾਂ 'ਪ' ਦੇ ਪੱਛਮ ਵੱਲ ਉੱਚੇ

ਤੇ ਅਲੰਘ ਪਹਾੜ ਦੇ ਕਾਰਣ। ਪਰੰਤੂ ਜੇਕਰ ਨਦੀ ਵਿਚ ਆਵਾਜਾਈ ਦੀ ਸਹੂਲਤ ਪ੍ਰਾਪਤ ਹੋਵੇ ਜਾਂ ਪਹਾੜ ਵਿਚਕਾਰ ਦਰ੍ਹੇ ਹੋਣ ਤਾਂ ਭਾਸ਼ਾ ਦੂਸਰੇ ਪਾਰ ਪਹੁੰਚ ਜਾਏਗੀ। ਜਿਵੇਂ 'ਘ' ਨਦੀ ਨੂੰ ਸਹੂਲਤਾਂ ਦੇ ਕਾਰਣ 'ਸ' ਅਤੇ 'ਪ' ਬੋਲੀਆਂ ਪਾਰ ਕਰ ਗਈਆਂ ਹਨ। ਕੋਈ ਸਮਾਜ ਜਿੰਨਾ ਖਿੰਡਿਆ ਪੁੰਡਿਆ ਹੋਵੇਗਾ, ਓਨੀ ਹੀ ਉਹਦੀ ਬੋਲੀ ਸੀਮਿਤ ਅਤੇ ਕੱਟੀ ਹੋਵੇਗੀ। ਜੇਕਰ ਕੋਈ ਪਿੰਡ ਜਾਂ ਪਿੰਡ ਸਮੂਹ ਆਰਥਕ, ਰਾਜਨੀਤਕ ਜਾਂ ਸਮਾਜਕ ਦ੍ਰਿਸ਼ਟੀ ਤੋਂ ਆਤਮਨਿਰਭਰ ਹੋਵੇਗਾ ਤਾਂ ਉਸਦੀ ਬੋਲੀ 'ਤੇ ਬਾਹਰੀ ਪ੍ਰਭਾਵ ਬਹੁਤ ਹੀ ਘੱਟ ਪੈਣਗੇ।

ਸਾਰਾਂਸ਼ ਇਹ ਹੈ ਕਿ ਭਾਸ਼ਾਵਾਂ ਟੁੱਟ ਕੇ ਬੋਲੀਆਂ ਬਣਦੀਆਂ ਰਹਿੰਦੀਆਂ ਹਨ ਅਤੇ ਬੋਲੀਆਂ ਟੁੱਟ ਕੇ ਜਾਂ ਵਿਕਸਿਤ ਹੋ ਕੇ ਭਾਸ਼ਾਵਾਂ ਬਣ ਜਾਂਦੀਆਂ ਹਨ। ਕਦੀ ਭਾਸ਼ਾ ਆਪਣੀਆਂ ਬੋਲੀਆਂ ਤੋਂ ਪੁਰਾਣੀ ਹੁੰਦੀ ਹੈ ਅਤੇ ਕਦੀ ਬੋਲੀਆਂ ਦੇ ਸਮੂਹ ਨਾਲ ਭਾਸ਼ਾ ਦਾ ਵਿਕਾਸ ਹੋਣ 'ਤੇ ਉਸ ਤੋਂ ਵਧੇਰੇ ਪੁਰਾਣੀ ਹੁੰਦੀ ਹੈ। ਬੋਲੀ ਅਤੇ ਭਾਸ਼ਾ ਦਾ ਨਿਖੇੜਾ ਅਤੇ ਸੰਪਰਕ ਬਣਿਆ ਰਹਿੰਦਾ ਹੈ। ਇਹ ਤਾਂ ਇਕ ਸਿੱਕੇ ਦੇ ਦੋ ਪਾਸਿਆਂ ਵਾਂਗ ਹਨ, ਜਿਨ੍ਹਾਂ ਨੂੰ ਕਿਸੇ ਵੰਡ-ਰੇਖਾ ਦੁਆਰਾ ਵੱਖ ਨਹੀਂ ਕੀਤਾ ਜਾ ਸਕਦਾ।

ਹਵਾਲੇ ਤੇ ਟਿੱਪਣੀਆਂ

1. Einer Haugen, *The Ecology of Language,* p. 238.
2. ਜੀ.ਏ. ਗ੍ਰੀਅਰਸਨ, 'ਭਾਰਤ ਕਾ ਭਾਸ਼ਾ ਸ੍ਰਵੇਖਸ਼ਣ', ਖੰਡ 1, ਭਾਗ ਪਹਿਲਾ, ਪੰਨੇ 4,5.
3. ਡਾ. ਰਾਮ ਵਿਲਾਸ ਸ਼ਰਮਾ, 'ਭਾਸ਼ਾ ਔਰ ਸਮਾਜ', ਪੰਨਾ 336.
4. ਡਾ. ਹਰਦੇਵ ਬਾਹਰੀ, 'ਗ੍ਰਾਮੀਣ ਹਿੰਦੀ ਬੋਲੀਆਂ', ਪੰਨਾ 1.
5. R.H. Robins, *General Linguistics,* p. 24.
6. ਉਹੀ ਰਚਨਾ, ਪੰਨੇ 1,2.
7. J.J. Gumperz, *Language in Social Groups,* p. 48.
8. D. Bolinger, *Aspects of Language,* p. 25.
9. ਡਾ. ਹਰਦੇਵ ਬਾਹਰੀ, 'ਗ੍ਰਾਮੀਣ ਹਿੰਦੀ ਬੋਲੀਆਂ', ਪੰਨਾ 4.

ਪੁਸਤਕ ਸੂਚੀ

ਹਿੰਦੀ

ਗ੍ਰੀਅਰਸਨ, ਜੀ.ਏ., 'ਭਾਰਤ ਕਾ ਭਾਸ਼ਾ ਸਰਵੇਖਸ਼ਨ' (ਅਨੁ: ਉਦਯਨਾਰਾਯਣ ਤਿਵਾਰੀ) ਖੰਡ ਪਹਿਲਾ, ਭਾਗ 1, ਪ੍ਰਕਾਸ਼ਨ ਸ਼ਾਖਾ, ਸੂਚਨਾ ਵਿਭਾਗ, ਉੱਤਰ ਪ੍ਰਦੇਸ਼, ਲਖਨਊ, ਮਿਤੀਹੀਣ।

ਤਿਵਾਰੀ, ਭੋਲਾ ਨਾਥ, ਪ੍ਰਿਯਦਰਸ਼ਨੀ, ਮੁਕੁਲ, 'ਹਿੰਦੀ ਭਾਸ਼ਾ ਕੀ ਸਾਮਾਜਿਕ ਭੂਮਿਕਾ', ਦਖਸ਼ਿਣ ਭਾਰਤ ਹਿੰਦੀ ਪ੍ਰਚਾਰ ਸਭਾ, ਮਦਰਾਸ, 1982.

ਬਾਹਰੀ, ਹਰਦੇਵ, 'ਗ੍ਰਾਮੀਣ ਹਿੰਦੀ ਬੋਲੀਆਂ', ਕਿਤਾਬ ਮਹਿਲ, ਅਲਾਹਾਬਾਦ, 1966.
ਸ਼ਰਮਾ, ਰਾਮ ਵਿਲਾਸ, 'ਭਾਸ਼ਾ ਔਰ ਸਮਾਜ', ਰਾਜਕਮਲ ਪ੍ਰਕਾਸ਼ਨ, ਨਵੀਂ ਦਿੱਲੀ, 1977.

ਅੰਗਰੇਜ਼ੀ

Bolinger, Dwight, *Aspects of Language*, Harcourt Brace Jovanovich, INC, New York, 1975.

Gumperz, John J., *Language in Social Groups*, (S.U.P) Stanford, California, 1971.

Haugen, Einer, *The Ecology of Language,* (S.U.P) Stanford, California, 1972.

Kluyeu, Boris I., *India : National and Language Problems,* Sterling Publishers, New Delhi, 1981.

Robins, R.H., *General Linguistics*, Longman's, London, 1968.

Srivastava, G.N., *The Language Controversy and the Minorities,* Atma Ram & Sons, Delhi, 1970.

ਫਰਗੂਸਨ ਦਾ ਭਾਸ਼ਾ ਸਿੱਧਾਂਤ—ਡਾਈਗਲੋਸੀਆ

ਪਿਛਲੇ ਕੁਝ ਦਹਾਕਿਆਂ ਵਿਚ ਭਾਸ਼ਾ ਵਿਗਿਆਨ ਸੰਬੰਧੀ ਜਿਥੇ ਨਵੇਂ ਸਿੱਧਾਂਤ ਅਤੇ ਵਿਸ਼ਲੇਸ਼ਣ ਸਾਹਮਣੇ ਆਏ ਹਨ, ਉਥੇ ਸਮਾਜ ਭਾਸ਼ਾ ਵਿਗਿਆਨ (Sociolinguistics) ਦੀ ਦ੍ਰਿਸ਼ਟੀ ਤੋਂ ਕਈ ਤਰ੍ਹਾਂ ਦੇ ਨਵੇਂ ਸੰਕਲਪ ਅਤੇ ਭਾਸ਼ਾ ਜੁਗਤਾਂ ਵਿਦਵਾਨਾਂ ਨੇ ਖੋਜੀਆਂ ਹਨ। ਇਨ੍ਹਾਂ ਵਿਚੋਂ ਪ੍ਰਮੁੱਖ ਚਾਰਲਸ ਫਰਗੂਸਨ (Charles Ferguson) ਦਾ ਡਾਈਗਲੋਸੀਆ (Diglossia) ਦਾ ਸੰਕਲਪ ਹੈ। ਫਰਗੂਸਨ ਨੇ ਡਾਈਗਲੋਸੀਆ ਸੰਬੰਧੀ ਇਕ ਖੋਜ-ਪੱਤਰ 1949 ਵਿਚ ਪੇਸ਼ ਕੀਤਾ। ਇਹ ਖੋਜ-ਪੱਤਰ ਕਈ ਪੱਖਾਂ ਤੋਂ ਕਲਾਸੀਕਲ ਮਹੱਤਤਾ ਰੱਖਦਾ ਹੈ। 1967 ਵਿਚ ਜੇ.ਏ. ਫਿਸ਼ਮੈਨ (J.A. Fishman) ਨੇ ਇਸ ਵਿਚ ਕੁਝ ਨਵੀਆਂ ਮਨੌਤਾਂ ਸ਼ਾਮਿਲ ਕਰਕੇ ਇਸ ਨੂੰ ਪੇਸ਼ ਕੀਤਾ।

ਡਾਈਗਲੋਸੀਆ ਸ਼ਬਦ ਮੂਲ ਰੂਪ ਵਿਚ ਫ਼ਰਾਂਸੀਸੀ ਸ਼ਬਦ 'diglossie' ਤੋਂ ਬਣਿਆ ਹੈ, ਜਿਹੜਾ ਅਜਿਹੀ ਸਥਿਤੀ ਲਈ ਵਰਤਿਆ ਜਾਂਦਾ ਹੈ।[1] ਇਸ ਤੋਂ ਪਹਿਲਾਂ ਇਸ ਸ਼ਬਦ ਦੀ ਵਰਤੋਂ ਫ਼ਰਾਂਸੀਸੀ ਭਾਸ਼ਾ ਵਿਗਿਆਨੀ ਮਾਰਕੇਸ (Marcais) ਨੇ ਕੀਤੀ ਸੀ।[2] ਪੰਜਾਬੀ ਵਿਚ ਇਸ ਪਦ (term) ਨੂੰ ਅਸੀਂ ਜਿਉਂ ਦਾ ਤਿਉਂ ਹੀ ਵਰਤਣ ਦਾ ਜਤਨ ਕੀਤਾ ਹੈ ਕਿਉਂਕਿ ਇਸ ਦੇ ਬਰਾਬਰ ਦਾ ਕੋਈ ਸ਼ਬਦ ਸਾਡੀ ਭਾਸ਼ਾ ਵਿਚ ਨਹੀਂ ਮਿਲਦਾ।

ਕਈ ਵਿਦਵਾਨਾਂ ਨੇ ਯੂਪਰੀਨ ਭਾਸ਼ਾਵਾਂ ਵਿਚ ਵਾਪਰੀ ਡਾਈਗਲੋਸੀਆ ਦੀ ਸਥਿਤੀ ਲਈ ਦੁਭਾਸ਼ਿਕਤਾ (Bilingualism) ਸ਼ਬਦ ਵੀ ਵਰਤਿਆ ਹੈ ਪਰ ਇਹ ਸ਼ਬਦ ਡਾਈਗਲੋਸੀਆ ਦੀ ਹੈਸੀਅਤ ਨੂੰ ਨਹੀਂ ਪਹੁੰਚਦਾ, ਕਿਉਂਕਿ ਇਹ ਆਪਣੇ ਆਪ ਵਿਚ ਦੁਭਾਸ਼ਿਕਤਾ ਦੀ ਸਥਿਤੀ ਤੋਂ ਕੁਝ ਵੱਖਰਾ ਹੈ।

ਫਰਗੂਸਨ ਅਨੁਸਾਰ ਕਈ ਭਾਸ਼ਾ ਸਮੁਦਾਇਆਂ (Speech communities) ਵਿਚ ਇਕ ਹੀ ਭਾਸ਼ਾ ਦੇ ਦੋ ਜਾਂ ਇਸ ਤੋਂ ਵੱਧ ਰੂਪ ਕੁਝ ਵਿਅਕਤੀਆਂ ਦੁਆਰਾ ਵੱਖ-ਵੱਖ ਸਥਿਤੀਆਂ ਅਤੇ ਸੰਦਰਭਾਂ ਵਿਚ ਬੋਲੇ ਜਾਂਦੇ ਹਨ। ਉਸ ਨੇ ਇਹ ਵੀ ਵੇਖਿਆ ਕਿ ਇਕ ਭਾਸ਼ਾ ਸਮੁਦਾਏ ਵਿਚ ਦੋਨੋਂ ਰੂਪ ਨਾਲੋਂ-ਨਾਲ ਵਰਤੋਂ ਵਿਚ ਆਉਂਦੇ ਹਨ ਅਤੇ ਆਪੋ ਆਪਣਾ ਰੋਲ ਅਦਾ ਕਰਦੇ ਹਨ।[3] ਇਸ ਸੰਬੰਧੀ ਭਾਰਤੀ ਭਾਸ਼ਾਵਾਂ ਵਿਚੋਂ ਕੁਝ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਿਵੇਂ ਬੰਗਲਾ ਦੇ ਦੋ ਰੂਪ ਹਨ—ਸਾਧੂ ਭਾਸ਼ਾ ਅਤੇ ਚਲਿਤ ਭਾਸ਼ਾ, ਤਮਿਲ ਦੇ ਵੀ ਦੋ ਰੂਪ

ਹਨ—ਚੇਂਤਮਿਲ (ਚੰਗੀ ਤਮਿਲ) ਅਤੇ ਪੇਚੂ ਤਮਿਲ (ਬੋਲਚਾਲ ਦੀ ਤਮਿਲ), ਤੈਲਗੂ ਦੇ ਦੋ ਰੂਪ ਹਨ—ਗ੍ਰੰਥਿਕਾ ਅਤੇ ਵਿਵਹਾਰਿਕਾ।[4] ਮੋਪਾਲਾਂ ਦੀ ਮਲਿਆਲਮ ਨੂੰ ਵੀ ਇਸ ਵਿਚ ਗਿਣਿਆ ਜਾ ਸਕਦਾ ਹੈ। ਡਾਈਗਲੋਸੀਆ ਦੀ ਸਥਿਤੀ ਵਿਚ ਇਸ ਤਰ੍ਹਾਂ ਦੇ ਦੋਨੋਂ ਰੂਪ ਵਰਤੋਂ ਦੀ ਦ੍ਰਿਸ਼ਟੀ ਤੋਂ ਉਚਿਤ ਹਨ। ਇਕ ਵਿਅਕਤੀ ਜੀਵਨ ਦੀਆਂ ਕੁਝ ਸਥਿਤੀਆਂ ਵਿਚ ਇਕ ਰੂਪ ਦੀ ਵਰਤੋਂ ਕਰਦਾ ਹੈ, ਜਦ ਕਿ ਹੋਰ ਸੰਦਰਭਾਂ ਵਿਚ ਦੂਸਰੇ ਰੂਪ ਦੀ। ਉਹ ਇਕ ਸਥਿਤੀ ਵਿਚ ਦੋਹਾਂ ਰੂਪਾਂ ਦੀ ਇਕੱਠੀ ਵਰਤੋਂ ਨਹੀਂ ਕਰਦਾ। ਡਾਈਗਲੋਸੀਆ ਦੀ ਸਥਿੰਤੀ ਵਿਚ ਆਮ ਤੌਰ 'ਤੇ ਇਕ ਭਾਸ਼ਾ ਰੂਪ ਦੀ ਵਰਤੋਂ ਸਾਹਿਤਿਕ ਰਚਨਾ ਆਦ ਵਿਦਵਤਾ ਦੇ ਖੇਤਰ ਵਿਚ ਕੀਤੀ ਜਾਂਦੀ ਹੈ, ਜਦ ਕਿ ਦੂਸਰੇ ਭਾਸ਼ਾ ਰੂਪ ਦੀ ਵਰਤੋਂ ਜੀਵਨ ਦੇ ਸਾਧਾਰਣ ਮੌਕਿਆਂ 'ਤੇ ਆਮ ਬੋਲਚਾਲ ਲਈ ਕੀਤੀ ਜਾਂਦੀ ਹੈ।

ਡਾਈਗਲੋਸੀਆ ਦੀ ਸਥਿਤੀ ਕਿਸੇ ਇਕ ਵਿਸ਼ੇਸ਼ ਭਾਸ਼ਾ ਪਰਿਵਾਰ ਜਾਂ ਭੂਗੋਲਿਕ ਖੇਤਰ ਤਕ ਸੀਮਿਤ ਨਹੀਂ ਹੁੰਦੀ। ਇਹ ਸਥਿਤੀ ਕਿਸੇ ਵੀ ਭਾਸ਼ਾ ਵਿਚ ਪ੍ਰਗਟ ਹੋ ਸਕਦੀ ਹੈ। ਫਰਗੂਸਨ ਉਦਾਹਰਣਾਂ ਦੇ ਆਧਾਰ 'ਤੇ ਕਹਿੰਦਾ ਹੈ ਕਿ ਡਾਈਗਲੋਸੀਆ ਦੀ ਸਥਿਤੀ ਅਜਿਹੇ ਭਾਸ਼ਾ ਸਮੁਦਾਇਆਂ ਵਿਚ ਵਿਆਪਕ ਰੂਪ ਵਿਚ ਮਿਲਦੀ ਹੈ, ਜਿਨ੍ਹਾਂ ਵਿਚ ਸਿਖਿਆ ਦਾ ਵਧੇਰੇ ਪਾਸਾਰ ਹੋਵੇ। ਉਸਦੀ ਇਹ ਦਲੀਲ ਕਾਫ਼ੀ ਵਜ਼ਨਦਾਰ ਜਾਪਦੀ ਹੈ ਕਿਉਂਕਿ ਅੱਜਕਲ੍ਹ ਜਿਸ ਸਮੁਦਾਏ ਵਿਚ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ, ਤਿਉਂ-ਤਿਉਂ ਆਮ ਭਾਸ਼ਾ ਨਾਲੋਂ ਉਨ੍ਹਾਂ ਦੀ ਭਾਸ਼ਾ ਨਿਖੇੜਾ ਸਥਾਪਿਤ ਕਰਦੀ ਜਾ ਰਹੀ ਹੈ। ਇਹ ਸਮੱਸਿਆ ਭਾਸ਼ਾ ਦੇ ਮਿਆਰੀਕਰਣ ਅਤੇ ਆਧੁਨਿਕੀਕਰਣ ਆਦ ਦੀਆਂ ਸਮੱਸਿਆਵਾਂ ਨਾਲ ਵੀ ਜੁੜੀ ਹੋਈ ਹੈ। ਫ਼ਰਗੂਸਨ ਨੇ ਕਿਸੇ ਭਾਸ਼ਾ ਸਮੁਦਾਏ ਵਿਚ ਡਾਈਗਲੋਸੀਆ ਲਈ ਤਿੰਨ ਸਥਿਤੀਆਂ ਦਾ ਵਰਣਨ ਕੀਤੀ ਹੈ[5]:

1. ਉਸ ਭਾਸ਼ਾ ਸਮੁਦਾਏ ਵਿਚ ਸਾਧਾਰਣ ਬੋਲਚਾਲ ਦੀ ਭਾਸ਼ਾ ਵਿਚ ਲਿਖਤ ਸਾਹਿਤ ਹੋਵੇ, ਜਿਹੜਾ ਉਸ ਦੇ ਜੀਵਨ ਮੁੱਲਾਂ ਦੀ ਪ੍ਰਤੀਨਿਧਤਾ ਕਰਦਾ ਹੋਵੇ।
2. ਉਸ ਸਮੁਦਾਏ ਵਿਚ ਸਿਖਿਆ ਦਾ ਪਾਸਾਰ ਉੱਚ ਵਰਗ ਤਕ ਸੀਮਿਤ ਹੋਵੇ।
3. ਉਪਰੋਕਤ (1) ਅਤੇ (2) ਦੀ ਸਥਾਪਤੀ ਦੇ ਬਾਅਦ ਕਾਫ਼ੀ ਲੰਬਾ ਵਕਫ਼ਾ (ਕਈ ਸੰਦਰਭਾਂ ਵਿਚ ਕੁਝ ਸ਼ਤਾਬਦੀਆਂ ਤਕ ਵੀ) ਰਿਹਾ ਹੋਵੇ।

ਜਿਨ੍ਹਾਂ ਸਮੁਦਾਇਆਂ ਵਿਚ ਇਹ ਤਿੰਨ ਸਥਿਤੀਆਂ ਹੋਣ, ਉਨ੍ਹਾਂ ਵਿਚ ਅਕਸਰ ਡਾਈਗਲੋਸੀਆ ਦੀ ਸਥਿਤੀ ਹੁੰਦੀ ਹੈ।

ਮਿਆਰੀਪਣ ਦੇ ਸੰਬੰਧ ਵਿਚ ਭਾਸ਼ਾ ਭੇਦਾਂ ਵਿਚ ਇਕ ਹੀ ਸਮੇਂ ਦੋ ਕੋਡਾਂ (Codes) ਦੀ ਵਰਤੋਂ ਹੁੰਦੀ ਹੈ। ਭਾਸ਼ਾ ਭੇਦਾਂ ਦੇ ਸੰਬੰਧ ਵਿਚ ਭਾਸ਼ਾ ਵਿਗਿਆਨੀ ਸ਼ੁਰੂ ਤੋਂ ਹੀ ਸੁਚੇਤ ਰਹੇ ਹਨ ਅਤੇ ਸਾਰਿਆਂ ਨੇ ਆਪਣੇ-ਆਪਣੇ ਢੰਗ ਨਾਲ ਇਨ੍ਹਾਂ

ਨੂੰ ਪ੍ਰਗਟਾਇਆ ਹੈ। ਇਨ੍ਹਾਂ ਭੇਦਾਂ ਵਿਚ ਭਾਸ਼ਾ ਤੇ ਬੋਲੀ ਦਾ ਭੇਦ ਪ੍ਰਮੁੱਖ ਰਿਹਾ ਹੈ। ਇਸੇ ਨਿਖੇੜੇ ਤੋਂ ਭਾਸ਼ਾ ਵਿਗਿਆਨੀਆਂ ਨੇ ਬੋਲੀ ਵਿਗਿਆਨ (Dialectology) ਦਾ ਸੰਕਲਪ ਖੋਜਿਆ ਹੈ, ਜਿਸ ਸੰਬੰਧੀ ਕਈ ਨਵੇਂ ਸਿੱਧਾਂਤ ਸਾਹਮਣੇ ਆਏ ਹਨ। ਦੋ ਭਾਸ਼ਾਵਾਂ ਦੇ ਸੰਬੰਧ ਵਿਚ ਦੁਭਾਸ਼ਿਕਤਾ ਦਾ ਸਿੱਧਾਂਤ ਵੀ ਕਾਫ਼ੀ ਚਰਚਿਤ ਹੈ। ਭਾਸ਼ਾ ਭੇਦਾਂ ਦੇ ਸੰਬੰਧ ਵਿਚ ਹੈਲੀਡੇ (Halliday, 1964) ਦੀ ਰਜਿਸਟਰ (Register) ਦੀ ਸੰਕਲਪਨਾ ਅਤੇ ਬਰਨਸਟੀਨ (Bernstin, 1973) ਦੀ ਸੀਮਿਤ ਕੋਡ (Restricted code) ਅਤੇ ਵਿਸਤ੍ਰਿਤ ਕੋਡ (Elaborated code) ਦੀ, ਸਾਸਿਊਰ (Saussure) ਦੀ ਲਾਂਗ (Langue) ਅਤੇ ਪੈਰੋਲ (Parole) ਅਤੇ ਚਾਮਸਕੀ (Chomsky) ਦੀ ਸਤਹ ਸੰਰਚਨਾ (Super structure) ਅਤੇ ਗਹਿਨ ਸੰਰਚਨਾ (Deep structure) ਆਦ ਦਾ ਵਿਵੇਚਨ ਇਸ ਸੰਬੰਧ ਵਿਚ ਕਾਫ਼ੀ ਮਹੱਤਵਪੂਰਣ ਹੈ।

ਡਾਈਗਲੋਸੀਆ ਅਤੇ ਦੁਭਾਸ਼ਿਕਤਾ ਦੀ ਸਥਿਤੀ ਵਿਚ ਵੀ ਨਿਖੇੜਾ ਸੰਭਵ ਹੈ। ਦੁਭਾਸ਼ਿਕਤਾ ਵਿਚ ਜਿਥੇ ਦੋ ਭਿੰਨ-ਭਿੰਨ ਕੋਡ ਵਰਤੇ ਜਾਂਦੇ ਹਨ, ਉਥੇ ਡਾਈਗਲੋਸੀਆ ਦੀ ਸਥਿਤੀ ਵਿਚ ਇਕ ਭਾਸ਼ਾ ਦੇ ਦੋ ਭਿੰਨ-ਭਿੰਨ ਰੂਪ ਵਰਤੇ ਜਾਂਦੇ ਹਨ। ਦੁਭਾਸ਼ਿਕਤਾ ਦੀ ਸਥਿਤੀ ਵਿਚ ਵਿਅਕਤੀ ਦੇ ਸਾਹਮਣੇ ਦੋ ਭਾਸ਼ਾਵਾਂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਵਿਅਕਤੀ ਨੇ ਕਿਸੇ ਇਕ ਭਾਸ਼ਾ ਦੀ ਜਾਂ ਫਿਰ ਦੋਹਾਂ ਦੇ ਮਿਸ਼ਰਤ ਰੂਪ ਦੀ ਪਹਿਲਾਂ ਚੋਣ ਕਰਨੀ ਹੁੰਦੀ ਹੈ। ਪਰ ਡਾਈਗਲੋਸੀਆ ਵਿਚ ਅਜਿਹੀ ਛੋਟ ਨਹੀਂ ਹੁੰਦੀ। ਉਂਜ ਦੁਭਾਸ਼ੀ ਸਮੁਦਾਏ ਵਿਚ ਵੀ ਡਾਈਗਲੋਸੀਆ ਦੀ ਸਥਿਤੀ ਵੇਖੀ ਜਾ ਸਕਦੀ ਹੈ।

ਲਗਪਗ ਸਾਰੇ ਭਾਸ਼ਾ ਸਮੁਦਾਇਆਂ ਵਿਚ ਮਿਆਰੀ ਭਾਸ਼ਾ, ਖੇਤਰੀ ਅਤੇ ਸਮਾਜਕ ਬੋਲੀਆਂ ਦਾ ਭੇਦ ਮਿਲਦਾ ਹੈ। ਮਾਰਟਿਨ ਜ਼ੂਸ (Martin zoos)[6] ਨੇ ਜਿਹੜੀਆਂ ਭਾਸ਼ਾ ਸ਼ੈਲੀਆਂ ਦਾ ਵਰਣਨ ਕੀਤਾ, ਉਹ ਵੀ ਡਾਈਗਲੋਸੀਏ ਨਾਲ ਮਿਲਦੀਆਂ ਹਨ ਪਰ ਡਾਈਗਲੋਸੀਆ ਉਨ੍ਹਾਂ ਭਾਸ਼ਾ ਸ਼ੈਲੀਆਂ ਤੋਂ ਵਧੇਰੇ ਸਪਸ਼ਟ ਹੈ।

ਫਰਗੂਸਨ ਨੇ ਡਾਈਗਲੋਸੀਆ ਦੀ ਸਥਿਤੀ ਨੂੰ ਸਪਸ਼ਟ ਕਰਦੇ ਹੋਏ ਨੌਂ ਮਹੱਤਵਪੂਰਣ ਨੁਕਤਿਆਂ ਦਾ ਵਰਣਨ ਕੀਤਾ ਹੈ:

1. ਪ੍ਰਕਾਰਜ (Function) :

ਡਾਈਗਲੋਸੀਆ ਦੀ ਸਥਿਤੀ ਵਿਚ ਹਰ ਵਿਅਕਤੀ ਦੇ ਸਾਹਮਣੇ ਦੋ ਭਾਸ਼ਾ ਰੂਪ ਹੁੰਦੇ ਹਨ, ਜਿਨ੍ਹਾਂ ਨੂੰ ਸਹੂਲਤ ਵਜੋਂ ਉੱਚ-ਵੰਨਗੀ (High variety or H) ਅਤੇ ਨਿਮਨ-ਵੰਨਗੀ (Low variety or L) ਵਿਚ ਵੰਡ ਲਿਆ ਜਾਂਦਾ ਹੈ। ਇਹ ਦੋਵੇਂ ਰੂਪ ਪਰਿਪੂਰਕ ਹਨ। ਅਰਥਾਤ ਇਨ੍ਹਾਂ ਦੀ ਵਰਤੋਂ ਦੇ ਵੱਖ-ਵੱਖ ਸੰਦਰਭ ਹਨ ਅਤੇ ਵਰਤੋਂ ਵਿਹਾਰ ਵਿਚ ਇਹ ਦੋਵੇਂ ਬਹੁਤ ਘੱਟ ਇਕ ਦੂਜੇ ਨੂੰ

ਉਲੰਘਦੇ ਹਨ। ਡੈੱਲ ਹਾਈਮਜ਼ (Dell Hymes) ਦਾ ਕਥਨ ਹੈ ਕਿ ਜੇਕਰ ਦੋਹਾਂ ਰੂਪਾਂ ਦੀ ਵਰਤੋਂ ਵਿਚੋਂ ਇਕ ਨੂੰ ਕੱਢ ਦੇਈਏ ਤਾਂ ਸਮਾਜ ਵਿਚ ਸੰਚਾਰ ਦੀ ਦ੍ਰਿਸ਼ਟੀ ਤੋਂ ਫ਼ਰਕ ਆ ਜਾਏਗਾ।[7] ਅਰਥਾਤ ਇਕੋ ਸਮਾਜ ਵਿਚ ਦੋਹਾਂ ਰੂਪਾਂ ਦਾ ਆਪਣਾ ਸਥਾਨ, ਖੇਤਰ ਅਤੇ ਵਰਤੋਂ ਹੈ। ਠੀਕ ਸਥਿਤੀ ਵਿਚ ਠੀਕ ਰੂਪ ਦੀ ਚੋਣ ਨਾ ਕਰਨ 'ਤੇ ਵਿਅਕਤੀ ਹਾਸੇ ਦਾ ਪਾਤਰ ਬਣ ਜਾਏਗਾ।

ਇਨ੍ਹਾਂ ਦੋਹਾਂ ਰੂਪਾਂ ਸੰਬੰਧੀ ਕਈ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਿਵੇਂ ਕਲਾਸੀਕਲ ਅਰਬੀ, ਜਿਹੜੀ ਕਿ ਪਵਿੱਤਰ ਕੁਰਾਨ ਦੀ ਭਾਸ਼ਾ ਹੈ, ਉੱਚ-ਵੰਨਗੀ ਅਤੇ ਆਮ ਬੋਲਚਾਲ ਦੀ ਅਰਬੀ ਨੂੰ ਨਿਮਨ ਵੰਨਗੀ ਵਿਚ ਰੱਖਿਆ ਜਾ ਸਕਦਾ ਹੈ, ਜਿਹੜੀ ਕਿ ਅਰਬ ਦੇਸ਼ਾਂ ਵਿਚ ਭਿੰਨ-ਭਿੰਨ ਹੈ। ਇਸੇ ਤਰ੍ਹਾਂ ਯੂਨਾਨ ਵਿਚ ਉੱਚ-ਵੰਨਗੀ ਵਜੋਂ Katharevusa ਨੂੰ ਪਵਿੱਤਰ ਭਾਸ਼ਾ ਜਾਂ ਸ਼ੁੱਧ ਭਾਸ਼ਾ ਅਤੇ ਧੀਮੋਤਿਕੀ (Dhimotiki) ਨੂੰ ਲੋਕ-ਲਿੱਪੀ ਜਾਂ ਨਿਮਨ-ਵੰਨਗੀ ਮੰਨਿਆ ਜਾਂਦਾ ਹੈ। ਜਰਮਨ-ਭਾਸ਼ੀ ਸਵਿਟਜ਼ਰਲੈਂਡ ਵਿਚ ਮਿਆਰੀ ਜਰਮਨ ਉੱਚ-ਵੰਨਗੀ ਦੇ ਤੌਰ 'ਤੇ ਅਤੇ ਸਵਿਸ-ਜਰਮਨ ਬੋਲੀਆਂ (Dialects) ਨੂੰ ਨਿਮਨ-ਵੰਨਗੀ ਵਿਚ ਰੱਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਹੇਤੀ (Haiti) ਵਿਚ ਫ਼ਰਾਂਸੀਸੀ ਨੂੰ ਉੱਚ-ਵੰਨਗੀ ਅਤੇ ਹੇਤੀਅਨ ਕ੍ਰਿਓਲ (Haitian Creole) ਨੂੰ, ਜਿਹੜੀ ਕਿ ਫ਼ਰਾਂਸੀਸੀ 'ਤੇ ਆਧਾਰਿਤ ਹੈ, ਨਿਮਨ-ਵੰਨਗੀ ਮੰਨਿਆ ਜਾਂਦਾ ਹੈ।

ਅਸਲ ਵਿਚ ਪ੍ਰਕਾਰਜ ਦੇ ਪੱਖੋਂ ਉੱਚ ਅਤੇ ਨਿਮਨ-ਵੰਨਗੀਆਂ ਉਨ੍ਹਾਂ ਸਥਿਤੀਆਂ 'ਤੇ ਨਿਰਭਰ ਕਰਦੀਆਂ ਹਨ, ਜਿਨ੍ਹਾਂ ਵਿਚ ਕਿਤੇ ਤਾਂ ਉੱਚ-ਵੰਨਗੀ ਯੋਗ ਹੁੰਦੀ ਹੈ ਅਤੇ ਕੁਝ ਵਿਚ ਨਿਮਨ ਦੀ ਵਰਤੋਂ ਠੀਕ ਜਾਪਦੀ ਹੈ। ਵੱਖ-ਵੱਖ ਸਥਿਤੀਆਂ ਵਿਚ ਉੱਚ ਅਤੇ ਨਿਮਨ ਨੂੰ ਇੰਜ ਵੀ ਪੇਸ਼ ਕੀਤਾ ਜਾ ਸਕਦਾ ਹੈ:

ਸਥਿਤੀ	ਉੱਚ ਵੰਨਗੀ	ਨਿਮਨ ਵੰਨਗੀ
ੳ. ਧਾਰਮਿਕ ਪੂਜਾ ਸਥਲਾਂ 'ਤੇ ਪ੍ਰਾਥਨਾ ਅਤੇ ਪ੍ਰਵਚਨਾਂ ਲਈ ਵਰਤੀ ਜਾਂਦੀ ਭਾਸ਼ਾ	x	
ਅ. ਨੌਕਰਾਂ, ਬੈਰਿਆਂ, ਮਜ਼ਦੂਰਾਂ ਆਦ ਨੂੰ ਹਦਾਇਤਾਂ ਦੇਣ ਲਈ		x
ੲ. ਨਿੱਜੀ ਪੱਤਰ-ਵਿਹਾਰ	x	
ਸ. ਰਾਜਨੀਤਕ ਭਾਸ਼ਣ ਅਤੇ ਪਾਰਲੀਮੈਂਟ ਜਾਂ ਵਿਧਾਨ ਸਭਾਵਾਂ ਵਿਚ ਦਿੱਤੇ ਜਾਂਦੇ ਭਾਸ਼ਣ	x	
ਹ. ਯੂਨੀਵਰਸਿਟੀ ਵਿਚ ਦਿੱਤੇ ਜਾਂਦੇ ਵਖਿਆਨ	x	
ਕ. ਪਰਿਵਾਰ, ਦੋਸਤਾਂ ਅਤੇ ਨਾਲ ਕੰਮ ਕਰਨ		

ਵਾਲਿਆਂ ਨਾਲ ਆਮ ਗੱਲਬਾਤ		x
ਖ. ਜ਼ਿਆਦਾਤਰ ਰੇਡੀਓ ਪ੍ਰਸਾਰਨਾਂ ਵਿਚ	x	
ਗ. ਰੇਡੀਓ ਜਾਂ ਟੀ.ਵੀ. ਤੋਂ ਆਮ ਭਾਸ਼ਾ ਵਿਚ ਪੇਸ਼ ਕੀਤੇ ਜਾਂਦੇ ਪ੍ਰੋਗਰਾਮ		x
ਘ. ਅਖ਼ਬਾਰਾਂ, ਸੰਪਾਦਕੀਆਂ, ਲੇਖਾਂ ਆਦ ਵਿਚ	x	
ਙ. ਕਾਰਟੂਨਾਂ ਆਦ ਵਿਚ		x
ਚ. ਕਵਿਤਾ		x
ਛ. ਲੋਕ ਸਾਹਿਤ		x

ਇਨ੍ਹਾਂ ਪ੍ਰਸਥਿਤੀਆਂ ਵਿਚ ਕਈ ਵਾਰ ਕਵਿਤਾ ਵਿਚ ਵੀ ਨਿਮਨ-ਵੰਨਗੀ ਵਾਲਾ ਰੂਪ ਵਰਤ ਲਿਆ ਜਾਂਦਾ ਹੈ, ਪਰ ਵਧੇਰੇ ਕਰਕੇ ਉੱਚ-ਵੰਨਗੀ ਵਾਲਾ ਰੂਪ ਹੀ ਵਰਤੋਂ ਵਿਚ ਆਉਂਦਾ ਹੈ। ਇਸੇ ਤਰ੍ਹਾਂ ਲੋਕ ਸਾਹਿਤ ਤਾਂ ਭਾਵੇਂ ਨਿਮਨ-ਵੰਨਗੀ ਵਿਚ ਹੀ ਹੋਵੇ, ਪਰ ਉਸ ਸੰਬੰਧੀ ਕੀਤੀਆਂ ਆਲੋਚਨਾਵਾਂ ਅਤੇ ਅਧਿਐਨ ਵਧੇਰੇ ਉੱਚ-ਵੰਨਗੀ ਵਿਚ ਹੀ ਹੁੰਦੇ ਹਨ। ਅਸਲ ਵਿਚ ਜੇ ਸਪਸ਼ਟ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਉੱਚ-ਵੰਨਗੀ ਪੜ੍ਹੇ-ਲਿਖੇ ਲੋਕਾਂ ਦੀ ਭਾਸ਼ਾ ਹੈ, ਜਦ ਕਿ ਨਿਮਨ-ਵੰਨਗੀ ਆਮ ਜਨ-ਸਾਧਾਰਣ ਵਰਤਦਾ ਹੈ। ਇੰਜ ਸਪਸ਼ਟ ਹੈ ਕਿ ਇਨ੍ਹਾਂ ਰੂਪਾਂ ਦੀ ਵਰਤੋਂ ਸਥਿਤੀ 'ਤੇ ਨਿਰਭਰ ਕਰਦੀ ਹੈ।

2. ਪ੍ਰਤਿਸ਼ਠਾ (Prestige) :

ਫਰਗੂਸਨ ਕਹਿੰਦਾ ਹੈ ਕਿ ਉੱਚ ਅਤੇ ਨਿਮਨ ਸ਼ਬਦ ਕੇਵਲ ਸਹੂਲਤ ਲਈ ਹੀ ਹਨ। ਇਹ ਸ਼ਬਦ ਨਿਰਾਰਥਕ ਨਹੀਂ ਹਨ। ਉੱਚ-ਵੰਨਗੀ ਨਾਲ ਕਈ ਪ੍ਰਕਾਰ ਦੇ ਸਮਾਜਕ ਮੁੱਲ (Social values) ਜੁੜੇ ਹੁੰਦੇ ਹਨ, ਕਿਉਂਕਿ ਉੱਚ-ਵੰਨਗੀ ਨੂੰ ਸਾਂਸਕ੍ਰਿਤਕ (Cultured) ਮੰਨਿਆ ਜਾਂਦਾ ਹੈ, ਜਿਸ ਦੀ ਵਰਤੋਂ ਸਮਾਜ ਉੱਚ ਸਿੱਖਿਆ ਪ੍ਰਾਪਤ ਵਰਗ ਆਪਣੇ ਤਕ ਸੀਮਿਤ ਅਤੇ ਪ੍ਰਤਿਸ਼ਠਾ ਦੇ ਰੂਪ ਵਿਚ ਕਰਦਾ ਹੈ। ਇਥੇ ਉੱਚ-ਵੰਨਗੀ ਦਾ ਗਿਆਨ ਹੋਣਾ ਵੀ ਪ੍ਰਤਿਸ਼ਠਾ ਦਾ ਕਾਰਣ ਬਣਦਾ ਹੈ ਅਤੇ ਆਮ ਆਦਮੀ ਇਸ ਤੋਂ ਵੰਚਿਤ ਰਹਿ ਜਾਂਦਾ ਹੈ। ਦੂਸਰਾ ਹੋਰ ਸਮਾਜਕ ਤੱਤਾਂ ਵਾਂਗ ਭਾਸ਼ਾ ਵੀ ਵੱਖ-ਵੱਖ ਸਮਾਜਕ ਗਰੁੱਪਾਂ ਵਿਚ ਅੰਤਰ ਕਰਨ ਅਤੇ ਉੱਚ ਵਰਗ ਦੀ ਪ੍ਰਤਿਸ਼ਠਾ ਵਧਾਉਣ ਵਿਚ ਸਹਾਇਤਾ ਕਰਦੀ ਹੈ। ਇਸ ਸੰਬੰਧੀ ਫਰਗੂਸਨ ਇਕ ਉਦਾਹਰਣ ਦੇਂਦਾ ਹੈ ਕਿ ਪੜ੍ਹੇ-ਲਿਖੇ ਅਰਬ ਅਤੇ ਹੇਤੀਅਨ ਇਸ ਗੱਲ 'ਤੇ ਜ਼ੋਰ ਦੇਂਦੇ ਹਨ ਕਿ ਉਹ ਨਿਮਨ-ਵੰਨਗੀ ਬਾਰੇ ਕੁਝ ਨਹੀਂ ਜਾਣਦੇ, ਜਦ ਕਿ ਆਮ ਸਾਧਾਰਣ ਮੌਕਿਆਂ 'ਤੇ ਉਹ ਅਕਸਰ ਇਸੇ ਵੰਨਗੀ ਵਿਚ ਗੱਲਬਾਤ ਕਰਦੇ ਹਨ। ਇਥੋਂ ਤਕ ਕਿ ਜਿਹੜੇ ਲੋਕ ਉੱਚ-ਵੰਨਗੀ ਨੂੰ ਚੰਗੀ ਤਰ੍ਹਾਂ ਸਮਝਦੇ

ਵੀ ਨਹੀਂ, ਉਹ ਵੀ ਇਸ ਦੀ ਵਰਤੋਂ 'ਤੇ ਜ਼ੋਰ ਦੇਂਦੇ ਹਨ।

ਇਸ ਸੰਬੰਧ ਵਿਚ ਇਹ ਵੀ ਮਹੱਤਵਪੂਰਣ ਹੈ ਕਿ ਸਮਾਜ ਦਾ ਸਭ ਤੋਂ ਵੱਡਾ ਅਸਿਖਿਅਤ ਵਰਗ ਕਿਵੇਂ ਇਕ ਰੂਪ ਨਾਲ ਕੰਮ ਚਲਾਉਂਦਾ ਹੈ। ਦੋਹਾਂ ਰੂਪਾਂ ਦੇ ਵਰਤਾਰੇ ਨੂੰ ਗ਼ੌਰ ਨਾਲ ਦੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਉੱਚ-ਵੰਨਗੀ ਦੇ ਭਿੰਨ-ਭਿੰਨ ਪੱਧਰ ਆਮ ਆਦਮੀ ਦੀ ਵਰਤੋਂ ਤੋਂ ਬਾਹਰੇ ਹਨ। ਆਮ ਆਦਮੀ ਤਾਂ ਭਾਸ਼ਾ ਰਾਹੀਂ ਆਪਣੇ ਭਾਵਾਂ ਅਤੇ ਜ਼ਰੂਰਤਾਂ ਦੀ ਅਭਿਵਿਅਕਤੀ ਅਣ-ਉਪਚਾਰਕ ਪੱਧਰ 'ਤੇ ਕਰਨਾ ਹੀ ਭਾਸ਼ਾ ਦਾ ਉੱਦੇਸ਼ ਮਿਥਦਾ ਹੈ। ਉੱਚ-ਵੰਨਗੀ ਦੀ ਵਰਤੋਂ ਤਾਂ ਵਧੇਰੇ ਉੱਚ-ਵਰਗ ਹੀ ਕਰਦਾ ਹੈ। ਇਸ ਲਈ ਇਹ ਰੂਪ ਪ੍ਰਤਿਸ਼ਠਾ ਅਤੇ ਗੌਰਵ ਪ੍ਰਾਪਤ ਕਰ ਲੈਂਦਾ ਹੈ। ਸ਼ਾਇਦ ਇਸੇ ਕਾਰਣ ਇਸ ਰੂਪ ਨੂੰ ਬਰਕਰਾਰ ਰੱਖਣ ਲਈ ਸਮਾਜ ਵਿਸ਼ੇਸ਼ ਉਚੇਚ ਕਰਦਾ ਹੈ ਅਤੇ ਇਹ ਰੂਪ ਦੂਜੀਆਂ ਪੀੜ੍ਹੀਆਂ ਨੂੰ ਪ੍ਰਦਾਨ ਕਰਦਾ ਹੈ।

ਲੋਕਾਂ ਵਿਚ ਇਹ ਧਾਰਨਾ ਵੀ ਆਮ ਪਾਈ ਜਾਂਦੀ ਹੈ ਕਿ ਉੱਚ-ਵੰਨਗੀ ਹੀ ਵਾਸਤਵ ਵਿਚ ਅਸਲ ਭਾਸ਼ਾ ਰੂਪ ਹੈ, ਜਿਹੜਾ ਸੁੰਦਰ, ਸੰਗਠਿਤ ਅਤੇ ਸੰਚਾਰ ਦਾ ਉਚਿਤ ਮਾਧਿਅਮ ਹੈ। ਇਸ ਦੀ ਤੁਲਨਾ ਵਿਚ ਨਿਮਨ-ਵੰਨਗੀ ਨੂੰ ਮਹੱਤਵਹੀਨ ਸਮਝਿਆ ਜਾਂਦਾ ਹੈ। ਉੱਚ-ਵੰਨਗੀ ਦੇ ਸਾਹਿਤਿਕ ਭਾਸ਼ਾ ਹੋਣ ਦੇ ਨਾਤੇ ਧਰਮ, ਰਾਜਨੀਤੀ, ਵਿਦਿਆ ਆਦ ਦੇ ਖੇਤਰਾਂ ਵਿਚ ਇਸ ਦੀ ਵਰਤੋਂ ਕਾਰਣ ਇਸ ਦੀ ਮਾਨਤਾ ਨੂੰ ਵਧੇਰੇ ਬਲ ਮਿਲਦਾ ਹੈ। ਕਦੀ-ਕਦੀ ਨਿਮਨ-ਵੰਨਗੀ ਦੀ ਵਰਤੋਂ ਕਰਨ ਵਾਲੇ ਲੋਕ ਇਹ ਜ਼ਾਹਿਰ ਕਰਦੇ ਹਨ ਕਿ ਉਹ ਸਹੀ ਭਾਸ਼ਾ ਨਹੀਂ ਜਾਣਦੇ। ਦੂਸਰੇ ਪਾਸੇ ਉੱਚ-ਵੰਨਗੀ ਦੇ ਵਰਤਣਹਾਰੇ ਇਹ ਮੰਨਣ ਤੋਂ ਇਨਕਾਰੀ ਹੁੰਦੇ ਹਨ ਕਿ ਉਹ ਰੋਜ਼ਾਨਾ ਕਈ ਸਥਿਤੀਆਂ ਵਿਚ ਨਿਮਨ-ਵੰਨਗੀ ਦੀ ਵਰਤੋਂ ਕਰਦੇ ਹਨ। ਉਹ ਆਪਣੀ ਭਾਸ਼ਕ ਯੋਗਤਾ (Language competance) ਵਿਚ ਨਿਮਨ-ਵੰਨਗੀ ਦਾ ਦਖ਼ਲ ਸਵੀਕਾਰ ਨਹੀਂ ਕਰਦੇ। ਜੇਕਰ ਉਨ੍ਹਾਂ ਕੋਲੋਂ ਪੁਛਿਆ ਜਾਵੇ ਕਿ ਬਾਜ਼ਾਰ ਵਿਚ, ਬੱਚਿਆਂ ਨਾਲ, ਨੌਕਰਾਂ ਆਦ ਨਾਲ ਉਹ ਕਿਹੜੀ ਭਾਸ਼ਾ ਵਰਤਦੇ ਹਨ ਤਾਂ ਉਤਰ ਮਿਲਦਾ ਹੈ ਕਿ ਉਹ ਲੋਕ ਤਾਂ ਮੇਰੀ ਭਾਸ਼ਾ ਸਮਝ ਹੀ ਨਹੀਂ ਸਕਦੇ। ਇਸ ਸਭ ਕੁਝ ਦਾ ਕਾਰਣ ਉੱਚ-ਵੰਨਗੀ ਨੂੰ ਪ੍ਰਤਿਸ਼ਠਾ ਦਾ ਚਿੰਨ੍ਹ ਮੰਨਣ ਕਰਕੇ ਹੈ।

3. ਸਾਹਿਤਿਕ ਵਿਰਸਾ (Literary Heritage) :

ਡਾਈਗਲੋਸੀਆ ਦਾ ਮੂਲ ਕਾਰਣ ਸਾਹਿਤ ਦਾ ਵਿਸ਼ਾਲ ਭੰਡਾਰ ਵੀ ਹੈ। ਇਹ ਸਾਹਿਤ ਉੱਚ-ਵੰਨਗੀ ਵਿਚ ਹੁੰਦਾ ਹੈ ਅਤੇ ਹਰ ਸਮੁਦਾਏ ਨੂੰ ਆਪਣੇ ਇਸ ਵਿਰਸੇ 'ਤੇ ਗੌਰਵ ਹੁੰਦਾ ਹੈ। ਇਸੇ ਕਰਕੇ ਵਰਤਮਾਨ ਸਾਹਿਤ ਦੀ ਰਚਨਾ ਵੀ ਉੱਚ-ਵੰਨਗੀ ਵਿਚ ਕੀਤੀ ਜਾਂਦੀ ਹੈ। ਕਦੀ-ਕਦੀ ਸਾਧਾਰਣ ਭਾਸ਼ਾ ਤੋਂ ਆਪਣੀ

ਭਾਸ਼ਾ ਨੂੰ ਵੱਖ ਕਰਕੇ ਅਤੇ ਪੁਰਾਣੀ ਭਾਸ਼ਾ ਤੋਂ ਰੂਪ ਲੈਣ ਦੀ ਪ੍ਰਵਿਰਤੀ ਇੰਨੀ ਵੱਧ ਜਾਂਦੀ ਹੈ ਕਿ ਉੱਚ-ਵੰਨਗੀ ਸਾਧਾਰਣ ਭਾਸ਼ਾ ਤੋਂ ਦੂਰ ਅਤੇ ਮੋਹ ਵਸ ਪੁਰਾਣੀ ਭਾਸ਼ਾ ਦੇ ਨੇੜੇ ਚਲੀ ਜਾਂਦੀ ਹੈ। ਅਜਿਹੀ ਸਥਿਤੀ ਨੂੰ ਨਵ-ਸਨਾਤਨੀਵਾਦ (neo-classicism) ਵੀ ਕਿਹਾ ਜਾਂਦਾ ਹੈ।

4. ਗ੍ਰਹਿਣ ਸ਼ਕਤੀ (Acquisition) :

ਨਿਮਨ-ਵੰਨਗੀ ਆਪਸੀ ਗੱਲ-ਕੱਥ ਦਾ ਸਾਧਨ ਹੈ। ਕਿਸੇ ਵੀ ਸਮੁਦਾਏ ਦੇ ਸਾਰੇ ਬੱਚੇ ਪਹਿਲੇ ਇਸ ਨੂੰ ਗ੍ਰਹਿਣ ਕਰਦੇ ਹਨ। ਇਹ ਰੂਪ ਬੱਚਿਆਂ ਨਾਲ ਗੱਲਬਾਤ ਲਈ ਵਰਤਿਆ ਜਾਂਦਾ ਹੈ। ਬੱਚੇ ਇਸ ਨੂੰ ਸਿਖਦੇ ਹਨ ਅਤੇ ਫਿਰ ਆਪਣੇ ਸਾਥੀਆਂ ਅਤੇ ਆਲੇ-ਦੁਆਲੇ ਦੇ ਲੋਕਾਂ ਨਾਲ ਸੰਚਾਰ ਲਈ ਇਹ ਰੂਪ ਵਰਤਦੇ ਹਨ। ਉੱਚ-ਵੰਨਗੀ ਤਾਂ ਉਹ ਇਸ ਤੋਂ ਬਾਅਦ ਸਕੂਲ ਸਮੇਂ ਉਪਚਾਰਕ ਸਿਖਿਆ ਰਾਹੀਂ ਗ੍ਰਹਿਣ ਕਰਦੇ ਹਨ। ਇਸ ਦੇ ਦੋ ਤਤਕਾਲ ਅਸਰ ਹੁੰਦੇ ਹਨ—ਪਹਿਲਾਂ ਇਹ ਕਿ ਉਪਚਾਰਕ ਤੌਰ 'ਤੇ ਉੱਚ-ਵੰਨਗੀ ਨੂੰ ਸਕੂਲ ਵਿਚ ਹੀ ਸਿਖਿਆ ਜਾਂਦਾ ਹੈ ਅਤੇ ਕੁਲ ਸੰਸਾਰ ਵਿਚ ਇਹ ਪੱਧਤੀ ਇੰਜ ਹੀ ਚੱਲਦੀ ਹੈ। ਦੂਸਰਾ, ਜਿਹੜੇ ਉਪਚਾਰਕ ਸਿਖਿਆ ਰਾਹੀਂ ਨਹੀਂ ਸਿਖਦੇ ਅਤੇ ਉਹਨਾਂ ਕੋਲ ਨਿਮਨ-ਵੰਨਗੀ ਹੀ ਹੁੰਦੀ ਹੈ, ਜਿਸ ਦੀ ਵਰਤੋਂ ਵਿਚ ਉਹ ਮਾਹਿਰ ਹੁੰਦੇ ਹਨ। ਉੱਚ-ਵੰਨਗੀ ਇਕ ਤਰ੍ਹਾਂ ਨਾਲ ਠੋਸੀ ਹੋਈ ਉੱਚਤਮ ਸ਼ੈਲੀ (Superposed style) ਹੈ। ਸਾਧਾਰਣ ਵਿਅਕਤੀ ਨਿਮਨ-ਵੰਨਗੀ ਵਰਗੀ ਭਾਸ਼ਾਈ ਕੁਸ਼ਲਤਾ ਉੱਚ ਵਿਚ ਕਦੀ ਨਹੀਂ ਪਾਉਂਦਾ। ਉੱਚ-ਵੰਨਗੀ ਵਿਆਕਰਣ ਨੇਮਾਂ ਨੂੰ ਸਿਖਣ ਅਤੇ ਹੋਰ ਭਾਸ਼ਾ ਸਿਖਿਆ ਪੱਧਤੀਆਂ ਨੂੰ ਗ੍ਰਹਿਣ ਕਰਨ ਲਈ ਸਹਾਈ ਹੁੰਦੀ ਹੈ। ਫ਼ਰਕ ਸਿਰਫ਼ ਏਨਾ ਹੁੰਦਾ ਹੈ ਕਿ ਵਿਅਕਤੀ ਬਚਪਨ ਤੋਂ ਹੀ ਕੁਝ ਸਮਾਜਕ ਸਥਿਤੀਆਂ ਵਿਚ ਉੱਚ-ਵੰਨਗੀ ਨੂੰ ਸੁਣਨ ਦਾ ਆਦੀ ਹੁੰਦਾ ਹੈ, ਚਾਹੇ ਵਕਤੇ ਦੇ ਰੂਪ ਵਿਚ ਉਹ ਉਹਨਾਂ ਵਿਚ ਹਿੱਸਾ ਨਾ ਲੈਂਦਾ ਹੋਵੇ। ਇਸੇ ਕਰਕੇ ਉੱਚ-ਵੰਨਗੀ ਨੂੰ ਗ੍ਰਹਿਣ ਕਰਨ ਵੇਲੇ ਉਸ ਨੂੰ ਉਸ ਰੂਪ ਵਿਚ ਇਹ ਅਧਿਐਨ ਓਪਰਾ ਨਹੀਂ ਲੱਗਦਾ ਜਿਵੇਂ ਕਿ ਕਿਸੇ ਹੋਰ ਭਾਸ਼ਾ ਦੇ ਗ੍ਰਹਿਣ ਕਰਨ ਸਮੇਂ ਲੱਗਦਾ ਹੈ। ਉਹ ਸ਼ੁਰੂ ਤੋਂ ਹੀ ਉੱਚ-ਵੰਨਗੀ ਨੂੰ ਗ੍ਰਹਿਣ ਕਰਨ ਲਈ ਮਾਨਸਿਕ ਰੂਪ ਵਿਚ ਤਿਆਰ ਹੋ ਜਾਂਦਾ ਹੈ।

5. ਮਿਆਰੀਕਰਣ (Standardization) :

ਉੱਚ-ਵੰਨਗੀ ਪ੍ਰਤੀ ਇਹ ਧਾਰਨਾ ਆਮ ਪਾਈ ਜਾਂਦੀ ਹੈ ਕਿ ਉਹੀ ਵਾਸਤਵਿਕ ਭਾਸ਼ਾ ਰੂਪ ਹੈ, ਜਦ ਕਿ ਨਿਮਨ-ਵੰਨਗੀ ਨੂੰ ਉਹਦਾ ਵਿਗੜਿਆ ਰੂਪ ਗਰਦਾਨਿਆ ਜਾਂਦਾ ਹੈ। ਉੱਚ-ਵੰਨਗੀ ਨੂੰ ਮਿਆਰੀ ਭਾਸ਼ਾ ਮੰਨਣ ਅਤੇ ਵਿਦਿਆ, ਪ੍ਰਸ਼ਾਸਨ ਅਤੇ ਜਨ-ਸੰਚਾਰ ਮਾਧਿਅਮਾਂ ਵਿਚ ਇਸ ਦੀ ਇਹ ਪ੍ਰਵਿਰਤੀ ਨਿਮਨ-ਵੰਨਗੀ ਦੇ ਸੰਦਰਭ ਵਿਚ ਕਦੇ ਵੀ ਨਹੀਂ ਵੇਖੀ ਗਈ। ਭਾਸ਼ਾ ਦੇ

ਮਿਆਰੀਕਰਣ ਦੀ ਦ੍ਰਿਸ਼ਟੀ ਤੋਂ ਉੱਚ-ਵੰਨਗੀ ਦੇ ਸੰਦਰਭ ਵਿਚ ਵਿਆਕਰਣ, ਸ਼ਬਦ-ਕੋਸ਼ ਨਿਰਮਾਣ, ਉਚਾਰਣ ਸ਼ੈਲੀ ਦਾ ਅਧਿਐਨ ਅਤੇ ਪਾਠ-ਪੁਸਤਕਾਂ ਦੀ ਤਿਆਰੀ ਦੀ ਲੰਬੀ ਪਰੰਪਰਾ ਮਿਲਦੀ ਹੈ। ਇਨ੍ਹਾਂ ਦਾ ਲੇਖਣ ਸਿਸਟਮ ਵੀ ਸੰਗਠਿਤ ਰੂਪ ਵਿਚ ਹੁੰਦਾ ਹੈ। ਜਦੋਂ ਕਿ ਨਿਮਨ-ਵੰਨਗੀ ਵਿਚ ਅਣਉਪਚਾਰਕ ਲੇਖਣ ਦੀ ਵਰਤੋਂ ਹੀ ਕੀਤੀ ਜਾਂਦੀ ਹੈ, ਕਿਉਂਕਿ ਮਿਆਰੀ ਰੂਪ ਦੀ ਤੁਲਨਾ ਵਿਚ ਕਈ ਪ੍ਰਦੇਸ਼ਿਕ ਜਾਂ ਖੇਤਰੀ ਨਿਮਨ-ਵੰਨਗੀਆਂ ਵੀ ਮਿਲਦੀਆਂ ਹਨ। ਇਨ੍ਹਾਂ ਸਾਰੇ ਕਾਰਣਾਂ ਕਰਕੇ ਨਿਮਨ-ਵੰਨਗੀ ਨੂੰ ਮਿਆਰੀ ਨਹੀਂ ਮੰਨਿਆ ਜਾਂਦਾ, ਜਿਸ ਕਾਰਣ ਉੱਚ-ਵੰਨਗੀ ਨੂੰ ਬਲ ਮਿਲਦਾ ਹੈ। ਭਾਸ਼ਾ ਦੀ ਹੋਰ ਕਈਆਂ ਸਥਿਤੀਆ ਵਿਚ ਵਰਤੋਂ ਕਾਰਣ ਅਤੇ ਕਿਤੇ-ਕਿਤੇ ਧਰਮ ਦੇ ਕਾਰਣ ਉਨ੍ਹਾਂ ਵਿਚੋਂ ਉੱਚ-ਵੰਨਗੀ ਨੂੰ ਗੌਰਵਤਾ ਪ੍ਰਾਪਤ ਹੁੰਦੀ ਹੈ। ਇਹ ਗੌਰਵਤਾ ਮਿਆਰੀਕਰਣ ਨੂੰ ਦ੍ਰਿੜ ਕਰਦੀ ਹੈ।

ਸੀਮਿਤ ਭਾਸ਼ਾ ਸਮੁਦਾਇਆਂ ਵਿਚ, ਜਿਨ੍ਹਾਂ ਵਿਚ ਸਮਾਜ-ਸਭਿਆਚਾਰਕ ਕੇਂਦਰ ਸੀਮਿਤ ਹੋਣ ਅਤੇ ਕਈਆਂ ਸਥਿਤੀਆਂ ਵਿਚ ਕੇਵਲ ਇਕ ਹੋਵੇ, ਉਸ ਵਿਚ ਵੀ ਮਿਆਰੀ ਰੂਪ ਵੇਖਿਆ ਜਾ ਸਕਦਾ ਹੈ।

6. ਸਥਿਰਤਾ (Stability) :

ਸਾਧਾਰਣ ਤੌਰ 'ਤੇ ਡਾਈਗਲੋਸੀਆ ਇਕ ਸਥਿਰ ਸਥਿਤੀ ਹੈ ਅਤੇ ਬਹੁਤ ਸਾਰੀਆਂ ਸਥਿਤੀਆਂ ਵਿਚ ਇਹ ਕਈ ਸਦੀਆਂ ਤਕ ਕਾਇਮ ਰਹਿੰਦੀ ਹੈ। ਇਸ ਸੰਬੰਧ ਵਿਚ ਤਮਿਲ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ ਤੇਲਗੂ ਵਿਚ ਡਾਈਗਲੋਸੀਆ ਦੇ ਉਦਾਹਰਣ ਸਤਵੀਂ ਸ਼ਤਾਬਦੀ ਤੋਂ ਮਿਲਦੇ ਹਨ। ਇੰਜ ਦੋਹਾਂ ਰੂਪਾਂ ਵਿਚ ਅੰਤਰ ਕਾਰਣ ਸੰਚਾਰ ਵਿਚ ਜੇਕਰ ਕੋਈ ਵਿਘਨ ਪਵੇ ਤਾਂ ਨਿਮਨ-ਵੰਨਗੀ ਉੱਚ-ਵੰਨਗੀ ਤੋਂ ਪ੍ਰਭਾਵ ਗ੍ਰਹਿਣ ਕਰਕੇ ਇਸ ਅੰਤਰ ਨੂੰ ਘੱਟ ਕਰ ਸਕਦੀ ਹੈ। ਇਸ ਤਰ੍ਹਾਂ ਭਾਸ਼ਾ ਵਿਚ ਪਰਿਵਰਤਨ ਦੋਹਾਂ ਵੰਨਗੀਆਂ ਵਿਚ ਨਾਲੋਂ ਨਾਲ ਹੁੰਦਾ ਹੈ।

ਦੋਹਾਂ ਵੰਨਗੀਆਂ ਵਿਚ ਸਭ ਨਾਲੋਂ ਜ਼ਿਆਦਾ ਅੰਤਰ ਵਿਆਕਰਣਕ ਰਚਨਾਵਾਂ, ਸ਼ਬਦ ਚੋਣ ਅਤੇ ਉਚਾਰਨ ਦੇ ਪੱਖ ਤੋਂ ਨਜ਼ਰ ਆਉਂਦਾ ਹੈ। ਜਿਨ੍ਹਾਂ ਨੂੰ ਕੁੱਲ ਮਿਲਾ ਕੇ ਦੇਖੀਏ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਵੰਨਗੀਆਂ ਕੁਝ ਹੱਦ ਤਕ ਵੱਖ-ਵੱਖ ਸੰਰਚਨਾ ਵਾਲੇ ਕੋਡ ਹਨ। ਇਸ ਤੋਂ ਇਲਾਵਾ ਦੋਹਾਂ ਵਿਚ ਆਦਾਨ-ਪ੍ਰਦਾਨ ਦਾ ਸਿਲਸਿਲਾ ਵੀ ਚਲਦਾ ਹੈ। ਨਿਮਨ-ਵੰਨਗੀ ਦੁਆਰਾ ਉੱਚ-ਵੰਨਗੀ ਵਿਚੋਂ ਸ਼ਬਦ ਲੈਣ ਨੂੰ ਤਾਂ ਠੀਕ ਸਮਝਿਆ ਜਾਂਦਾ ਹੈ ਪਰ ਉੱਚ ਦੇ ਨਿਮਨ ਕੋਲੋਂ ਸ਼ਬਦ ਗ੍ਰਹਿਣ ਕਰਨ ਨੂੰ ਠੀਕ ਨਹੀਂ ਸਮਝਿਆ ਜਾਂਦਾ ਭਾਵੇਂ ਕਿ ਅਜਿਹੀ ਪ੍ਰਵਿਰਤੀ ਮਿਲਦੀ ਜ਼ਰੂਰ ਹੈ।[10]

7. ਵਿਆਕਰਣ (Grammer) :

ਉੱਚ-ਵੰਨਗੀ ਦੀ ਵਿਆਕਰਣਕ ਸੰਰਚਨਾ ਕੁਝ ਜ਼ਿਆਦਾ ਜਟਿਲ ਮੰਨੀ ਜਾਂਦੀ ਹੈ। ਜਦ ਕਿ ਨਿਮਨ-ਵੰਨਗੀ ਵਿਚ ਇਹ ਜ਼ਿਆਦਾ ਸਰਲ ਅਤੇ ਦਲੀਲ ਯੁਕਤ ਬਣਾ ਲਈ ਜਾਂਦੀ ਹੈ। ਇਸ ਕਾਰਣ ਰੂਪਾਵਲੀ (Paradigms) ਨੂੰ ਜ਼ਿਆਦਾ ਨਿਸ਼ਚਿਤ ਕੀਤਾ ਜਾਂਦਾ ਹੈ। ਨਿਮਨ ਵਿਚ ਰੂਪੀਮਾਂ (Morphems) ਅਤੇ ਸਹਿਰੂਪੀਮਾਂ (Allomorphems) ਦੀ ਸੰਖਿਆ ਘੱਟ ਹੁੰਦੀ ਹੈ ਅਤੇ ਇਹ ਜ਼ਿਆਦਾ ਸਰਲ ਮਿਥੇ ਜਾਂਦੇ ਹਨ। ਫਰਗੂਸਨ ਨੇ ਵਿਆਕਰਣਕ ਸਰਲਤਾ ਨੂੰ ਮਾਪਣ ਦੇ ਨਿਮਨ ਲਿਖਤ ਮਾਪਦੰਡ ਦੱਸੇ ਹਨ, ਜਿਨ੍ਹਾਂ ਦੇ ਆਧਾਰ 'ਤੇ ਕੋਡਾਂ ਵਿਚ ਸਰਲਤਾ ਦਾ ਪ੍ਰਤੀਮਾਨ ਮੰਨਿਆ ਜਾ ਸਕਦਾ ਹੈ[11] :

ਜਟਿਲ ਭਾਸ਼ਾ (Complex Language)	ਸਰਲ ਭਾਸ਼ਾ (Simple Language)
1. ਇਸ ਵਿਚ ਰੂਪ, ਧੁਨੀ ਪ੍ਰਕਿਰਿਆ ਜਟਿਲ ਹੁੰਦੀ ਹੈ। ਕਈ ਰੂਪੀਮ ਹੁੰਦੇ ਹਨ, ਉਨ੍ਹਾਂ ਦਾ ਵਰਤਾਰਾ ਵੀ ਜਟਿਲ ਹੁੰਦਾ ਹੈ।	1. ਇਸ ਵਿਚ ਰੂਪ ਕਿਰਿਆ ਸਰਲ ਹੁੰਦੀ ਹੈ ਅਰਥਾਤ ਰੂਪੀਮਾਂ ਵਿਚ ਘੱਟ ਪਰਿਵਰਤਨ ਹੁੰਦਾ ਹੈ।
2. ਇਸ ਵਿਚ ਵਿਆਕਰਣਿਕ ਕੋਟੀਆਂ ਦੀ ਸੰਖਿਆ ਜ਼ਿਆਦਾ ਹੁੰਦੀ ਅਤੇ ਖੋਜ ਆਦ ਵੀ ਵਿਆਪਕ ਪੱਧਰ 'ਤੇ ਹੁੰਦੀ ਹੈ।	2. ਇਸ ਵਿਚ ਵਿਆਕਰਣਕ ਕੋਟੀਆਂ ਘੱਟ ਹੁੰਦੀਆਂ ਹਨ ਅਤੇ ਖੋਜ ਸੀਮਿਤ ਹੁੰਦੀ ਹੈ।
3. ਰੂਪਾਵਲੀ ਵਿਚ ਭਿੰਨਤਾ ਨਜ਼ਰ ਆਉਂਦੀ ਹੈ।	3. ਇਸ ਵਿਚ ਰੂਪਾਵਲੀ (Paradigms) ਜ਼ਿਆਦਾਤਰ ਇਕ ਰੂਪ ਹੁੰਦੀ ਹੈ।
4. ਇਸ ਵਿਚ ਖੋਜ ਅਤੇ ਨਿਯੰਤਰਣ ਅਧਿਕ ਹੁੰਦਾ ਹੈ।	4. ਖੋਜ ਆਦ ਸਰਲ ਹੁੰਦੀ ਹੈ।

8. ਸ਼ਬਦਾਵਲੀ (Lexicon) :

ਡਾਈਗਲੋਸੀਆ ਦੀ ਸਥਿਤੀ ਵਿਚ ਦੋਹਾਂ ਵੰਨਗੀਆਂ ਦੀ ਸ਼ਬਦਾਵਲੀ ਦਾ ਬਹੁਤ ਵੱਡਾ ਹਿੱਸਾ ਸਮਾਨ ਹੁੰਦਾ ਹੈ ਪਰ ਇਸ ਵਿਚ ਰੂਪ ਅਤੇ ਅਰਥ ਦੀ ਦ੍ਰਿਸ਼ਟੀ ਤੋਂ ਅੰਤਰ ਹੋ ਸਕਦਾ ਹੈ ਕਿਉਂਕਿ ਉੱਚ-ਵੰਨਗੀ ਦੇ ਵਰਤਣਹਾਰਿਆਂ ਦੇ ਵਰਤੋਂ ਸੰਦਰਭ ਜ਼ਿਆਦਾ ਹੁੰਦੇ ਹਨ ਅਤੇ ਬੋਲਚਾਲ ਵੇਲੇ ਇਨ੍ਹਾਂ ਵਿਚ ਗੱਲ-ਕੱਥ ਨਹੀਂ

ਹੁੰਦੀ। ਉੱਚ-ਵੰਨਗੀ ਵਿਚ ਕਈ ਵਿਸ਼ਿਆਂ ਨਾਲ ਸੰਬੰਧਿਤ ਪਰਿਭਾਸ਼ਕ ਸ਼ਬਦ ਮਿਲਦੇ ਹਨ, ਜਿਨ੍ਹਾਂ ਦੇ ਸਮਾਨ ਰੂਪ ਨਿਮਨ-ਵੰਨਗੀ ਵਿਚ ਨਹੀਂ ਮਿਲਦੇ। ਇਸੇ ਤਰ੍ਹਾਂ ਨਿਮਨ-ਵੰਨਗੀ ਦੇ ਵੀ ਕੁਝ ਵਿਸ਼ੇਸ਼ ਵਰਤੋਂ-ਵਿਹਾਰ ਮਿਲਦੇ ਹਨ, ਜਿਨ੍ਹਾਂ ਦੇ ਸਮਾਨ ਰੂਪ ਉੱਚ-ਵੰਨਗੀ ਵਿਚ ਨਹੀਂ ਹੁੰਦੇ ਜਿਵੇਂ ਗਾਲ੍ਹਾਂ, ਲੜਾਈ ਦੇ ਸ਼ਬਦ, ਘਰੇਲੂ ਜੀਵਨ ਨਾਲ ਸੰਬੰਧਿਤ ਅਤੇ ਟੈਬੂ ਸ਼ਬਦਾਵਲੀ ਆਦ।

ਇਸ ਤੋਂ ਇਲਾਵਾ ਡਾਈਗਲੋਸੀਆ ਵਿਚ ਇਕ ਹੋਰ ਬੜੀ ਦਿਲਚਸਪ ਸਥਿਤੀ ਮਿਲਦੀ ਹੈ ਕਿ ਕਈ ਸ਼ਬਦਾਂ ਦੇ ਦੋ-ਦੋ ਰੂਪ ਮਿਲਦੇ ਹਨ। ਇਕ ਉੱਚ-ਵੰਨਗੀ ਦਾ ਦੂਸਰਾ ਨਿਮਨ-ਵੰਨਗੀ ਦਾ। ਬੋਲਣਹਾਰੇ ਰੂਪ ਦੀ ਵਰਤੋਂ ਅਨੁਸਾਰ ਸ਼ਬਦਾਂ ਦੀ ਚੋਣ ਕਰਦੇ ਹਨ। ਉਂਜ ਸਾਰੀਆਂ ਭਾਸ਼ਾਵਾਂ ਵਿਚ ਸ਼ਬਦਾਵਲੀ ਦੀ ਵਰਤੋਂ ਦੇ ਵਿਸ਼ੇਸ਼ ਸੰਦਰਭ ਹੁੰਦੇ ਅਤੇ ਇਨ੍ਹਾਂ ਸੰਦਰਭਾਂ ਵਿਚ ਕੋਈ ਮਾਤਭਾਸ਼ੀ ਇਸ ਦੀ ਵਰਤੋਂ ਸਥਿਤੀਆਂ ਦੀ ਮੰਗ ਅਨੁਸਾਰ ਕਰਦਾ ਹੈ। ਇਸੇ ਤੋਂ ਹੀ ਵਕਤੇ-ਸਰੋਤੇ ਦੇ ਆਪਸੀ ਸੰਬੰਧਾਂ ਦਾ ਪਤਾ ਲਾਇਆ ਜਾ ਸਕਦਾ ਹੈ।

9. ਧੁਨੀ ਵਿਗਿਆਨ (Phonology) :

ਦੋਹਾਂ ਵੰਨਗੀਆਂ ਵਿਚ ਉਚਾਰਣ ਦੇ ਅੰਤਰ ਨੂੰ ਦਿਖਾਉਣਾ ਆਸਾਨ ਨਹੀਂ ਕਿਉਂਕਿ ਦੋਹਾਂ ਦੇ ਉਚਾਰਨ ਭੇਦਾਂ ਵਿਚ ਕਿਤੇ ਬਹੁਤ ਸਮਾਨਤਾ ਮਿਲਦੀ ਹੈ ਅਤੇ ਕਿਤੇ ਬਹੁਤ ਜ਼ਿਆਦਾ ਭਿੰਨਤਾ। ਇਸ ਅੰਤਰ ਨੂੰ ਸਪਸ਼ਟ ਕਰਨ ਲਈ ਫਰਗੂਸਨ ਨੇ ਦੋ ਪ੍ਰਤੀਮਾਨ ਸਥਾਪਿਤ ਕੀਤੇ ਹਨ:

(ੳ) ਉੱਚ ਅਤੇ ਨਿਮਨ-ਵੰਨਗੀ ਦੀਆਂ ਧੁਨੀ ਵਿਵਸਥਾਵਾਂ ਕੁਲ ਮਿਲਾ ਕੇ ਇਕ ਧੁਨੀ ਸੰਰਚਨਾ ਦੇ ਘੇਰੇ ਵਿਚ ਆ ਜਾਂਦੀਆਂ ਹਨ। ਇਨ੍ਹਾਂ ਵਿਚ ਨਿਮਨ-ਵੰਨਗੀ ਦੀ ਧੁਨੀ ਵਿਵਸਥਾ ਹੀ ਆਧਾਰ ਹੈ ਅਤੇ ਉੱਚ-ਵੰਨਗੀ ਵਿਚ ਪਾਈਆਂ ਜਾਣ ਵਾਲੀਆਂ ਭਿੰਨਤਾਵਾਂ ਨੂੰ ਜਾਂ ਤਾਂ ਅਸੀਂ ਉਪ-ਵਿਵਸਥਾ ਮੰਨ ਸਕਦੇ ਹਾਂ ਜਾਂ ਫਿਰ ਇਕ ਸਮਾਨੰਤਰ ਵਿਵਸਥਾ।

(ਅ) ਜੇਕਰ ਉੱਚ-ਵੰਨਗੀ ਵਿਚ ਅਜਿਹੀਆਂ ਧੁਨੀਆਂ ਹਨ ਜਿਹੜੀਆਂ ਨਿਮਨ ਵੰਨਗੀ ਵਿਚ ਨਹੀਂ ਹਨ ਤਾਂ ਉੱਚ ਵੰਨਗੀ ਦੇ ਬੋਲਚਾਲ ਵਿਚ ਉਨ੍ਹਾਂ ਦੀ ਜਗ੍ਹਾ ਨਿਮਨ-ਵੰਨਗੀ ਦੀਆਂ ਧੁਨੀਆਂ ਆਉਂਦੀਆਂ ਹਨ। ਤਤਸਮ ਵਿਚ ਇਸੇ ਵਰਤਾਰੇ ਨੂੰ ਦੇਖਿਆ ਜਾ ਸਕਦਾ ਹੈ।

ਉਪਰੋਕਤ ਨੁਕਤਿਆਂ ਦੇ ਆਧਾਰ 'ਤੇ ਫਰਗੂਸਨ ਡਾਈਗਲੋਸੀਆ ਦੀ ਪਰਿਭਾਸ਼ਾ ਦੇਂਦਾ ਹੋਇਆ ਲਿਖਦਾ ਹੈ:

> ਡਾਈਗਲੋਸੀਆ ਸਥਿਰ ਭਾਸ਼ਾ ਸਥਿਤੀ ਹੈ, ਜਿਸ ਵਿਚ ਭਾਸ਼ਾ ਦੀਆਂ ਪ੍ਰਮੁੱਖ ਉਪਭਾਸ਼ਾਵਾਂ ਤੋਂ ਇਲਾਵਾ ਮਿਆਰੀ ਭਾਸ਼ਾ ਵੀ ਸ਼ਾਮਲ ਹੁੰਦੀ ਹੈ। ਮਿਆਰੀ ਭਾਸ਼ਾ ਜਿਹੜੀ ਕਿ ਬਹੁਤ ਹੀ ਕੋਡ-ਬੱਧ, ਵਿਆਕਰਣਕ ਤੌਰ

'ਤੇ ਜ਼ਿਆਦਾ ਜਟਿਲ, ਉੱਤਮ ਤੇ ਲਿਖਤੀ ਸਾਹਿਤ ਦਾ ਮਾਧਿਅਮ, ਕਿਸੇ ਪਹਿਲੇ ਸਮੇਂ ਜਾਂ ਕਿਸੇ ਭਾਸ਼ਾ ਸਮੁਦਾਏ ਦੀ ਵਾਰਸ ਹੁੰਦੀ ਹੈ, ਜਿਹੜੀ ਉਪਚਾਰਕ ਸਿਖਿਆ ਦੁਆਰਾ ਸਿਖੀ ਜਾਂਦੀ ਹੈ। ਲਿਖਤੀ ਅਤੇ ਉਪਚਾਰਕ ਬੋਲਚਾਲ ਦੇ ਮੰਤਵ ਲਈ ਵਰਤੀ ਜਾਂਦੀ ਹੈ ਪਰ ਭਾਸ਼ਾ ਸਮੁਦਾਏ ਦੁਆਰਾ ਆਮ ਗੱਲਬਾਤ ਲਈ ਵਰਤੋਂ ਵਿਚ ਨਹੀਂ ਲਿਆਂਦੀ ਜਾਂਦੀ।[13]

1967 ਵਿਚ ਫ਼ਿਸ਼ਮੈਨ ਨੇ ਫ਼ਰਗੂਸਨ ਦੀਆਂ ਮਨੌਤਾਂ ਵਿਚ ਕੁਝ ਸੋਧਾਂ ਕਰਕੇ ਡਾਈਗਲੌਸੀਆ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਫ਼ਿਸ਼ਮੈਨ ਨੇ ਸਭ ਤੋਂ ਪਹਿਲੀ ਗੱਲ ਤਾਂ ਇਹ ਕਹੀ ਕਿ ਡਾਈਗਲੌਸੀਆ ਨੂੰ ਦੋਭਾਸ਼ਿਕਤਾ ਨਾਲੋਂ ਪੂਰੀ ਤਰ੍ਹਾਂ ਨਿਖੇੜਿਆ ਜਾ ਸਕਦਾ ਹੈ। ਇਸ ਸੰਬੰਧ ਵਿਚ ਦੋਭਾਸ਼ਾਵਾਦ ਮਨੋਵਿਗਿਆਨੀਆਂ ਅਤੇ ਭਾਸ਼ਾ-ਵਿਗਿਆਨੀਆਂ ਦਾ ਵਿਸ਼ਾ ਹੈ, ਜਿਸ ਵਿਚ ਕਿਸੇ ਵਿਅਕਤੀ ਦੀ ਦੋ ਜਾਂ ਇਸ ਤੋਂ ਜ਼ਿਆਦਾ ਭਾਸ਼ਾਵਾਂ ਦੀ ਵਰਤੋਂ ਦੀ ਯੋਗਤਾ ਪਰਖੀ ਜਾਂਦੀ ਹੈ। ਜਦ ਕਿ ਡਾਈਗਲੌਸੀਆ ਦਾ ਸੰਬੰਧ ਸਮਾਜ ਵਿਗਿਆਨੀਆਂ ਅਤੇ ਸਮਾਜ ਭਾਸ਼ਾ ਵਿਗਿਆਨੀਆਂ ਨਾਲ ਹੈ, ਜਿਸ ਵਿਚ ਭਿੰਨ-ਭਿੰਨ ਭਾਸ਼ਾਈ ਰੂਪਾਂ ਦਾ ਵੱਖ-ਵੱਖ ਸਥਿਤੀਆਂ ਵਿਚ ਵਰਤੋਂ-ਵਿਹਾਰ ਦਾ ਅਧਿਐਨ ਕੀਤਾ ਜਾਂਦਾ ਹੈ।[14]

ਭਾਸ਼ਾ ਦੇ ਪਰਿਵਰਤਨ ਨੂੰ ਸਮਝਣ ਦੀ ਦ੍ਰਿਸ਼ਟੀ ਤੋਂ ਡਾਈਗਲੌਸੀਆ ਦਾ ਸਿੱਧਾਂਤ ਬਹੁਤ ਮਹੱਤਵਪੂਰਣ ਹੈ। ਤੇਲਗੂ ਅਤੇ ਬੰਗਲਾ ਦੇ ਸੰਦਰਭ ਵਿਚ ਦੇਖਿਆ ਗਿਆ ਹੈ ਕਿ ਹੁਣ ਬੋਲਚਾਲ ਦੀ ਨਿਮਨ-ਵੰਨਗੀ ਦੀ ਵੀ ਸਾਹਿਤ ਵਿਚ ਵਰਤੋਂ ਹੋਣ ਲੱਗ ਪਈ ਅਤੇ ਉਨ੍ਹਾਂ ਨੂੰ ਬੋਲਣ ਵਾਲੇ ਬੋਲਚਾਲ ਦੇ ਰੂਪ ਨੂੰ ਵਿਸ਼ੇਸ਼ ਮਹੱਤਵ ਦੇਣ ਲੱਗ ਪਏ ਹਨ। ਇਸ ਸੰਦਰਭ ਵਿਚ ਭਾਸ਼ਾ ਬੋਲਣਹਾਰੇ ਦੀ ਪ੍ਰਵਿਰਤੀ ਮਹੱਤਵਪੂਰਣ ਆਧਾਰ ਬਣਦੀ ਹੈ। ਜਿਥੇ ਉੱਚ-ਵੰਨਗੀ ਵਾਲੇ ਉਸ ਨੂੰ ਜ਼ਿਆਦਾ ਵਿਗਿਆਨਕ ਅਤੇ ਤਰਕਸ਼ੀਲ ਵਜੋਂ ਕਬੂਲਦੇ ਹਨ, ਉਥੇ ਦੂਜੇ ਪਾਸੇ ਨਿਮਨ-ਵੰਨਗੀ ਵਾਲੇ ਆਪਣੇ ਪੱਖ ਵਿਚ ਇਹ ਦਲੀਲ ਦਿੰਦੇ ਹਨ ਕਿ ਨਿਮਨ-ਵੰਨਗੀ ਹੀ ਚਿੰਤਨ ਅਤੇ ਸਿਖਿਆ ਦਾ ਸਹੀ ਮਾਧਿਅਮ ਬਣ ਸਕਦੀ ਹੈ ਕਿਉਂਕਿ ਬੋਲਣਹਾਰੇ ਉਸ ਨੂੰ ਸਹਿਜ ਰੂਪ ਵਿਚ ਸਮਝ ਲੈਂਦੇ ਹਨ ਅਤੇ ਉਹ ਸੰਚਾਰ ਦਾ ਸ਼ਕਤੀਸ਼ਾਲੀ ਵਾਹਣ ਬਣਦੀ ਹੈ। ਕਈ ਭਾਸ਼ਾ ਸਮੁਦਾਇਆਂ ਵਿਚ ਦੋ ਵੰਨਗੀਆਂ ਦੀ ਉਪ-ਸਥਿਤੀ ਦੀ ਸਮੱਸਿਆ ਨਹੀਂ ਹੁੰਦੀ ਅਤੇ ਵਿਅਕਤੀ ਦੋਹਾਂ ਦੀ ਹੋਂਦ ਨੂੰ ਸਹਿਜ ਰੂਪ ਵਿਚ ਕਬੂਲ ਕਰ ਲੈਂਦਾ ਹੈ। ਫਿਰ ਵੀ ਹੇਠਾਂ ਲਿਖੇ ਕੁਝ ਕਾਰਣ ਹਨ, ਜਿਨ੍ਹਾਂ ਕਰਕੇ ਨਿਮਨ-ਵੰਨਗੀ ਦੇ ਮਹੱਤਵ ਨੂੰ ਘਟਾਉਣ ਦਾ ਜਤਨ ਕੀਤਾ ਜਾਂਦਾ ਹੈ:

(ੳ) ਵਿਦਿਆ ਦਾ ਪਾਸਾਰ

(ਅ) ਵਿਭਿੰਨ ਨਿਮਨ ਵੰਨਗੀਆਂ ਦੇ ਵਰਤਣਹਾਰਿਆਂ ਵਿਚ ਜ਼ਿਆਦਾ ਗਤੀਸ਼ੀਲ ਸੰਚਾਰ, ਜਿਹੜਾ ਕਿ ਇਕ ਪ੍ਰਕਾਰ ਨਾਲ ਭਾਸ਼ਾ ਦੇ ਮਾਨਵੀਕਰਣ 'ਤੇ ਬਲ ਦੇਂਦਾ ਹੈ।

(ੲ) ਰਾਸ਼ਟਰੀ ਭਾਵਨਾ, ਜਿਹੜੀ ਕਿ ਉਚਿਤ ਮਿਆਰੀ ਰਾਸ਼ਟਰ ਭਾਸ਼ਾ ਦੀ ਲੋੜ 'ਤੇ ਬਲ ਦੇਂਦੀ ਹੈ।

ਇਸ ਤਰ੍ਹਾਂ ਭਾਸ਼ਾ ਸਮੁਦਾਏ ਵਿਚ ਦੋਹਾਂ ਵੰਨਗੀਆਂ ਦੇ ਪ੍ਰਤੀ ਜਨਤਾ ਦੀ ਰੁਚੀ ਵਿਚ ਅੰਤਰ ਦੇ ਕਾਰਣ ਭਾਸ਼ਾ ਵਿਚ ਮਾਨਵੀਕਰਣ ਦੀ ਪ੍ਰਵਿਰਤੀ ਅਤੇ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ, ਜਿਹੜੀ ਕਿ ਭਾਸ਼ਾ ਵਿਚ ਹੋਰ ਕਈ ਪਰਿਵਰਤਨਾਂ ਨੂੰ ਜਨਮ ਦੇਂਦੀ ਹੈ।

ਜਦੋਂ ਅਜਿਹੀਆਂ ਪ੍ਰਵਿਰਤੀਆਂ ਪ੍ਰਗਟ ਹੋ ਜਾਂਦੀਆਂ ਹਨ ਤਾਂ ਭਾਸ਼ਾ ਵਿਕਾਸ ਵੱਲ ਯਾਤਰਾ ਆਰੰਭ ਕਰ ਦੇਂਦੀ ਹੈ। ਇਸ ਦੇ ਨਾਲ ਹੀ ਇਕ ਪਾਸੇ ਜੇਕਰ ਉੱਚ-ਵੰਨਗੀ ਨੂੰ ਜ਼ਿਆਦਾ ਮਹੱਤਵ ਨਾ ਦਿੱਤਾ ਜਾਵੇ ਤਾਂ ਉਥੇ ਉੱਚ-ਵੰਨਗੀ ਆਪਣਾ ਆਧਾਰ ਗੁਆਉਣ ਲਗਦੀ ਹੈ ਅਤੇ ਵਰਤੋਂ ਵਿਚ ਘੱਟ ਆਉਣ ਵਾਲੀ ਕਲਾਸੀਕਲ ਭਾਸ਼ਾ ਦਾ ਰੂਪ ਗ੍ਰਹਿਣ ਕਰ ਜਾਂਦੀ ਹੈ। ਉਸ ਦੇ ਸਥਾਨ 'ਤੇ ਕੋਈ ਇਕ ਨਿਮਨ-ਵੰਨਗੀ ਮਿਆਰੀ ਰੂਪ ਧਾਰਨ ਕਰਨ ਜਾਂਦੀ ਹੈ ਜਿਵੇਂ ਬੰਗਾਲੀ ਵਿਚ ਜਾਂ ਮਿਆਰੀ ਪ੍ਰਾਦੇਸ਼ਿਕ ਨਿਮਨ-ਵੰਨਗੀਆਂ ਦਾ ਸਥਾਨ ਲੈ ਲੈਂਦੀਆਂ ਹਨ ਜਿਵੇਂ ਲੈਟਿਨ ਵਿਚ ਫ਼ਰੈਂਚ ਇਤਾਲਵੀ ਦਾ ਵਿਕਾਸ ਜਾਂ ਪਾਰਾਗੁਆਈ (Paraguay) ਵਿਚ ਸਪੈਨਿਸ਼ ਦੇ ਮੁਕਾਬਲੇ ਗੁਆਰਆਨੀ (Guarani) ਦਾ ਵਿਕਾਸ ਜਾਂ ਸੰਸਕ੍ਰਿਤ ਤੋਂ ਹਿੰਦੀ, ਪੰਜਾਬੀ, ਗੁਜਰਾਤੀ, ਬੰਗਾਲੀ ਆਦ ਦਾ ਵਿਕਾਸ। ਦੋਹਾਂ ਸਥਿਤੀਆਂ ਵਿਚ ਉੱਚ-ਵੰਨਗੀ ਨਹੀਂ ਵਰਤੀ ਜਾਂਦੀ ਪਰ ਉੱਚ-ਵੰਨਗੀ ਨਿਮਨ ਲਈ ਪ੍ਰਭਾਵ ਸਰੋਤ ਬਣਾਉਂਦੀ ਹੈ। ਦੂਜੇ ਪਾਸੇ ਉੱਚ-ਵੰਨਗੀ ਦੇ ਮਹੱਤਵ ਵਿਚ ਵਾਧਾ ਹੋਣ ਲਗਦਾ ਹੈ ਅਤੇ ਉਸ ਦਾ ਪ੍ਰਭਾਵ ਨਿਮਨ-ਵੰਨਗੀਆਂ 'ਤੇ ਏਨਾ ਜ਼ਿਆਦਾ ਪੈਂਦਾ ਹੈ ਕਿ ਨਿਮਨ-ਵੰਨਗੀਆਂ ਆਪਣੀ ਹੋਂਦ ਗੁਆ ਬਹਿੰਦੀਆਂ ਹਨ। ਇਸ ਦਾ ਕਾਰਣ ਬੋਲਣਹਾਰਿਆਂ ਵਿਚ ਨਿਮਨ-ਵੰਨਗੀ ਪ੍ਰਤੀ ਘਿਰਣਾ ਜਿਹੀਆਂ ਜਾਂ ਛੋਟੇਪਣ ਦੀਆਂ ਪ੍ਰਵਿਰਤੀਆਂ ਹੁੰਦੀਆਂ ਹਨ ਅਤੇ ਉਹ ਬਹੁਤੇ ਸੰਦਰਭਾਂ ਵਿਚ ਉੱਚ-ਵੰਨਗੀ ਦੀ ਵਰਤੋਂ ਨੂੰ ਬੇਹਤਰ ਅਤੇ ਯੋਗ ਸਮਝਦੇ ਹਨ।

ਉਪਰੋਕਤ ਦੋਵੇਂ ਪ੍ਰਵਿਰਤੀਆਂ ਡਾਈਗਲੋਸੀਆ ਦੀ ਸਥਿਤੀ ਨੂੰ ਜਨਮ ਦੇਂਦੀਆਂ ਹਨ। ਇਸ ਤਰ੍ਹਾਂ ਡਾਈਗਲੋਸੀਆ ਭਾਸ਼ਾ ਦੇ ਪਰਿਵਰਤਨਾਂ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਸਿੱਧਾਂਤ ਹੈ, ਜਿਸ ਨੇ ਭਾਸ਼ਾ ਵਿਗਿਆਨ ਦੀਆਂ ਨਵੀਨ ਪਹੁੰਚਾਂ (Approaches) ਸਾਹਮਣੇ ਕਈ ਤਰ੍ਹਾਂ ਦੇ ਪ੍ਰਸ਼ਨ ਚਿੰਨ੍ਹ ਲਾਏ ਹਨ।

ਹਵਾਲੇ ਤੇ ਟਿੱਪਣੀਆਂ

1. Ferguson, C.A., *Language Structure and Language Use,* (S.U.P.) Stanford, California, 1971, pp. 1,2.
2. Fasold, Ralph, *The Sociolinguistics of Society*, Bassil Blackwell, London, 1985, p. 34.

3. Op.cit., p. 1.
4. ਜਗਨਾਥਨ, ਵੀ.ਆਰ., "ਡਾਈਗਲੋਸੀਆ (ਭਾਸ਼ਾ ਦਵੈਤ)", ਹਿੰਦੀ ਕਾ ਸਾਮਾਜਿਕ ਸੰਦਰਭ, (ਸੰਪਾ. ਰਵੀਂਦਰ ਨਾਥ ਸ੍ਰੀ ਵਾਸਤਵ, ਰਮਾਨਾਥ ਸਹਾਇ), ਕੇਂਦਰੀ ਹਿੰਦੀ ਸੰਸਥਾਨ, ਆਗਰਾ, 1984, ਪੰਨੇ 85-86.
5. Op.cit., p. 3,4.
6. Zoos, Martin, "Isolation of Styles", *Readings in the Sociology of Language*, (ed.) J.A. Fishman, Mouton, The Hague, Paris, 1970, pp. 185-91.
7. Hymes, D.H., "Social Structure and Speech Community", *Language in Culture and Society*, (ed.) D.H. Hymes, Harper & Row, New York, 1966, p. 389.
8. Ferguson, C.A., *Language Structure and Language Use*, (S.U.P.), Stanford, California, 1971, p. 5.
9. *Ibid*, p. 6,7.
10. Fasold, Ralph, *The Sociolinguistics of Society*, Bassil Blackwell, London, 1985, p. 37.
11. *Op.cit.,* p. 12.
12. *Ibid*, p. 15.
13. *Ibid*, p. 16.
14. *Loc.cit.,* p. 40.

ਭਾਸ਼ਾ ਦੀ ਪਰਖ: ਸਿਧਾਂਤਕ ਤੇ ਵਿਹਾਰਕ ਮਸਲੇ

(ਭਾ.$_1$, ਭਾ.$_2$, ਅਤੇ ਭਾ.$_3$ ਦੇ ਸੰਬੰਧ ਵਿਚ)

ਪਿਛਲੇ ਕੁਝ ਅਰਸੇ ਦੌਰਾਨ ਭਾਸ਼ਾ-ਵਿਗਿਆਨ ਦੀਆਂ ਨਵੀਆਂ ਲੱਭਤਾਂ ਨੇ ਇਸ ਖੇਤਰ ਇਸ ਹੈਰਾਨੀਜਕ ਕਰਾਂਤੀ ਲਿਆਂਦੀ ਹੈ। ਫ਼ਰਾਂਸੀਸੀ ਮਾਨਵ-ਵਿਗਿਆਨੀ ਕਲਾਦ ਲੈਵੀ ਸਤਰੌਸ ਨੇ ਸੰਸਾਰ 'ਤੇ ਦੋ ਮਹਾਨ ਵਟਾਂਦਰਿਆਂ ਦੀ ਗੱਲ ਕੀਤੀ ਹੈ। ਪਹਿਲਾ ਔਰਤ ਦਾ ਵਟਾਂਦਰਾ ਹੈ, ਜਿਸ 'ਤੇ ਆਧਾਰਿਤ ਹੈ ਸਮਾਜ. ਦਾ ਨਾਤੇਦਾਰੀ ਪ੍ਰਬੰਧ ਦੂਜਾ ਵਸਤਾਂ ਦਾ ਵਟਾਂਦਰਾ ਹੈ, ਜਿਸ 'ਤੇ ਆਧਾਰਿਤ ਹੈ ਸਮਾਜ ਦਾ ਆਰਥਿਕ ਪ੍ਰਬੰਧ। ਮਿਸ਼ੈਲ ਫ਼ੂਕੋ ਇਸ ਦੇ ਨਾਲ ਤੀਜੇ ਵਟਾਂਦਰੇ ਦੀ ਗੱਲ ਕਰਦਾ ਹੈ—ਇਹ ਹੈ ਸੁਨੇਹਿਆਂ ਦਾ ਵਟਾਂਦਰਾ, ਜਿਸ ਵਿਚ ਭਾਸ਼ਾ ਸਮੇਤ ਉਹ ਸਾਰੇ ਚਿਹਨਕੀ ਪ੍ਰਬੰਧ ਆ ਜਾਂਦੇ ਹਨ ਜਿਨ੍ਹਾਂ ਰਾਹੀਂ ਮਨੁੱਖ ਆਪਣੇ ਸੰਚਾਰ ਨੂੰ ਸੰਕਲਪੀ ਤੌਰ 'ਤੇ ਕਲਮਬੱਧ ਕਰਦਾ ਹੈ। ਇਸ ਤੀਜੇ ਵਟਾਂਦਰੇ ਦਾ ਸੰਬੰਧ ਸੰਚਾਰ ਨਾਲ ਹੈ, ਜੋ ਭਾਸ਼ਕ ਵਿਉਂਤਾਂ 'ਤੇ ਨਿਰਭਰ ਹੈ।

ਭਾਸ਼ਾ ਦੇ ਇਸ ਤੀਸਰੇ ਵਟਾਂਦਰੇ ਦਾ ਵਰਤਮਾਨ ਯੁੱਗ ਵਿਚ ਮਹੱਤਵਪੂਰਨ ਰੋਲ ਹੈ। ਅੱਜ ਵਿਗਿਆਨੀ ਮਨੁੱਖ ਦੇ ਹਰ ਕਰਮ ਪਿੱਛੇ ਕਾਰਜਸ਼ੀਲ ਭਾਸ਼ਾਈ ਸੰਚਾਰ ਦੇ ਨੇਮਾਂ ਨੂੰ ਖੋਜਣ ਵੱਲ ਰੁਚਿਤ ਹਨ। ਇੱਥੋਂ ਤੱਕ ਕਿ ਮਨੁੱਖ ਨਾਲ ਜੁੜੇ ਸਾਰੇ ਕਿਰਿਆ-ਕਲਾਪ ਹੀ ਕੋਈ-ਨਾ-ਕੋਈ ਸੰਦੇਸ਼ ਪ੍ਰਸਾਰਿਤ ਕਰ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਭਾਸ਼ਾ ਨਾਲ ਜੁੜੇ ਵਿਭਿੰਨ ਪਹਿਲੂਆਂ ਨੂੰ ਘੋਖਿਆ ਜਾਵੇ।

ਪਿਛਲੇ ਕੁਝ ਦਹਾਕਿਆਂ ਵਿਚ ਭਾਸ਼ਾ ਸਿੱਖਣ/ਸਿਖਾਉਣ ਦੇ ਮਾਮਲੇ ਵਿਚ ਭਾਸ਼ਾ ਦੀ ਪਰਖ ਨਾਲ ਸੰਬੰਧਿਤ ਮਹੱਤਵਪੂਰਨ ਖੋਜ-ਪੱਧਤੀਆ ਵਿਦਵਾਨਾਂ ਨੇ ਖੋਜੀਆਂ ਹਨ। ਇਹੀ ਕਾਰਣ ਹੈ ਕਿ ਸਿੱਖਿਆ-ਮਾਹਰਾਂ, ਸਿੱਖਿਆ-ਯੋਜਨਾਕਾਰਾਂ, ਭਾਸ਼ਾ-ਵਿਗਿਆਨੀਆਂ ਅਤੇ ਭਾਸ਼ਾ ਨੂੰ ਸਿਖਾਉਣ/ਪੜ੍ਹਾਉਣ ਵਾਲੇ ਅਧਿਆਪਕਾਂ ਦਾ ਧਿਆਨ ਇਸ ਨੇ ਵਿਸ਼ੇਸ਼ ਤੌਰ 'ਤੇ ਖਿੱਚਿਆ ਹੈ।

ਬਹੁਤ ਸਾਰੀਆਂ ਸਮਰੱਥਾਵਾਨ ਅੰਤਰਰਾਸ਼ਟਰੀ ਸੰਸਥਾਵਾਂ ਨੇ ਅੰਗਰੇਜ਼ੀ ਅਤੇ ਫ਼ਰਾਂਸੀਸੀ ਦੇ ਉੱਚ ਦਰਜੇ ਦੇ ਭਾਸ਼ਾ ਦੀ ਪਰਖ ਦੇ ਨਮੂਨੇ ਤਿਆਰ ਕੀਤੇ ਹਨ, ਜਿਨ੍ਹਾਂ ਦੁਆਰਾ ਵਿਹਾਰਕ ਪੱਧਰ 'ਤੇ ਬੁਨਿਆਦੀ ਸਮੱਸਿਆਵਾਂ ਨਾਲ ਨਜਿੱਠਣ ਵਿਚ ਕਾਫ਼ੀ ਮਦਦ ਮਿਲੀ ਹੈ। ਇਸ ਪ੍ਰਕਾਰ ਦੀ ਤਿਆਰ ਕੀਤੀ ਗਈ ਸਮਗਰੀ ਦੀਆਂ 'ਕਿਟਸ' (ਕਿੱਟਾਂ) ਬਾਕੀ ਵਸਤਾਂ ਵਾਂਗ ਆਸਾਨੀ ਨਾਲ ਬਜ਼ਾਰ ਵਿਚੋਂ

ਮਿਲ ਜਾਂਦੀਆਂ ਹਨ। ਬਹੁਤ ਸਾਰੇ ਉੱਨਤੀਸ਼ੀਲ ਦੇਸ਼ਾਂ ਕੋਲ ਭਾਸ਼ਾ ਦੀ ਪਰਖ ਦੇ ਅਜਿਹੇ ਉੱਤਮ ਸਾਧਨ ਮੌਜੂਦ ਹਨ, ਜਿਨ੍ਹਾਂ ਦੁਆਰਾ ਉਹ ਸਿਖਾਈ ਗਈ ਭਾਸ਼ਾ ਦੀ ਪਰਖ ਕਰਨ ਲਈ ਉੱਤਮ ਤੇ ਯੋਗ ਸੰਦ ਆਸਾਨੀ ਨਾਲ ਚੁਣ ਸਕਦੇ ਹਨ ਪਰ ਭਾਰਤ ਅਤੇ ਇਹਦੇ ਵਰਗੇ ਹੋਰ ਤੀਸਰੀ ਦੁਨੀਆਂ ਦੇ ਦੇਸ਼ਾਂ ਕੋਲ ਅਜਿਹੇ ਉੱਤਮ ਤੇ ਯੋਗ ਸੰਦਾਂ ਦੀ ਵੱਡੀ ਘਾਟ ਹੈ। ਭਾਸ਼ਾ ਨੂੰ ਸਿੱਖਣ/ਸਿਖਾਉਣ ਦੇ ਸੰਬੰਧ ਵਿਚ ਇਨ੍ਹਾਂ ਦੇਸ਼ਾਂ ਵਿਚ ਅਧਿਆਪਕਾਂ ਤੇ ਭਾਸ਼ਾ-ਮਾਹਰਾਂ ਨੂੰ ਕਈ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਸਾਰੇ ਮਸਲੇ ਤਾਂ ਸਿੱਖਿਆ-ਨੀਤੀ ਨਾਲ ਜੁੜੇ ਹੋਏ ਹਨ। ਅਜੇ ਤੱਕ ਅਸੀਂ ਮੈਕਾਲੇ ਦੁਆਰਾ ਤਿਆਰ ਕੀਤੀ ਸਿੱਖਿਆ-ਨੀਤੀ ਦਾ ਪੂਰਨ ਰੂਪ ਵਿਚ ਤਿਆਗ ਨਹੀਂ ਕਰ ਸਕੇ। ਇਸ ਤੋਂ ਇਲਾਵਾ ਨਵੀਂ ਵਿਦਿਅਕ ਨੀਤੀ ਬਾਰੇ ਵੀ ਬਹੁਤ ਸਾਰਾ ਧੁੰਦਲਾਪਨ ਹੈ, ਜਿਸ ਨੂੰ ਅਜੇ ਤੱਕ ਦੂਰ ਨਹੀਂ ਕੀਤਾ ਗਿਆ। ਇੱਥੇ ਅਸੀਂ ਮਾਤ-ਭਾਸ਼ਾ, ਦੂਸਰੀ ਭਾਸ਼ਾ ਜਾਂ ਵਿਦੇਸ਼ੀ ਭਾਸ਼ਾ ਦੇ ਸਿੱਖਣ ਅਤੇ ਉਸਦੀ ਪਰਖ ਨਾਲ ਜੁੜੇ ਕੁਝ ਬੁਨਿਆਦੀ ਨੁਕਤਿਆਂ ਦਾ ਵਿਸ਼ਲੇਸ਼ਣ ਕਰਨ ਦਾ ਜਤਨ ਕਰਾਂਗੇ।

ਭਾਸ਼ਾ-ਪਰਖ ਨਾਲ ਜੁੜਿਆ ਸਭ ਤੋਂ ਪਹਿਲਾ ਮਸਲਾ ਵਿਸ਼ੇਸ਼ ਭਾਂਤ ਦੇ ਭਾਸ਼ਾ-ਕੋਰਸ ਤਿਆਰ ਕਰਨ, ਅਧਿਆਪਨ ਦੀਆਂ ਵਿਧੀਆਂ, ਅਧਿਆਪਕਾਂ ਲਈ ਉਚਿਤ ਟਰੇਨਿੰਗ-ਪ੍ਰਬੰਧ ਅਤੇ ਫਿਰ ਇਨ੍ਹਾਂ ਕੋਰਸਾਂ ਦੁਆਰਾ ਪ੍ਰਪਾਤ ਕੀਤੇ ਜਾਣ ਵਾਲੇ ਉਦੇਸ਼ਾਂ/ਟੀਚਿਆਂ ਦੀ ਪੂਰਤੀ ਲਈ ਨਿਸਚਤ ਉੱਦਮ ਕਰਨ ਦਾ ਹੈ ਤਾਂ ਜੋ ਸਮੇਂ ਦੀ ਸੀਮਾ ਤੇ ਮਿਥੇ ਪ੍ਰੋਗਰਾਮ ਅਨੁਸਾਰ ਅੰਤਿਮ ਉਦੇਸ਼ ਪ੍ਰਾਪਤ ਕੀਤਾ ਜਾ ਸਕੇ।

ਉਪਚਾਰਕ ਪੱਧਰ 'ਤੇ ਭਾਸ਼ਾ-ਅਧਿਆਪਨ ਅਤੇ ਸਿੱਖਣ-ਸਥਿਤੀ ਵਿਚ ਆਦੇਸ਼ਮੂਲਕ ਬਾਹਰਮੁਖੀ ਪਹੁੰਚਾਂ ਪਰਖ ਦੀਆਂ ਬੁਨਿਆਦਾਂ ਹਨ। ਇਸੇ ਤਰ੍ਹਾਂ ਅਣਉਪਚਾਰਕ ਪੱਧਰ 'ਤੇ ਟੀਚੇ ਅਤੇ ਬਾਹਰਮੁਖੀ ਪਹੁੰਚਾਂ ਵਿਸ਼ੇਸ਼ ਤੌਰ 'ਤੇ ਸਪਸ਼ਟ ਹੋਣੀਆਂ ਚਾਹੀਦੀਆਂ ਹਨ।

ਉਪਚਾਰਕ ਪੱਧਰ 'ਤੇ ਜਮਾਤੀ ਪਰਖ-ਪ੍ਰਣਾਲੀ ਇਸ ਪਰਖ-ਅਮਲ ਦਾ ਇਕ ਜ਼ਰੂਰੀ ਹਿੱਸਾ ਹੈ ਅਤੇ ਇਸਨੂੰ ਸੁਤੰਤਰ ਤੌਰ 'ਤੇ ਇਸ ਤੋਂ ਨਿਖੇੜਿਆ ਨਹੀਂ ਜਾ ਸਕਦਾ। ਇੱਥੇ ਇਹ ਵੀ ਮਹੱਤਵਪੂਰਨ ਹੈ ਕਿ ਲਗਾਤਾਰ ਤੇ ਇਕਸਾਰਤਾ ਦੇ ਅਮਲ ਰਾਹੀਂ ਜਮਾਤ ਵਿਚ ਕੀ ਸਿਖਾਇਆ ਜਾ ਰਿਹਾ ਹੈ ਅਤੇ ਪਰਖ ਦੇ ਦੌਰਾਨ ਇਸ ਦੇ ਮਾਪ ਲਈ ਕਿਸ ਪ੍ਰਕਾਰ ਦੇ ਮਾਪਦੰਡ ਅਪਣਾਏ ਜਾ ਰਹੇ ਹਨ। ਇਸ ਕਿਸਮ ਦੀ ਪਰਖ ਵਿਦਿਆਰਥੀ ਦੇ ਨਿਭਾਅ ਲਈ ਪ੍ਰਤੀ-ਪੁਸ਼ਟੀ ਦਾ ਕੰਮ ਕਰਦੀ ਹੈ। ਇਸ ਪਰਖ ਦੇ ਨਤੀਜੇ ਅਧਿਆਪਕ ਨੂੰ ਅਜਿਹੇ ਸੁਰਾਗ/ਸੰਕੇਤ ਦਿੰਦੇ ਹਨ, ਜਿਨ੍ਹਾਂ ਤੋਂ ਉਹ ਉਪਚਾਰਕ ਪੱਧਰ 'ਤੇ ਵਿਦਿਆਰਥੀਆਂ ਨੂੰ ਵਿਭਿੰਨ ਦ੍ਰਿਸ਼ਟੀਆਂ ਤੋਂ ਪਰਖਣ ਦੇ ਯੋਗ ਹੋ ਸਕਦਾ ਹੈ। ਜਮਾਤ ਵਿਚਲੇ ਇਸ ਪਰਸਪਰ ਵਿਹਾਰ ਤੋਂ ਅਧਿਆਪਕ ਤੇ ਵਿਦਿਆਰਥੀ ਇਸ ਗੱਲ ਦਾ ਅੰਦਾਜ਼ਾ ਲਾ ਸਕਦੇ ਹਨ ਕਿ

ਜੋ ਕੁਝ ਸਿੱਖਿਆ/ਸਿਖਾਇਆ ਜਾ ਰਿਹਾ ਹੈ, ਉਹ ਕਿੱਥੋਂ ਤੱਕ ਠੀਕ ਹੈ।

ਸਭ ਤੋਂ ਪਹਿਲਾਂ ਮਾਤ-ਭਾਸ਼ਾ ਜਾਂ ਪਹਿਲੀ ਭਾਸ਼ਾ ਨੂੰ ਲਿਆ ਜਾ ਸਕਦਾ ਹੈ। ਬਹੁਤੀ ਵਾਰ ਵਿਦਿਆਰਥੀਆਂ ਨੂੰ ਉਪਚਾਰਕ ਪੱਧਰ 'ਤੇ ਜਦੋਂ ਮਾਤ-ਭਾਸ਼ਾ ਦੀ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਉਦੋਂ ਆਮ ਤੌਰ 'ਤੇ ਇਹ ਵਿਚਾਰ ਮਨ ਵਿਚ ਬਿਠਾ ਲਿਆ ਜਾਂਦਾ ਹੈ ਕਿ ਮਾਤ-ਭਾਸ਼ਾ ਦਾ ਕੀ ਹੈ, ਇਹ ਤਾਂ ਆਪਣੀ ਬੋਲੀ ਹੈ; ਇਸਨੂੰ ਸਿੱਖਣ/ਸਿਖਾਉਣ 'ਤੇ ਵਧੇਰੇ ਬਲ ਦੇਣ ਦੀ ਕੀ ਲੋੜ ਹੈ; ਵਿਦਿਆਰਥੀ ਸਹਿਜ-ਸੁਭਾਅ ਹੀ ਇਹ ਭਾਸ਼ਾ ਬੋਲਣ ਵਾਲੇ ਸਮਾਜ ਜਾਂ ਆਲੇ-ਦੁਆਲੇ ਵਿਚੋਂ ਇਸ ਸੰਬੰਧੀ ਨਿਪੁੰਨਤਾ ਗ੍ਰਹਿਣ ਕਰ ਲਵੇਗਾ। ਸਾਡੀਆਂ ਭਾਸ਼ਾਵਾਂ ਨੂੰ ਇਸ ਮਾਨਸਿਕ ਪਰਵਿਰਤੀ ਨੇ ਏਨਾ ਨੁਕਸਾਨ ਪਹੁੰਚਾਇਆ ਹੈ ਇਸਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਹੀ ਕਾਰਨ ਹੈ ਕਿ ਪੰਜਾਬੀ ਵਿਦਿਆਰਥੀ ਜਦੋਂ ਉਚ-ਸਿੱਖਿਆ ਦੀਆਂ ਜਮਾਤਾਂ ਵਿਚ ਦਾਖ਼ਲਾ ਲੈਂਦੇ ਹਨ, ਤਾਂ ਉਹ ਠੀਕ ਤਰ੍ਹਾਂ ਮਾਂ-ਬੋਲੀ ਵਿਚ ਆਪਣੇ ਆਪ ਨੂੰ ਨਹੀਂ ਪ੍ਰਗਟਾ ਸਕਦੇ। ਉਨ੍ਹਾਂ ਦੇ ਲਿਖਣ ਤੇ ਪੜ੍ਹਨ ਵਿਚ ਅਨੇਕਾਂ ਗ਼ਲਤੀਆਂ ਦੇਖੀਆਂ ਗਈਆਂ ਹਨ। ਉਚਾਰਨ ਦੇ ਪੱਧਰ 'ਤੇ ਵੀ ਆਪਣੀ ਭਾਸ਼ਾ ਦੀ ਠੀਕ ਵਰਤੋਂ ਪ੍ਰਤੀ ਉਹ ਸੁਚੇਤ ਨਹੀਂ ਹੁੰਦੇ। ਸਕੂਲਾਂ ਵਿਚ ਜਿਵੇਂ-ਜਿਵੇਂ ਸਿੱਖਿਆ ਦਾ ਮਿਆਰ ਡਿੱਗ ਰਿਹਾ ਹੈ, ਇਸ ਦਾ ਅਸਰ ਬੱਚੇ ਦੀ ਭਾਸ਼ਾ-ਸਿੱਖਿਆ ਉਪਰ ਸਭ ਤੋਂ ਵੱਧ ਪੈ ਰਿਹਾ ਹੈ ਕਿਉਂਕਿ ਉਸਨੇ ਕੋਈ ਵੀ ਵਿਸ਼ਾ ਪੜ੍ਹਨਾ ਹੈ ਤਾਂ ਉਹਦੇ ਕੋਲ ਬੁਨਿਆਦੀ ਸੰਦ ਤਾਂ ਭਾਸ਼ਾ ਹੀ ਹੈ। ਇਹੀ ਕਾਰਨ ਹੈ ਕਿ ਕਈ ਬੱਚੇ ਭਾਵੇਂ ਦੂਸਰੇ ਵਿਸ਼ਿਆਂ ਵਿਚ ਤਾਂ ਮਾਹਰ ਹੋ ਜਾਂਦੇ ਹਨ ਪਰ ਭਾਸ਼ਾ-ਪ੍ਰਗਟਾ ਦੇ ਪੱਖੋਂ ਕਮਜ਼ੋਰ ਰਹਿ ਜਾਂਦੇ ਹਨ।

ਇਸ ਕਮਜ਼ੋਰੀ ਲਈ ਅਧਿਆਪਕ ਵੀ ਜ਼ਿੰਮੇਵਾਰ ਹਨ। ਪੰਜਾਬੀ ਭਾਸ਼ਾ ਦੀ ਉਚਿਤ ਸਿਖਲਾਈ ਲਈ ਸਾਡੇ ਕੋਲ ਕੋਈ ਵੀ ਅਜਿਹੀ ਸੰਸਥਾ ਜਾਂ ਇੰਸਟੀਚਿਊਟ ਨਹੀਂ ਜਿੱਥੇ ਅਧਿਆਪਕਾਂ ਨੂੰ ਬੁਨਿਆਦੀ ਪੱਧਰ ਤੋਂ ਲੈ ਕੇ ਉੱਚ-ਤਕਨੀਕੀ ਭਾਸ਼ਾ ਦੀ ਸਿਖਲਾਈ ਦਿੱਤੀ ਜਾ ਸਕੇ। ਇਹੀ ਕਾਰਨ ਹੈ ਕਿ ਅਧਿਆਪਕਾਂ ਕੋਲ ਬੱਚਿਆਂ ਦੀ ਭਾਸ਼ਾ-ਸਿਖਲਾਈ ਲਈ ਬੁਨਿਆਦੀ ਸੰਦ ਮੌਜੂਦ ਨਹੀਂ ਇਸ ਲਈ ਉਹ ਬੱਚਿਆਂ ਦੀ ਭਾਸ਼ਾ-ਪਰਖ ਸੰਬੰਧੀ ਕੋਈ ਨਿਸਚਤ ਮਾਪਦੰਡ ਨਹੀਂ ਅਪਣਾ ਸਕਦੇ। ਅਧਿਆਪਕਾਂ ਨੂੰ ਸਿੱਖਿਆ-ਸਿਖਲਾਈ ਦੌਰਾਨ ਆਕਦਮਿਕ ਪੱਧਰ 'ਤੇ ਜਿਹੜੇ ਸੰਦਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਉਹ ਬੋਦੇ ਹਨ, ਜਿਨ੍ਹਾਂ ਰਾਹੀਂ ਨਿਸਚਤ ਉਦੇਸ਼ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਹ ਸਾਰੇ ਹੀ ਪਰੰਪਰਾਈ ਕਿਸਮ ਦੇ ਸੰਦ ਹਨ ਜਿਨ੍ਹਾਂ ਦੀ ਲਗਾਤਾਰ ਵਰਤੋਂ ਤੀਸਰੀ ਦੁਨੀਆਂ ਦੇ ਦੇਸ਼ਾਂ ਵਿਚ ਕੀਤੀ ਜਾ ਰਹੀ ਹੈ।

ਆਮ ਤੌਰ 'ਤੇ ਉਪਚਾਰਕ ਪੱਧਰ 'ਤੇ ਸਕੂਲੀ ਵਿੱਦਿਆ ਵਿਚ ਬੱਚਿਆਂ ਨੂੰ ਮਾਤ-ਭਾਸ਼ਾ ਸਿਖਾਉਣ ਲਈ ਯੋਗ ਤਕਨੀਕਾਂ ਨਹੀਂ ਵਰਤੀਆਂ ਜਾਂਦੀਆਂ। ਬੱਚਾ

ਭਾਸ਼ਾ ਸੰਬੰਧੀ ਜੋ ਕੁਝ ਘਰ ਜਾਂ ਆਲੇ-ਦੁਆਲੇ ਵਿਚੋਂ ਸਿਖਦਾ ਹੈ, ਉਹ ਬੜਾ ਸੀਮਿਤ ਹੁੰਦਾ ਹੈ। ਉਪਚਾਰਕ ਪੱਧਰ 'ਤੇ ਉਸਦਾ ਵਾਹ ਗਿਆਨ ਦੇ ਹੋਰ ਖੇਤਰਾਂ ਨਾਲ ਪੈਂਦਾ ਹੈ, ਜਿਸ ਵਿਚ ਬੱਚੇ ਨੇ ਆਪਣੇ ਆਪ ਨੂੰ ਇਨ੍ਹਾਂ ਖੇਤਰਾਂ ਵਿਚ ਸਮਰੱਥ ਬਣਾਉਣਾ ਹੁੰਦਾ ਹੈ ਪਰ ਭਾਸ਼ਾ ਦੀ ਅਣਉਚਿਤ ਸਿਖਲਾਈ ਤੇ ਬੋਦੇ ਸੰਦਾਂ ਰਾਹੀਂ ਉਹ ਗਿਆਨ ਦੇ ਖੇਤਰ ਵਿਚ ਪਛੜ ਜਾਂਦਾ ਹੈ। ਲੋੜ ਹੈ ਉਸਨੂੰ ਭਾਸ਼ਾ ਦੇ ਅਜਿਹੇ ਗਿਆਨ ਦੀ ਜਿਸ ਨਾਲ ਉਹ ਆਪਣੀਆਂ ਅਕਾਦਮਿਕ ਲੋੜਾਂ ਪੂਰੀਆਂ ਕਰ ਸਕੇ। ਪਰ ਰੱਟੇ ਲਾਉਣ ਦੀ ਪਰਵਿਰਤੀ ਤੇ ਗਾਈਡ-ਪ੍ਰਣਾਲੀ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਇਕ ਸੁਸਤੀ ਭਰਿਆ ਉਦਾਸੀਪਨ ਪੈਦਾ ਕਰ ਦਿੱਤਾ ਹੈ, ਜਿਸ ਦੇ ਸਿੱਟੇ ਵਜੋਂ ਬੱਚਿਆਂ ਦੀ ਲਿਖਣ-ਯੋਗਤਾ ਤੇ ਪੜ੍ਹਨ-ਯੋਗਤਾ ਨੂੰ ਸਮੇਂ ਦੀ ਸੀਮਾ ਤੇ ਸੁਸਤੀ ਕਰਕੇ ਅਣਗੌਲਿਆਂ ਹੀ ਰਹਿਣ ਦਿੱਤਾ ਜਾਂਦਾ ਹੈ। ਅੱਜ ਬਦਲਦੇ ਯੁਗ ਵਿਚ ਲੋੜ ਹੈ ਅੰਤਰਰਾਸ਼ਟਰੀ ਪੱਧਰ 'ਤੇ ਭਾਸ਼ਾ ਦੀ ਸਿੱਖਿਆ ਲਈ ਵਰਤੀਂਦੀਆਂ ਨਵੀਆਂ ਤਕਨੀਕਾਂ ਤੇ ਸੰਚਾਰ-ਪੱਧਤੀਆਂ ਨੂੰ ਜਮਾਤ ਤੱਕ ਪਹੁੰਚਾਣ ਦੀ। ਇਸ ਦੇ ਨਾਲ ਅਧਿਆਪਕਾਂ ਦੀ ਉਚਿਤ ਟਰੇਨਿੰਗ ਲਈ ਇੰਸਟੀਚਿਊਟ ਖੋਲ੍ਹਣਾ ਅਤੇ ਮਾਤ-ਭਾਸ਼ਾ ਦੇ ਵਿਗਿਆਨਕ ਸਿੱਖਿਆ-ਕੋਰਸਾਂ ਨੂੰ ਤਿਆਰ ਕਰਨਾ ਚਾਹੀਦਾ ਹੈ, ਤਾਂ ਜੋ ਮਾਤ-ਭਾਸ਼ਾ ਸੰਬੰਧੀ ਨਿਸਚਿਤ ਉਦੇਸ਼ਾਂ ਦੀ ਪ੍ਰਾਪਤੀ ਕੀਤੀ ਜਾਵੇ ਸਕੇ।

ਦੂਸਰਾ ਮਸਲਾ ਦੂਸਰੀ ਭਾਸ਼ਾ ਦੀ ਸਿੱਖਿਆ ਨਾਲ ਜੁੜਿਆ ਹੋਇਆ ਹੈ। ਭਾਰਤ ਵਿਚ ਅਪਣਾਈ ਗਈ ਭਾਸ਼ਾ-ਨੀਤੀ ਅਨੁਸਾਰ ਵਿਦਿਆਰਥੀ ਨੂੰ ਕਿਤੇ-ਨਾ-ਕਿਤੇ ਦੂਸਰੀ ਭਾਸ਼ਾ ਸਿੱਖਣੀ ਹੀ ਪੈਂਦੀ ਹੈ। ਜਿਵੇਂ ਬਹੁਤੇ ਰਾਜਾਂ ਵਿਚ ਵਿਦਿਆਰਥੀਆਂ ਨੂੰ ਮਾਤ-ਭਾਸ਼ਾ ਦੇ ਨਾਲ-ਨਾਲ ਹਿੰਦੀ ਜਾਂ ਹੋਰ ਪ੍ਰਾਂਤਕ ਭਾਸ਼ਾ ਜਾਂ ਫਿਰ ਵਿਦੇਸ਼ੀ ਭਾਸ਼ਾ ਅੰਗਰੇਜ਼ੀ ਨੂੰ ਚੋਣਵੇਂ ਜਾਂ ਅਖ਼ਤਿਆਰੀ ਵਿਸ਼ੇ ਵਜੋਂ ਪੜ੍ਹਨਾ ਪੈਂਦਾ ਹੈ। ਜਿਥੋਂ ਤੱਕ ਦੂਸਰੀ ਭਾਸ਼ਾ ਨੂੰ ਸਿਖਾਉਣ ਦਾ ਸੰਬੰਧ ਹੈ, ਇਸ ਵਿਚ ਭਾਸ਼ਾ ਦੀ ਬਜਾਏ ਉਸ ਬੋਲੀ ਦਾ ਸਾਹਿਤ ਪੜ੍ਹਾਉਣ 'ਤੇ ਵਧੇਰੇ ਬਲ ਦਿੱਤਾ ਜਾਂਦਾ ਹੈ। ਇਸ ਲਈ ਦੂਸਰੀ ਭਾਸ਼ਾ ਦੀ ਸਿਖਲਾਈ ਦੀ ਪਰਖ ਵੇਲੇ ਇਹ ਦੇਖਣਾ ਜ਼ਰੂਰੀ ਹੈ ਕਿ ਸਿਖਿਆਰਥੀ ਨੂੰ ਉਸ ਭਾਸ਼ਾ ਵਿਚ ਕਿੰਨੀ ਕੁ ਮੁਹਾਰਤ ਹਾਸਲ ਹੋ ਸਕੀ ਹੈ। ਇਹ ਦੇਖਣਾ ਜ਼ਰੂਰੀ ਹੈ ਕਿ ਸਾਧਾਰਨ ਗਿਆਨ ਜਾਂ ਸਾਹਿਤ ਸਿਖਿਆਰਥੀ ਦੀ ਸਿੱਖਣ-ਪਰਕਿਰਿਆ ਵਿਚ ਰੁਕਾਵਟ ਨਾ ਬਣੇ। ਪਰ ਬੁਨਿਆਦੀ ਤੌਰ 'ਤੇ ਭਾਸ਼ਾ ਦੇ ਨਾਂ ਉੱਤੇ ਪੜ੍ਹਾਇਆ ਜਾਂਦਾ ਸਾਹਿਤ ਰੋਕ ਬਣਦਾ ਹੈ, ਜਿਸ ਦੇ ਸਿੱਟੇ ਵਜੋਂ ਭਾਸ਼ਾ ਦੀ ਪਰਖ ਵੇਲੇ ਪ੍ਰਾਪਤ ਨਤੀਜਿਆਂ ਦੀ ਦਰ ਨੀਵੀਂ ਰਹਿੰਦੀ ਹੈ। ਸੁਚੇਤ ਤੌਰ 'ਤੇ ਇਹ ਦੇਖਿਆ ਗਿਆ ਹੈ ਕਿ ਵਾਰਤਕ, ਕਹਾਣੀ ਜਾਂ ਕਵਿਤਾ ਵਰਗੀਆਂ ਸਾਹਿਤਕ ਵੰਨਗੀਆਂ ਅਤੇ ਸਮਾਜ-ਸੱਭਿਆਚਾਰਕ ਪੱਖ ਦੂਸਰੀ ਭਾਸ਼ਾ ਦੀ ਸਿਖਲਾਈ-ਪੱਧਤੀ ਵਿਚ ਸਹਾਇਕ ਅੰਗ ਤਾਂ ਜ਼ਰੂਰ ਬਣਦੇ ਹਨ ਪਰ ਇਸ

ਪਰਕਿਰਿਆ ਵਿਚ ਜਦੋਂ ਸਾਹਿਤ ਪ੍ਰਮੁੱਖ ਅਤੇ ਭਾਸ਼ਾ ਗੌਣ ਪੱਧਰ 'ਤੇ ਚਲੀ ਜਾਂਦੀ ਹੈ ਤਾਂ ਉੱਥੇ ਇਹ ਰੁਕਾਵਟ ਬਣ ਜਾਂਦੇ ਹਨ। ਇਸ ਲਈ ਦੋਹਾਂ ਵਿਚ ਸੰਤੁਲਨ ਜ਼ਰੂਰੀ ਹੈ।

ਸਾਡੇ ਕੋਲ ਦੂਸਰੀ ਭਾਸ਼ਾ ਨੂੰ ਸਿਖਾਉਣ ਲਈ ਵੀ ਮਾਤਾ-ਭਾਸ਼ਾ ਵਾਂਗ ਬੁਨਿਆਦੀ ਸਹੂਲਤਾਂ ਪ੍ਰਾਪਤ ਨਹੀਂ ਹਨ। ਸਿਧਾਂਤਕ ਜਾਂ ਵਿਹਾਰਕ ਪੱਧਰ 'ਤੇ ਕੋਈ ਚੌਖਟੇ ਤਿਆਰ ਨਹੀਂ ਕੀਤੇ ਗਏ, ਜਿਨ੍ਹਾਂ ਨਾਲ ਦੂਸਰੀ ਭਾਸ਼ਾ ਦੀ ਸੂਖਮਤਾ ਤੇ ਗ੍ਰਹਿਣ-ਸ਼ਕਤੀ ਨੂੰ ਪਛਾਣ ਕੇ ਸਿਖਿਆਰਥੀ ਲਈ ਸੁਖੈਨਤਾ ਦਾ ਰਸਤਾ ਲੱਭਿਆ ਜਾ ਸਕੇ। ਇੱਥੇ ਇਕ ਸੁਯੋਗ ਪਾਰਖੂ ਲਈ ਵੱਡੀ ਸਮੱਸਿਆ ਤਾਂ ਪੈਟਰਨਾਂ ਅਤੇ ਯੋਗ ਮਾਡਲਾਂ ਦੀ ਹੈ। ਦੂਸਰੀ ਭਾਸ਼ਾ ਪੜ੍ਹਾਉਣ ਵਾਲੇ ਅਧਿਆਪਕਾਂ ਲਈ ਵੱਖਰੇ ਵੱਖਰੇ ਤਰੀਕੇ ਹਨ, ਜਿਨ੍ਹਾਂ ਨੂੰ ਉਹ ਵਰਤ ਸਕਦੇ ਹਨ। ਇੱਥੇ ਦੂਸਰੀ ਭਾਸ਼ਾ ਦੇ ਅਧਿਆਪਕ ਲਈ ਇਹ ਵੀ ਜ਼ਰੂਰੀ ਹੈ ਕਿ ਜਿਸ ਮਾਤ-ਭਾਸ਼ਾ ਦੇ ਬੱਚਿਆਂ ਨੂੰ ਉਹ ਦੂਸਰੀ ਭਾਸ਼ਾ ਸਿਖਾ ਰਿਹਾ ਹੈ ਉਸਨੂੰ ਉਨ੍ਹਾਂ ਬੱਚਿਆਂ ਦੀ ਮਾਂ-ਬੋਲੀ ਦਾ ਵੀ ਵਿਸ਼ੇਸ਼ ਗਿਆਨ ਹੋਵੇ। ਪਰ ਸਾਡੇ ਦੇਸ਼ ਵਿਚ ਅਜਿਹੀ ਕੋਈ ਪਰੰਪਰਾ ਨਹੀਂ ਕਿ ਇਕ ਭਾਸ਼ਾ ਦਾ ਅਧਿਆਪਕ ਦੂਸਰੀ ਭਾਸ਼ਾ ਦਾ ਵਿਸ਼ੇਸ਼ ਗਿਆਨ ਹਾਸਲ ਕਰੇ। ਭਾਰਤ ਵਿਚ ਭਾਸ਼ਾਵਾਂ ਦਾ ਰਿਸ਼ਤਾ ਵੈਰ-ਵਿਰੋਧ ਤੇ ਤਕਰਾਰੀ ਕਿਸਮ ਦਾ ਬਣਾ ਦਿੱਤਾ ਗਿਆ ਹੈ, ਜਿਸ ਕਾਰਨ ਭਾਸ਼ਾਵਾਂ ਦੇ ਆਪਸੀ ਰਿਸ਼ਤੇ ਵੇਲੇ ਵਿਸ਼ਾਲ-ਦਿਲੀ ਤੋਂ ਕੰਮ ਨਹੀਂ ਲਿਆ ਜਾਂਦਾ। ਇਹੀ ਕਾਰਨ ਹੈ ਕਿ ਦੂਸਰੀ ਭਾਸ਼ਾ ਦੀ ਸਿੱਖਿਆ ਸਮੇਂ ਵੀ ਉਚਿਤ ਉਦੇਸ਼ ਪ੍ਰਾਪਤ ਨਹੀਂ ਕੀਤੇ ਜਾਂਦੇ।

ਜਿੱਥੋਂ ਤੱਕ ਭਾਸ਼ਾ-ਪਰਖ ਦਾ ਸੁਆਲ ਹੈ ਇਸ ਵਿਚ ਮੁੱਖ ਜ਼ੋਰ ਇਸ ਗੱਲ 'ਤੇ ਦਿੱਤਾ ਜਾਂਦਾ ਹੈ ਕਿ ਸਿਖਿਆਰਥੀ ਦੀ ਭਾਸ਼ਾ ਬਾਰੇ ਕਿੰਨੀ ਕੁ ਜਾਣਕਾਰੀ ਹੈ ਨਾ ਕਿ ਉਸਦੇ ਉਸ ਭਾਸ਼ਾ ਬਾਰੇ ਗਿਆਨ ਉੱਤੇ ਜਿਹੜੀ ਉਹ ਵਰਤਦਾ ਹੈ। ਉਪਚਾਰਕ ਪੱਧਰ 'ਤੇ ਪੜ੍ਹਾਏ ਜਾਂਦੇ ਕੋਰਸ ਵਸਤੂਮੂਲਕ ਅਤੇ ਅੰਤਰਮੁਖੀ ਹੋਣੇ ਚਾਹੀਦੇ ਹਨ। ਇਸੇ ਤਰ੍ਹਾਂ ਬਾਹਰਮੁਖੀ ਪਹੁੰਚ ਵਾਲੇ ਸੁਆਲਾਂ ਵਿਚ ਖੁੱਲ੍ਹੀ ਚੋਣ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਵਸਤੂਮੂਲਕ ਤੇ ਬਾਹਰਮੁਖੀ ਪਹੁੰਚਾਂ ਭਾਸ਼ਾ-ਕੋਰਸਾਂ ਵਿਚਲੀਆਂ ਵਿਭਿੰਨ ਯੋਗਤਾਵਾਂ ਨੂੰ ਸਮਝਣ ਵਿਚ ਸਹਾਈ ਹੁੰਦੀਆਂ ਹਨ। ਭਾਸ਼ਾਈ ਪਰਖਾਂ ਇਸ ਗੱਲ ਵਿਚ ਵੀ ਮਦਦ ਦੇਂਦੀਆਂ ਹਨ ਕਿ ਸਿਖਿਆਰਥੀ ਇਸ ਪਰਕਿਰਿਆ ਵਿਚ ਵਿਕਾਸ ਕਰ ਰਿਹਾ ਹੈ ਕਿ ਨਹੀਂ। ਅਧਿਆਪਕ ਇਸ ਤੋਂ ਸੇਧ ਲੈ ਕੇ ਉਸ ਹਿੱਸੇ 'ਤੇ ਵਧੇਰੇ ਜ਼ੋਰ ਦੇ ਸਕਦਾ ਹੈ, ਜਿਸਨੂੰ ਵਿਦਿਆਰਥੀ ਗ੍ਰਹਿਣ ਕਰਨ ਤੋਂ ਅਸਮਰੱਥ ਮਹਿਸੂਸ ਕਰਦੇ ਹੋਣ।

ਭਾਰਤੀ ਭਾਸ਼ਾਵਾਂ ਵਿਚ ਭਾਸ਼ਾ ਦੀ ਪਰਖ ਲਈ ਖੋਜ ਜ਼ਰੂਰੀ ਹੈ। ਇੱਥੇ ਇਹ ਵੀ ਜ਼ਰੂਰੀ ਹੈ ਕਿ ਅਧਿਆਪਕ ਦੁਆਰਾ ਜਮਾਤ ਲਈ ਤਿਆਰ ਕੀਤੀਆਂ ਪਰਖ-ਪਰਣਾਲੀਆਂ ਅਤੇ ਮਿਆਰੀ ਜਾਂ ਉਪਚਾਰਕ ਭਾਸ਼ਾ ਦੀਆਂ ਪਰਖ-ਪਰਣਾਲੀਆਂ

ਵਿਚ ਨਿਖੇੜਾ ਸਥਾਪਤ ਕੀਤਾ ਜਾ ਸਕੇ। ਅਧਿਆਪਕ ਦੁਆਰਾ ਜਮਾਤ ਦੀਆਂ ਲੋੜਾਂ ਹਿਤ ਤਿਆਰ ਕੀਤੀਆਂ ਪਰਖ-ਪਰਣਾਲੀਆਂ ਸੀਮਤ ਉਦੇਸ਼ਾਂ ਦੀ ਪੂਰਤੀ ਲਈ ਹੁੰਦੀਆਂ ਹਨ, ਜਦ ਕਿ ਉਪਚਾਰਕ ਪੱਧਰ 'ਤੇ ਤਿਆਰ ਕੀਤੀਆਂ ਪਰਖ-ਪਰਣਾਲੀਆਂ ਸੋਧੀਆਂ ਹੋਈਆਂ ਤਕਨੀਕਾਂ ਰਾਹੀਂ ਵਧੇਰੇ ਸਪਸ਼ਟ ਸਿੱਟੇ ਸਾਹਮਣੇ ਲਿਆ ਸਕਦੀਆਂ ਹਨ।

ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਵਿਚ ਨਿਪੁੰਨਤਾਵਾਂ ਨੂੰ ਜਾਨਣ ਲਈ ਭਾਸ਼ਾ-ਪਰਖ ਦੀਆਂ ਅਨੇਕਾਂ ਤਕਨੀਕਾਂ ਵਰਤੀਆਂ ਜਾਂਦੀਆਂ ਹਨ। ਆਮ ਤੌਰ 'ਤੇ ਇਨ੍ਹਾਂ ਨੂੰ ਦੋ ਪ੍ਰਮੁੱਖ ਵਰਗਾਂ ਵਿਚ ਵੰਡਿਆਂ ਜਾਂਦਾ ਹੈ—ਅੰਤਰਮੁਖੀ ਤੇ ਬਾਹਰਮੁਖੀ। ਇਨ੍ਹਾਂ ਵਿਚ ਨਿਬੰਧ, ਅਨੁਵਾਦ, ਇਬਾਰਤ, ਬਹੁ-ਪਰਕਾਰ ਦੀਆਂ ਬੁਨਿਆਦੀ ਸ਼ਬਦਾਵਲੀਆਂ, ਛੋਟੀਆਂ ਉੱਤਰ-ਪੱਧਤੀਆਂ ਅਤੇ ਮੌਖਿਕ ਇੰਟਰਵਿਊ ਦੀਆਂ ਪੱਧਤੀਆਂ ਸ਼ਾਮਲ ਹਨ। ਇਕ ਚੰਗੀ ਪਰਖ-ਪਰਣਾਲੀ ਦੇ ਤਿੰਨ ਵਿਸ਼ੇਸ਼ ਗੁਣ ਮੰਨੇ ਗਏ ਹਨ—ਵਿਸ਼ਵਾਸਯੋਗਤਾ, ਉੱਚਤਾ ਅਤੇ ਵਿਹਾਰਯੋਗਤਾ।

ਵੱਖ-ਵੱਖ ਭਾਸ਼ਾ-ਪਰਖ-ਪਰਣਾਲੀਆਂ ਦੀ ਉਸਾਰੀ ਇਨ੍ਹਾਂ ਭਾਸ਼ਾਵਾਂ ਵਿਚਲੀ ਅਧਿਆਪਨ ਯੋਗਤਾ ਨੂੰ ਜਾਨਣ ਲਈ ਅਤੇ ਸਿੱਖਣ-ਸਥਿਤੀਆਂ ਦੀ ਪਰਖ ਲਈ ਕੀਤੀ ਜਾਂਦੀ ਹੈ। ਦੂਸਰੀ ਭਾਸ਼ਾ ਦੇ ਅਧਿਆਪਨ ਦੀ ਸਥਿਤੀ ਵਿਚ ਉਨ੍ਹਾਂ ਤਕਨੀਕਾਂ 'ਤੇ ਵਧੇਰੇ ਬਲ ਦਿੱਤਾ ਜਾਂਦਾ ਹੈ, ਜਿਹੜੀਆਂ ਦੂਸਰੀ ਭਾਸ਼ਾ ਦੀਆਂ ਸੱਭਿਆਚਾਰਕ ਅਤੇ ਸਮਾਜਕ ਭਿੰਨਤਾਵਾਂ ਨਾਲ ਜੁੜੀਆਂ ਹੁੰਦੀਆਂ ਹਨ। ਭਾਸ਼ਾ ਦਾ ਕੋਰਾ ਗਿਆਨ ਕਿਸੇ ਕੰਮ ਨਹੀਂ ਜੇਕਰ ਉਸ ਦੇ ਭਾਸ਼ਾਈ ਕੋਸ਼ ਅਤੇ ਉਸ ਦੀਆਂ ਸੱਭਿਆਚਾਰਕ ਇਕਾਈਆਂ ਨਾਲ ਵਾਕਫ਼ੀਅਤ ਗ੍ਰਹਿਣ ਨਾ ਕੀਤੀ ਜਾਵੇ। ਇਸ ਲਈ ਟੇਪ ਰਿਕਾਰਡ, ਫ਼ਿਲਮਾਂ, ਪਲਿਮ (ਇੰਟਰਵਿਊ ਲਈ ਵਰਤੇ ਜਾਂਦੇ ਚਿੱਤਰ) ਜਾਂ ਹੋਰ ਅਜਿਹੀਆਂ ਇਕਾਈਆਂ ਤੋਂ ਮਦਦ ਲਈ ਜਾ ਸਕਦੀ ਹੈ, ਜੋ ਸੱਭਿਆਚਾਰ ਨੂੰ ਦਰਸਾਉਂਦੀਆਂ ਹੋਣ। ਪਰ ਇਹ ਕੰਮ ਵਿਆਕਰਣ-ਯੋਗਤਾ ਅਤੇ ਭਾਸ਼ਾ ਦੀ ਸਿਖਲਾਈ ਦੇ ਦੌਰਾਨ ਵਧੇਰੇ ਲਾਹੇਵੰਦਾ ਸਾਬਤ ਹੋ ਸਕਦਾ ਹੈ। ਇਸਦੇ ਨਾਲ ਕਵਾਇਦ ਜਾਂ ਡਰਿਲ ਅਤੇ ਮੌਖਿਕ ਪਰਖ ਦੇ ਤਰੀਕੇ ਵੀ ਅਪਣਾਏ ਜਾ ਸਕਦੇ ਹਨ।

ਪੜ੍ਹਨ-ਯੋਗਤਾ ਦੀ ਪਰਖ ਸਭ ਤਰ੍ਹਾਂ ਦੇ ਭਾਸ਼ਾ-ਅਧਿਆਪਨ ਅਤੇ ਸਿੱਖਣ-ਸਥਿਤੀਆਂ ਵਿਚ ਉਚਿਤ ਹੈ। ਪੜ੍ਹਨ-ਯੋਗਤਾ ਲਈ ਵੱਖ ਵੱਖ ਵੰਨਗੀਆਂ ਦੇ ਛੋਟੇ-ਛੋਟੇ ਪੈਰਿਆਂ ਦੀ ਚੋਣ ਕੀਤੀ ਜਾ ਸਕਦੀ ਹੈ। ਪੜ੍ਹਨ-ਯੋਗਤਾ ਪਰਖ-ਪਰਣਾਲੀ ਵਿਚ ਸ਼ਬਦਾਵਲੀ ਦੇ ਵਿਵੇਕ, ਲਿੱਪੀ-ਚਿੰਨ੍ਹਾਂ ਪ੍ਰਤੀ ਚੇਤਨਾ, ਲੇਖਕ ਦੇ ਖ਼ਿਆਲਾਂ ਦੀ ਪਕੜ ਤੇ ਸ਼ੈਲੀ ਮੂਲਕ ਲੱਭਤਾਂ ਜ਼ਰੂਰੀ ਯੋਗਤਾਵਾਂ ਮਿਥੀਆਂ ਜਾਂਦੀਆਂ ਹਨ।

ਪੜ੍ਹਣ ਵਾਂਗ ਹੀ ਲਿਖਣਾ ਵੀ ਇਕ ਜ਼ਰੂਰੀ ਯੋਗਤਾ ਹੈ। ਲਿਖਣ ਪਰਕਿਰਿਆ

ਵਿਚ ਕੁਝ ਜ਼ਰੂਰੀ ਅੰਗ ਹੇਠ ਲਿਖੇ ਮੰਨੇ ਗਏ ਹਨ:-

ੳ. ਲਿਖਣ ਦੀ ਵਸਤੂ

ਅ. ਲਿਖਣ ਦਾ ਰੂਪ

ੲ. ਵਿਆਕਰਣਕ ਜਾਂ ਭਾਵਾਂਸ਼ੀ ਅਤੇ ਵਾਕਾਤਮਕ ਪੈਟਰਨਜ਼

ਸ. ਸ਼ਬਦਾਵਲੀ, ਸ਼ੈਲੀਮੂਲਕ ਸੰਰਚਨਾ ਦਾ ਗਿਆਨ

ਹ. ਆਰਥੋਗ੍ਰਾਫੀ ਦੀਆਂ ਸੂਖ਼ਮਤਾਵਾਂ ਤੇ ਤਕਨੀਕਾਂ ਦਾ ਗਿਆਨ

ਲਿਖਣ-ਯੋਗਤਾ ਨੂੰ ਵੀ ਕਈ ਤਕਨੀਕਾਂ ਰਾਹੀਂ ਪਰਖਿਆ ਜਾ ਸਕਦਾ ਹੈ। ਨਿਬੰਧ-ਯੋਗਤਾ ਇਕ ਮੰਨਿਆ-ਪਰਮੰਨਿਆ ਢੰਗ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਨਿਬੰਧ-ਯੋਗਤਾ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਨੂੰ ਇਕੱਠਿਆਂ ਕਰਨ ਦਾ ਅਤੇ ਉਨ੍ਹਾਂ ਨੂੰ ਪ੍ਰਭਾਵਕਾਰੀ ਬਣਾਉਣ ਦਾ ਮੌਕਾ ਮਿਲਦਾ ਹੈ। ਨਿਬੰਧ-ਯੋਗਤਾ ਪਰਖ-ਪਰਣਾਲੀ ਦੀ ਇਹ ਕਹਿ ਕੇ ਆਲੋਚਨਾ ਵੀ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੀ ਵੱਖ ਵੱਖ ਵਿਸ਼ਿਆਂ 'ਤੇ ਰਾਏ ਭਿੰਨ ਹੁੰਦੀ ਹੈ, ਇਸ ਲਈ ਪਾਰਖੂਆਂ ਲਈ ਇਹ ਜ਼ਰੂਰੀ ਹੈ ਕਿ ਉਹ ਇਸਦੇ ਨਾਲ ਬਾਹਰ-ਮੁਖੀ ਪਰਖ 'ਤੇ ਵੀ ਜ਼ੋਰ ਦੇਣ।

ਭਾਰਤੀ ਭਾਸ਼ਾਵਾਂ ਦੇ ਪ੍ਰਸੰਗ ਵਿਚ ਇਹ ਇਕ ਵੱਡੀ ਲੋੜ ਹੈ ਕਿ ਮਿਆਰੀ ਕੋਰਸ ਅਤੇ ਦੂਜੀ ਭਾਸ਼ਾ ਵਿਚ ਮੁਹਾਰਤ ਰੱਖਣ ਵਾਲੇ ਅਧਿਆਪਕ ਤਿਆਰ ਕੀਤੇ ਜਾਣ। ਇਸਦੇ ਵੀ ਕਈ ਕਾਰਨ ਹਨ:

1. ਭਾਸ਼ਾ ਅਧਿਆਪਨ ਖੇਤਰ ਦਾ ਦਿਨੋਂ ਦਿਨ ਵਿਸਥਾਰ ਹੋ ਰਿਹਾ ਹੈ। ਭਾਰਤੀ ਭਾਸ਼ਾਵਾਂ ਵਿਚ ਦੂਸਰੀ ਭਾਸ਼ਾ ਦੇ ਅਧਿਆਪਨ ਤੇ ਸਿਖਣ ਦਾ ਮਹੱਤਵ ਵਧ ਗਿਆ ਹੈ ਕਿਉਂਕਿ ਇਹ ਭਾਰਤ ਦੀ ਭਾਸ਼ਾ ਨੀਤੀ ਦਾ ਅੰਗ ਵੀ ਹੈ।

2. ਵੱਖ ਵੱਖ ਰਾਜਾਂ ਵਿਚ ਸਥਾਨਕ ਭਾਸ਼ਾਵਾਂ ਨੂੰ ਕਿੱਤਾ ਕੇਂਦਰਾਂ ਵਿਚ ਸਿਖਲਾਈ ਦਾ ਮਾਧਿਅਮ ਬਣਾਇਆ ਜਾ ਰਿਹਾ ਹੈ। ਕਈ ਤਕਨੀਕੀ ਸੰਸਥਾਵਾਂ ਵਿਚ ਇਸ ਲਈ ਕਰੜਾ ਮੁਕਾਬਲਾ ਵੀ ਚਲਦਾ ਹੈ। ਇਸ ਲਈ ਵਿਦਿਆਰਥੀਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਸਿਖਲਾਈ ਕੇਂਦਰਾਂ ਵਿਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਨੂੰ ਸਿੱਖਿਆ ਜਾਵੇ ਅਤੇ ਉਨ੍ਹਾਂ ਵਿਚ ਮੁਹਾਰਤ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ।

3. ਸਮਾਜਕ ਤੇ ਤਕਨੀਕੀ ਗਤੀਸ਼ੀਲਤਾ ਦੇ ਵਧਣ ਨਾਲ ਨੌਕਰੀ ਦੀ ਤਲਾਸ਼ ਲਈ ਸਿਖਿਅਤ ਅਤੇ ਅਰਧ-ਸਿਖਿਅਤ ਕਾਮੇ ਇਕ ਖੇਤਰ ਵਿਚੋਂ ਦੂਜੇ ਖੇਤਰ ਵਿਚ ਜਾਂਦੇ ਹਨ। ਇਨ੍ਹਾਂ ਖੇਤਰਾਂ ਵਿਚ ਕੁਝ ਨੌਕਰੀਆਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਉਸ ਖਿੱਤੇ ਦੀ ਭਾਸ਼ਾ ਦੀ ਜਾਣਕਾਰੀ ਅਵੱਸ਼ਕ ਹੁੰਦੀ ਹੈ। ਕੁਝ ਨੌਕਰੀਆਂ ਤਾਂ ਹੁੰਦੀਆਂ ਹੀ ਅਜਿਹੀਆਂ ਹਨ, ਜਿਨ੍ਹਾਂ ਵਿਚ ਕੰਮ ਕਰਨ ਲਈ ਕੇਵਲ ਉਨ੍ਹਾਂ ਵਿਅਕਤੀਆਂ ਦੀ ਚੋਣ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਉਸ ਖਿੱਤੇ ਦੀ ਭਾਸ਼ਾ ਦਾ

ਲੋੜੀਂਦਾ ਗਿਆਨ ਹਾਸਲ ਹੋਵੇ। ਬਹੁਤ ਸਾਰੇ ਰਾਜਾਂ ਨੇ ਆਪਣੇ ਅਧੀਨ ਕੰਮ ਕਰਨ ਵਾਲਿਆਂ ਲਈ ਇਹ ਜ਼ਰੂਰੀ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਖਿੱਤੇ ਦੀ ਭਾਸ਼ਾ ਦਾ ਉਚਿਤ ਗਿਆਨ ਹਾਸਲ ਹੋਵੇ। ਜਿਹੜੀ ਕਿ ਉਥੋਂ ਦੀ ਰਾਜ-ਭਾਸ਼ਾ ਹੈ। ਇਸ ਲਈ ਦੂਜੇ ਰਾਜਾਂ ਦੇ ਵਿਦਿਆਰਥੀ ਕੋਸ਼ਿਸ਼ ਕਰਦੇ ਹਨ ਕਿ ਨੌਕਰੀ ਖਾਤਰ ਉਸ ਭਾਸ਼ਾ ਦਾ ਲੋੜੀਂਦਾ ਗਿਆਨ ਹਾਸਲ ਕਰਨ ਤੇ ਮੁਹਾਰਤ ਪ੍ਰਾਪਤ ਕਰਨ ਲਈ ਜਤਨ ਕਰਨ।

ਦੂਸਰੀ ਭਾਸ਼ਾ ਵਿਚ ਮੁਹਾਰਤ ਦੀ ਪਰਖ ਲਈ ਇਹ ਮਹੱਤਵ-ਪੂਰਨ ਹੈ ਕਿ ਨਿਸ਼ਾਨੇ ਨਿਸਚਤ ਕੀਤੇ ਜਾਣ ਤਾਂ ਕਿ ਸਿਖਿਆਰਥੀ ਆਪਣਾ ਉਦੇਸ਼ ਪੂਰਾ ਕਰ ਸਕੇ। ਭਾਸ਼ਾ ਦੀ ਮੁਹਾਰਤ ਇਸ ਗੱਲ 'ਤੇ ਵੀ ਨਿਰਭਰ ਕਰਦੀ ਹੈ ਕਿ ਸਿਖਿਆਰਥੀ ਨੇ ਵਿਆਕਰਣ ਤੇ ਸ਼ਬਦਾਵਲੀ ਨੂੰ ਕਿੰਨਾਂ ਕੁ ਗ੍ਰਹਿਣ ਕੀਤਾ ਹੈ। ਇਸ ਨਾਲ ਸਿਖਿਆਰਥੀ ਇਸ ਗੱਲ ਦੇ ਯੋਗ ਹੋ ਜਾਂਦਾ ਹੈ ਕਿ ਬਾਵਜੂਦ ਸੰਭਵ ਤੌਰ ਤੇ ਹੋਣ ਵਾਲੀਆਂ ਗ਼ਲਤੀਆਂ ਅਤੇ ਵਿਆਕਰਣਕ ਘਾਟਾਂ ਦੇ ਆਪਣੇ ਆਪ ਨੂੰ ਬਿਹਤਰ ਤਰੀਕੇ ਨਾਲ ਸੰਚਾਰਤ ਕਰ ਸਕੇ। ਦੂਸਰੇ ਪਾਸੇ ਕੋਈ ਸਿਖਿਆਰਥੀ ਅਜਿਹਾ ਵੀ ਹੋ ਸਕਦਾ ਹੈ, ਜਿਸ ਕੋਲ ਵਿਆਕਰਣ ਅਤੇ ਸ਼ਬਦਾਵਲੀ ਦਾ ਉਚਿਤ ਗਿਆਨ ਤਾਂ ਹੋਵੇ ਪਰ ਉਹ ਆਪਣੇ ਆਪ ਨੂੰ ਉਚਿਤ ਤਰੀਕੇ ਨਾਲ ਸੰਚਾਰਤ ਨਾ ਕਰ ਸਕੇ। ਇਥੇ ਇਹ ਗੱਲ ਅਰਥਪੂਰਨ ਹੈ ਕਿ ਸਿਖਿਆਰਥੀ ਨੇ ਜੋ ਭਾਸ਼ਾ ਸਿੱਖੀ ਹੈ ਉਸ ਵਿਚ ਉਸਦੀ ਮੁਹਾਰਤ ਕਿੰਨੀ ਕੁ ਹੈ। ਦੂਸਰੇ ਸ਼ਬਦਾਂ ਵਿਚ ਉਹ ਯਥਾਰਥਕ ਜੀਵਨ ਸਥਿਤੀਆਂ ਵਿਚ ਕਿਸ ਤਰੀਕੇ ਨਾਲ ਆਪਣੇ ਆਪ ਨੂੰ ਸੰਚਾਰ ਵਿਵਸਥਾ ਵਿਚ ਪੇਸ਼ ਕਰਦਾ ਹੈ। ਭਾਸ਼ਾ ਦੀ ਮੁਹਾਰਤ ਨੂੰ ਜਾਂਚਣ ਲਈ ਵਿਦਵਾਨਾਂ ਨੇ ਕੁਝ ਮਾਪਦੰਡ ਨਿਸਚਤ ਕੀਤੇ ਹਨ। ਇਸ ਪਰਕਿਰਿਆ ਵਿਚ ਸਿਫ਼ਰ ਤੋਂ ਲੈ ਕੇ ਦੂਸਰੀ ਭਾਸ਼ਾ ਵਿਚ ਮਾਤ-ਭਾਸ਼ਾ ਵਰਗੀ ਰਵਾਨੀ ਤੱਕ ਦਾ ਪੌੜੀ-ਪ੍ਰਬੰਧ ਨਿਰਧਾਰਤ ਕੀਤਾ ਗਿਆ ਹੈ:

ੳ. ਸਿਫ਼ਰ ਪੱਧਰ

ਅ. ਮੁਢਲਾ/ਅਰੰਭਕ ਤਾਤਵਿਕ ਪੱਧਰ

ੲ. ਸਮਾਜਕ ਅਤੇ ਕਿੱਤਾ ਮੁਹਾਰਤ ਦਾ ਲਘੂਤਮ ਪੱਧਰ

ਸ. ਪੂਰਾ ਸਮਾਜਕ ਅਤੇ ਕਿੱਤਾ ਮੁਹਾਰਤ ਪੱਧਰ

ਹ. ਮਾਤ-ਭਾਸ਼ਾ ਵਰਗੀ ਰਵਾਨੀ ਦਾ ਪੱਧਰ

ਉਪਰੋਕਤ ਪੌੜੀ-ਪ੍ਰਬੰਧ ਵਿਚ ਸਿਫ਼ਰ ਪੱਧਰ 'ਤੇ ਸਿਖਿਆਰਥੀ ਦੂਸਰੀ ਭਾਸ਼ਾ ਵਿਚ ਪਰਕਾਰਜ ਕਰਨ ਤੋਂ ਆਸਮਰੱਥ ਹੁੰਦਾ ਹੈ। ਮੁਢਲੇ/ਅਰੰਭਕ ਤਾਤਵਿਕ ਪੱਧਰ 'ਤੇ ਸਿਖਿਆਰਥੀ ਲੋੜ ਦੇ ਸੀਮਤ ਘੇਰਿਆਂ ਵਿਚ ਭਾਸ਼ਾ ਦੀ ਵਰਤੋਂ ਕਰਨ ਦੇ ਸਮਰੱਥ ਹੋ ਜਾਂਦਾ ਹੈ। ਉਹ ਪੜ੍ਹਣ ਅਤੇ ਲਿਖਣ ਦੇ ਬਹੁਤ ਸੀਮਤ ਸ਼ਬਦ ਅਤੇ ਸਾਧਾਰਣ ਵਾਕਾਂ ਦੀ ਲੋੜ ਅਨੁਸਾਰ ਵਰਤੋਂ ਕਰ ਸਕਦਾ ਹੈ। ਤੀਜੇ ਪੱਧਰ 'ਤੇ

ਸਿਖਿਆਰਥੀ ਇਸ ਗੱਲ ਦੇ ਯੋਗ ਹੋ ਜਾਂਦਾ ਹੈ ਕਿ ਉਹ ਸਮਾਜਕ ਅਤੇ ਕਿੱਤਾ ਪੱਧਰ 'ਤੇ ਸਾਰੀਆਂ ਭਾਸ਼ਾਈ ਲੋੜਾਂ ਮੰਗ ਅਨੁਸਾਰ ਪੂਰੀਆਂ ਕਰ ਸਕਦਾ ਹੈ। ਚੌਥੇ ਪੱਧਰ 'ਤੇ ਸਿਖਿਆਰਥੀ ਸ਼ੁੱਧ ਰੂਪ ਵਿਚ ਪ੍ਰਵਾਹੀ ਤੌਰ 'ਤੇ ਭਾਸ਼ਾ ਦੀ ਵਰਤੋਂ ਕਰ ਸਕਦਾ ਹੈ, ਪੰਜਵੇਂ ਪੱਧਰ 'ਤੇ ਸਿਖਿਆਰਥੀ ਦੀ ਭਾਸ਼ਾ ਬਿਲਕੁਲ ਪੜ੍ਹੇ-ਲਿਖੇ ਮਾਤ-ਭਾਸ਼ੀ ਵਰਗੀ ਹੋ ਜਾਂਦੀ ਹੈ।

ਦੂਸਰਾ, ਭਾਸ਼ਾ ਦੀ ਪਰਖ ਲਈ ਕੋਟੀਆਂ ਨਿਰਧਾਰਤ ਕਰਨਾ ਕੋਈ ਅਸਾਨ ਕੰਮ ਨਹੀਂ। ਅਜਿਹੀ ਪਰਖ ਵਿਚ ਕਈ ਪ੍ਰਕਾਰ ਦੀਆਂ ਔਕੜਾਂ ਆ ਸਕਦੀਆਂ ਹਨ। ਭਾਰਤੀ ਭਾਸ਼ਾਵਾਂ ਵਿਚ ਮਿਆਰੀ ਪਰਖ ਨਮੂਨੇ ਤਿਆਰ ਕਰਨ ਲਈ ਵਿਸ਼ੇਸ਼ ਰਜਿਸਟਰ, ਸਥਾਨ ਅਤੇ ਸਮਾਜਕ ਉਪਭਾਖਾਈ ਵੱਖਰਤਾਵਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਰੋਜ਼ਾਨਾ ਜ਼ਿੰਦਗੀ ਵਿਚਲੀਆਂ ਸਥਿਤੀਆਂ ਦਾ ਵਿਸ਼ਲੇਸ਼ਣ ਕਰਨਾ ਵੀ ਜ਼ਰੂਰੀ ਹੈ ਕਿਉਂਕਿ ਦੂਸਰੀ ਭਾਸ਼ਾ ਦੇ ਖੇਤਰ ਵਿਚ ਵਿਚਰਦਿਆਂ ਸਿਖਿਆਰਥੀ ਦਾ ਵਾਹ ਅਨੇਕਾਂ ਪੱਧਰਾਂ 'ਤੇ ਇਨ੍ਹਾਂ ਨਾਲ ਪੈਂਦਾ ਹੈ।

ਹੁਣ ਅਸੀਂ ਵਿਦੇਸ਼ੀਆਂ ਨੂੰ ਭਾਸ਼ਾ ਸਿੱਖਣ/ਸਿਖਾਉਣ ਦੇ ਪਰਸੰਗ ਵਿਚ ਭਾਸ਼ਾ ਦੀ ਪਰਖ ਦੀ ਗੱਲ ਕਰਾਂਗੇ। ਇਸ ਸੰਬੰਧੀ ਅਸੀਂ ਇਕ ਵਿਹਾਰਕ ਕੋਰਸ ਦੀ ਚੋਣ ਕੀਤੀ ਹੈ, ਜੋ ਹਰ ਸਾਲ ਜਾਪਾਨ ਵਿਚ ਪੰਜਾਬੀ ਪੜ੍ਹਾਏ ਜਾਣ ਨਾਲ ਸੰਬੰਧਿਤ ਹੈ। ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਦੀ ਸਿਖਲਾਈ ਦਾ ਪ੍ਰਬੰਧ ਟੋਕੀਓ ਯੂਨੀਵਰਸਿਟੀ ਦੇ ਵਿਦੇਸ਼ੀ ਅਧਿਐਨ ਨਾਲ ਸੰਬੰਧਤ Istitute fot the studies of languages and culture of Asia and Africa ਦੇ ਸਿਰ ਹੈ। ਇਸਦੀ ਸਥਾਪਨਾ 1964 ਵਿਚ ਹੋਈ ਸੀ। ਇਸ ਸੰਸਥਾ ਦੇ ਮੁੱਖ ਉਦੇਸ਼ ਹੇਠ ਲਿਖੇ ਹਨ :

i. ਏਸ਼ੀਆ ਅਤੇ ਅਫਰੀਕਾ ਦੀਆਂ ਭਾਸ਼ਾਵਾਂ ਅਤੇ ਇਨ੍ਹਾਂ ਭਾਸ਼ਾਵਾਂ ਦੇ ਮਾਧਿਅਮ ਨਾਲ ਉਨ੍ਹਾਂ ਦੇਸ਼ਾਂ ਦੇ ਇਤਿਹਾਸ, ਸਮਾਜ ਅਤੇ ਸਭਿਆਚਾਰ ਦਾ ਅਧਿਐਨ ਕਰਨਾ।

ii. ਏਸ਼ੀਆ ਅਤੇ ਅਫਰੀਕਾ ਦੀਆਂ ਭਾਸ਼ਾਵਾਂ ਦੇ ਸ਼ਬਦ ਕੋਸ਼ਾਂ ਦਾ ਨਿਰਮਾਣ ਕਰਨਾ।

iii. ਭਾਸ਼ਾ-ਸਿੱਖਿਆ ਦੀ ਵਿਵਸਥਾ ਕਰਨਾ।

ਉਪਰੋਕਤ ਸੰਸਥਾ ਹਰ ਸਾਲ ਜੁਲਾਈ ਅਤੇ ਅਗਸਤ ਦੇ ਮਹੀਨਿਆਂ (ਜਦੋਂ ਜਾਪਾਨ ਵਿਚ ਸਿਖਿਆ ਸੰਸਥਾਵਾਂ ਗਰਮੀਆਂ ਦੀਆਂ ਛੁੱਟੀਆਂ ਕਾਰਨ ਬੰਦ ਰਹਿੰਦੀਆਂ ਹਨ) ਵਿਚ ਏਸ਼ੀਆਈ ਅਤੇ ਅਫਰੀਕੀ ਭਾਸ਼ਾਵਾਂ ਦੀ ਸਿਖਿਆ ਦਾ ਪ੍ਰਬੰਧ ਕਰਦੀ ਹੈ। ਇਸ ਭਾਸ਼ਾ-ਸਿੱਖਿਆ ਦੀਆਂ ਨਿਮਨ ਲਿਖਤ ਵਿਸ਼ੇਸ਼ਤਾਵਾਂ ਹਨ :

1. ਹਰ ਦਿਨ ਛੇ ਘੰਟੇ (ਸ਼ਨਿਚਰਵਾਰ ਅਤੇ ਐਤਵਾਰ ਨੂੰ ਛੱਡ ਕੇ) ਦੇ ਹਿਸਾਬ ਨਾਲ ਪੰਜ ਹਫ਼ਤਿਆਂ ਦਾ ਪਾਠ-ਕ੍ਰਮ ਤਿਆਰ ਕੀਤਾ ਜਾਂਦਾ ਹੈ, ਅਰਥਾਤ ਕੁਲ

ਮਿਲਾ ਕੇ 150 ਘੰਟੇ ਦਾ ਪਾਠ-ਕ੍ਰਮ।

2. ਜਾਪਾਨੀ ਅਤੇ ਮੂਲ ਭਾਸ਼ੀ ਅਧਿਆਪਕ ਇਸ ਪਾਠ-ਕ੍ਰਮ ਨੂੰ ਚਲਾਉਂਦੇ ਹਨ।

3. ਪੂਰੇ ਦੇਸ਼ ਵਿਚੋਂ ਵਿਦਿਆਰਥੀ ਭਾਸ਼ਾ ਦੀ ਸਿਖਿਆ ਪ੍ਰਾਪਤ ਕਰਨ ਆਉਂਦੇ ਹਨ ਪਰ ਵਧੇਰੇ ਲਾਭ ਪ੍ਰਾਪਤੀ ਦੀ ਦ੍ਰਿਸ਼ਟੀ ਤੋਂ ਸੀਮਤ ਸੀਟਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਇਸ ਭਾਸ਼ਾ ਸਿਖਲਾਈ ਲਈ ਵਿਸ਼ੇਸ਼ ਪ੍ਰਕਾਰ ਦੇ ਕੋਰਸ ਤਿਆਰ ਕੀਤੇ ਗਏ ਹਨ। ਇਨ੍ਹਾਂ ਕੋਰਸਾਂ ਲਈ ਤਿੰਨ ਵਿਸ਼ੇਸ਼ ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ :

1. ਪੰਜਾਬੀ ਪ੍ਰਵੇਸ਼
2. ਪੰਜਾਬੀ ਰੀਡਰ
3. ਪੰਜਾਬੀ ਵਾਰਤਾਲਾਪ

ਇਹ ਤਿੰਨੇ ਪੁਸਤਕਾਂ ਗੁਰਮੁਖੀ ਤੇ ਜਾਪਾਨੀ ਲਿੱਪੀ ਵਿਚ ਛਪੀਆਂ ਹੋਈਆਂ ਹਨ। ਪਹਿਲੀ ਪੁਸਤਕ ਵਿਚ ਗੁਰਮੁਖੀ ਵਰਨਮਾਲਾ ਦੀ ਜਾਣਕਾਰੀ ਦੇ ਨਾਲ ਨਾਲ ਸੰਖੇਪ ਵਿਆਕਰਣ ਦੀ ਜਾਣਕਾਰੀ ਦਿੱਤੀ ਗਈ ਹੈ। ਵੀਹ ਪਾਠਾਂ ਵਿਚ ਵੰਡੇ ਹੋਣ ਕਾਰਨ ਇਕ ਦਿਨ ਦੇ ਹਿਸਾਬ ਨਾਲ ਅਕਸਰ ਇਕ ਪਾਠ ਪੜ੍ਹਾਉਣ ਦੀ ਵਾਰੀ ਆਉਂਦੀ ਹੈ, ਭਾਵੇਂ ਉਚਾਰਨ ਦੇ ਅਭਿਆਸ ਵਿਚ ਵੱਧ ਸਮਾਂ ਲਗਦਾ ਹੈ ਪਰ ਮੋਟੇ ਤੌਰ 'ਤੇ ਮਿਥਿਆ ਟੀਚਾ ਪੂਰਾ ਹੁੰਦਾ ਹੈ। ਹਰੇਕ ਪਾਠ ਵਿਚ ਪਹਿਲਾਂ ਸਰਲ ਵਾਕਾਂ ਦੇ ਉਦਾਹਰਣ ਦੇ ਫਿਰ ਵਾਰੀ-ਵਾਰੀ ਜਟਿਲ ਵਾਕਾਂ ਦੇ ਉਦਾਹਰਣ ਦਿੱਤੇ ਗਏ ਹਨ। ਪਾਠ ਦੇ ਅੰਤ ਵਿਚ ਜਾਪਾਨੀ ਤੋਂ ਪੰਜਾਬੀ ਵਿਚ ਅਨੁਵਾਦ ਦਾ ਅਭਿਆਸ ਵੀ ਕਰਾਇਆ ਜਾਂਦਾ ਹੈ।

ਦੂਜੀ ਪੁਸਤਕ ਵਿਚ ਵੀਹ ਪਾਠ ਹਨ, ਜਿਨ੍ਹਾਂ ਵਿਚ ਲਘੂ ਕਥਾ, ਲੇਖ, ਲੋਕ-ਕਹਾਣੀ, ਸਮਾਚਾਰ ਪੱਤਰ, ਕਵਿਤਾ, ਜੀਵਨੀ ਆਦ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਅਤੇ ਰਚਨਾਵਾਂ ਸ਼ਾਮਲ ਹਨ।

ਤੀਜੀ ਪੁਸਤਕ ਪੰਜਾਬੀ ਵਾਰਤਾਲਾਪ ਦੇ ਨਮੂਨਿਆਂ ਦਾ ਸੰਗ੍ਰਹਿ ਹੈ, ਜਿਹੜਾ ਦਸਾਂ ਪਾਠਾਂ ਵਿਚ ਵੰਡਿਆ ਹੋਇਆ ਹੈ। ਇਨ੍ਹਾਂ ਵਿਚ ਪ੍ਰਮੁੱਖ ਹਨ ਡੀ.ਏ.ਵੀ. ਕਾਲਜ ਜਲੰਧਰ ਵਿਚ, ਢਾਬੇ ਵਿਚ, ਖੇਤਾਂ ਦੇ ਸੰਬੰਧ ਵਿਚ, ਅੰਮ੍ਰਿਤਾ ਪ੍ਰੀਤਮ ਨਾਲ ਮੁਲਾਕਾਤ ਆਦ। ਇਸ ਪੁਸਤਕ ਵਿਚ ਬਹੁਤੇ ਸੰਵਾਦ ਕਲਪਨਾ 'ਤੇ ਆਧਾਰਤ ਹਨ। ਇਨ੍ਹਾਂ ਦਾ ਟੀਚਾ ਸਿਖਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਦੇ ਵਿਭਿੰਨ ਪਹਿਲੂਆਂ ਤੋਂ ਜਾਣੂੰ ਕਰਾਉਣਾ ਮਿਥਿਆ ਗਿਆ ਹੈ। ਠੋਸ ਸੰਵਾਦਾਂ ਨਾਲ ਭਰਪੂਰ ਹੋਣ ਕਾਰਨ ਇਹ ਉੱਚ ਪੱਧਰ ਦੀ ਪੁਸਤਕ ਬਣ ਗਈ।

ਪਹਿਲੀ ਤੇ ਦੂਜੀ ਪੁਸਤਕ ਦੇ ਟੇਪ ਵੀ ਤਿਆਰ ਕੀਤੇ ਗਏ, ਜਿਨ੍ਹਾਂ ਨੂੰ ਸੁਣ

ਕੇ ਸਿਖਿਆਰਥੀ ਆਪਣੇ ਆਪ ਘਰ ਵਿਚ ਅਭਿਆਸ ਕਰਦੇ ਹਨ। ਇਨ੍ਹਾਂ ਤਿੰਨਾਂ ਪੁਸਤਕਾਂ ਤੋਂ ਇਲਾਵਾ ਪੰਜਾਬੀ-ਅੰਗਰੇਜ਼ੀ ਸ਼ਬਦ ਕੋਸ਼ ਅਤੇ ਆਕਸਫ਼ੋਰਡ ਸਚਿੱਤਰ ਅੰਗਰੇਜ਼ੀ-ਪੰਜਾਬੀ ਸ਼ਬਦ ਕੋਸ਼ ਸਹਾਇਕ ਪੁਸਤਕਾਂ ਦੇ ਰੂਪ ਵਿਚ ਸਿਖਿਆਰਥੀਆਂ ਨੂੰ ਦਿੱਤੇ ਗਏ।

ਇਸ ਸਾਰੇ ਭਾਸ਼ਾ ਕੋਰਸ ਵਿਚ ਭਾਸ਼ਾ ਸਿੱਖਿਆ ਦੇ ਚਾਰ ਖੇਤਰਾਂ ਪੜ੍ਹਣਾ, ਲਿਖਣਾ, ਬੋਲਣਾ, ਸੁਨਣਾ ਵਿਚ ਸੰਤੁਲਤ ਰੂਪ ਵਿਚ ਮੁਢਲੀ ਮੁਹਾਰਤ ਪ੍ਰਾਪਤ ਕਰਨ ਦਾ ਟੀਚਾ ਮਿਥਿਆ ਗਿਆ ਅਰਥਾਤ ਵਿਆਕਰਣ ਦੇ ਢਾਂਚੇ ਨੂੰ ਪੂਰੀ ਤਰ੍ਹਾਂ ਸਮਝਣਾ, ਸਰਲ ਵਾਕਾਂ ਨੂੰ ਪੜ੍ਹ ਲਿਖ ਸਕਣਾ ਅਤੇ ਆਮ ਵਿਸ਼ਿਆਂ 'ਤੇ ਮਾਮੂਲੀ ਗੱਲਬਾਤ ਕਰ ਸਕਣਾ।

ਇਸ ਅਧਿਆਪਨ ਪਰਕਿਰਿਆ ਦੌਰਾਨ ਪਹਿਲੇ ਹਫ਼ਤੇ ਵਿਚ ਸਿਖਿਆਰਥੀਆਂ ਨੂੰ ਗੁਰਮੁਖੀ ਲਿੱਪੀ ਦੀ ਜਾਣਕਾਰੀ ਕਰਵਾਈ ਗਈ। ਸ਼ੁਰੂ ਸ਼ੁਰੂ ਵਿਚ ਅਕਸਰ ਸਾਰੇ ਵਿਦਿਆਰਥੀਆਂ ਨੂੰ ਪੰਜਾਬੀ ਉਚਾਰਨ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਦੂਸਰੇ ਹਫ਼ਤੇ ਛੇ ਘੰਟੇ ਕੇਵਲ ਉਚਾਰਨ ਦਾ ਅਭਿਆਸ ਤੇ ਸ਼ਬਦਾਂ ਨੂੰ ਕੰਠ ਕਰਵਾਇਆ। ਇਸ ਦੇ ਨਾਲ ਹੀ ਰੌਚਕਤਾ ਲਈ ਪੰਜਾਬੀ ਸਭਿਆਚਾਰ ਦੇ ਸੰਬੰਧ ਵਿਚ ਦੋ ਮਾਹਿਰਾਂ ਕੋਲੋਂ ਲੈਕਚਰ ਕਰਵਾਏ ਗਏ। ਦੂਸਰੇ ਦਿਨ ਤੋਂ ਵਿਆਕਰਣ ਦੀ ਵਿਆਖਿਆ ਸ਼ੁਰੂ ਕੀਤੀ ਗਈ। ਤੀਸਰੇ ਹਫ਼ਤੇ ਵਿਆਕਰਣ ਦੀ ਪੜ੍ਹਾਈ ਵਿਚਕਾਰਲੇ ਪੜਾਅ 'ਤੇ ਪਹੁੰਚ ਗਈ ਤਾਂ ਫਿਰ ਹਰੇਕ ਪਾਠ ਤੇ ਅੰਤ ਵਿਚ ਦਿੱਤੇ ਗਏ ਅਨੁਵਾਦ ਦਾ ਅਭਿਆਸ ਸਿਖਿਆਰਥੀਆਂ ਕੋਲੋਂ ਬਲੈਕ ਬੋਰਡ 'ਤੇ ਲਿਖਵਾਇਆ ਗਿਆ। ਚੌਥੇ ਹਫ਼ਤੇ ਵਿਚ ਸਵੇਰੇ ਤਿੰਨ ਘੰਟੇ ਵਿਆਕਰਣ ਤੇ ਦੁਪਹਿਰ ਦੇ ਤਿੰਨ ਘੰਟੇ ਪਾਠ-ਪੁਸਤਕ ਦੀ ਪੜ੍ਹਾਈ ਕਰਵਾਈ ਗਈ। ਪੰਜਵੇਂ ਹਫ਼ਤੇ ਪਹਿਲੀ ਪਾਠ-ਪੁਤਸਕ ਸਮਾਪਤ ਹੋ ਗਈ ਤੇ ਦੂਜੀ ਦੇ ਅੱਧੇ ਅੰਸ਼ ਸਮਾਪਤ ਹੋ ਗਏ। ਇਕ ਦਿਨ ਦੋ ਪੰਜਾਬੀ ਫ਼ਿਲਮਾਂ ਦੀ ਦਿਖਾਈਆਂ ਗਈਆਂ ਤੇ ਪੱਤਰ ਲਿਖਣ ਦੀ ਵਿਧੀ ਸਮਝਾਈ ਗਈ।

ਇਸ ਤੋਂ ਬਾਅਦ ਇਨ੍ਹਾਂ ਵਿਦਿਆਰਥੀਆਂ ਦੀ ਭਾਸ਼ਾ ਸਿਖਲਾਈ ਦਾ ਮੁਲਾਂਕਣ ਕਰਕੇ ਨਤੀਜੇ ਕੱਢੇ ਗਏ, ਜਿਨ੍ਹਾਂ ਵਿਚੋਂ ਚਾਰ ਵਿਦਿਆਰਥੀ ਪ੍ਰਥਮ ਸ਼੍ਰੇਣੀ ਵਿਚ ਤੇ ਇਕ ਵਿਦਿਆਰਥੀ ਤੀਸਰੀ ਸ਼੍ਰੇਣੀ ਵਿਚ ਆਇਆ। ਜਾਪਾਨ ਵਿਚ ਸਭ ਤੋਂ ਪਹਿਲਾਂ ਚਲਾਏ ਗਏ ਇਸ ਪੰਜਾਬੀ ਪਾਠਕ੍ਰਮ ਨੂੰ ਕੁਲ ਮਿਲਾ ਕੇ ਭਰਪੂਰ ਸਫ਼ਲਤਾ ਮਿਲੀ।

ਇਸ ਤਰ੍ਹਾਂ ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਭਾਸ਼ਾ ਪਰਖ ਦਾ ਅੱਜ ਦੀ ਸਿੱਖਿਆ ਪਰਣਾਲੀ ਵਿਚ ਬਹੁਤ ਮਹੱਤਵ ਹੈ। ਪਰ ਭਾਸ਼ਾ ਪਰਖ ਲਈ ਕਈ ਪ੍ਰਕਾਰ ਦੀਆਂ ਸਾਵਾਧਾਨੀਆਂ ਵਰਤਣੀਆਂ ਜ਼ਰੂਰੀ ਹਨ ਨਹੀਂ ਤਾਂ ਇਸ ਤੋਂ ਨਿਸਚਿਤ ਕੀਤੇ ਫਲ ਦੀ ਪ੍ਰਾਪਤੀ ਸੰਭਵ ਨਹੀਂ।

ਪੰਜਾਬੀ ਭਾਸ਼ਾ ਦਾ ਅਧਿਆਪਨ
ਇਤਿਹਾਸਕ ਪਰਿਪੇਖ ਤੇ ਵਰਤਮਾਨ ਸਥਿਤੀ

ਪੰਜਾਬੀ ਭਾਸ਼ਾ ਭਾਰਤੀ ਆਰੀਆ ਪਰਿਵਾਰ ਦੀ ਇਕ ਮਹੱਤਵਪੂਰਨ ਭਾਸ਼ਾ ਹੈ। ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਦੇ ਅਨੁਛੇਦ 334(1) ਅਤੇ 347 ਵਿਚ ਦਰਜ ਭਾਰਤੀ ਭਾਸ਼ਾਵਾਂ ਦੀ ਸੂਚੀ ਵਿਚ ਸ਼ਾਮਲ ਹੋਣ ਕਾਰਣ ਇਸਨੂੰ ਸੰਵਿਧਾਨਕ ਮਾਨਤਾ ਪ੍ਰਾਪਤ ਹੈ ਤੇ ਇਹ ਭਾਰਤੀ ਸਾਹਿਤ ਅਕਾਦਮੀ ਦੇ ਸਾਲਾਨਾ ਪੁਰਸਕਾਰਾਂ ਦੀ ਸੂਚੀ ਵਿਚ ਵੀ ਸ਼ੁਮਾਰ ਹੈ। ਪੰਜਾਬ ਰਾਜ ਭਾਸ਼ਾ ਐਕਟ 1967 ਦੇ ਅਧੀਨ ਇਸ ਨੂੰ ਪੁਨਰਗਠਿਤ ਕੀਤੇ ਗਏ ਪੰਜਾਬ ਦੀ ਰਾਜ ਭਾਸ਼ਾ ਦੇ ਤੌਰ 'ਤੇ ਪ੍ਰਵਾਨ ਕੀਤਾ ਗਿਆ ਹੈ ਕਿ 'ਪੰਜਾਬੀ' ਦਾ ਅਰਥ ਗੁਰਮੁਖੀ ਲਿੱਪੀ ਵਿਚ ਪੰਜਾਬੀ ਹੈ।

(ਵਿਸਥਾਰ ਲਈ ਦੇਖੋ-ਪ੍ਰਿਸ਼ਿਸ਼ਟ-1)

ਗਲੋਬ ਦਾ ਸ਼ਾਇਦ ਹੀ ਕੋਈ ਅਜਿਹਾ ਕੋਨਾ ਹੋਵੇਗਾ, ਜਿਥੇ ਮਨੁੱਖੀ ਵੱਸੋਂ ਤਾਂ ਹੋਵੇ ਪਰ ਪੰਜਾਬੀ ਮੂਲ ਦੇ ਲੋਕ ਨਾ ਹੋਣ। ਜਿਥੇ ਪੰਜਾਬੀ ਲੋਕ ਹਨ, ਉਥੇ ਪੰਜਾਬੀ ਭਾਸ਼ਾ ਹੋਵੇਗੀ ਹੀ। ਸੰਸਾਰ ਦੇ ਲਗਪਗ ਹਰ ਮਹਾਂਦੀਪ ਵਿਚ ਪੰਜਾਬੀ ਭਾਸ਼ਾ ਦੇ ਬੁਲਾਰੇ ਮੌਜੂਦ ਹਨ।[1] ਏਸੇ ਆਧਾਰ 'ਤੇ ਕਈ ਵਿਦਵਾਨਾਂ ਨੇ ਗਲੋਬ ਵਿਚ ਲਗਪਗ 15 ਪੰਜਾਬਾਂ ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਦੇ ਬੋਲਣਹਾਰੇ ਵੱਡੀ ਗਿਣਤੀ 'ਚ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਵੱਸੇ ਹੋਏ ਹਨ। ਅੱਜ ਪੰਜਾਬੀ ਬੋਲਣਹਾਰਿਆਂ ਦੀ ਕੁੱਲ ਗਿਣਤੀ 12 ਮਿਲੀਅਨ ਦੇ ਕਰੀਬ ਮਿਥੀ ਗਈ ਹੈ ਤੇ ਦੁਨੀਆਂ ਦੀਆਂ ਜ਼ਬਾਨਾਂ ਵਿਚ ਇਹ 14ਵੇਂ ਸਥਾਨ 'ਤੇ ਹੈ।

ਜਿੱਥੋਂ ਤਕ ਪੰਜਾਬੀ ਭਾਸ਼ਾ ਦੇ ਅਧਿਆਪਨ ਦਾ ਸੁਆਲ ਹੈ, ਇਸ ਸੰਬੰਧੀ ਜੇਕਰ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਹਿਲਾ ਹਵਾਲਾ ਔਰੰਗਜ਼ੇਬ ਦੇ ਸਮੇਂ ਦਾ ਮਿਲਦਾ ਹੈ। ਇਸ ਸਮੇਂ ਬੱਚਿਆਂ ਲਈ ਪਾਠ-ਪੁਸਤਕਾਂ ਲਿਖਣੀਆਂ ਆਰੰਭ ਹੋਈਆਂ, ਜਿਨ੍ਹਾਂ ਦਾ ਮਾਧਿਅਮ ਪੰਜਾਬੀ ਸੀ, ਪੰਜਾਬੀ ਉਦੋਂ ਉਰਦੂ ਅੱਖਰਾਂ ਵਿਚ ਲਿਖੀ ਜਾਂਦੀ ਸੀ। ਪੰਜਾਬੀ ਬੋਲੀ ਨੂੰ ਵਿਦਿਆ ਦਾ ਸਾਧਨ ਬਣਨ ਦਾ ਮਾਣ ਸਿਰਫ਼ ਔਰੰਗਜ਼ੇਬ ਆਲਮਗੀਰ ਦੇ ਅਹਿਦ ਵਿਚ ਪ੍ਰਾਪਤ ਹੋਇਆ ਉਸ ਵੇਲੇ ਪੰਜਾਬੀ ਲਈ ਉਰਦੂ ਅੱਖਰਾਂ ਨੂੰ ਵਰਤਿਆ ਗਿਆ ਅਤੇ ਬੱਚਿਆਂ ਵਾਸਤੇ ਵੱਖ ਵੱਖ ਰਿਸਾਲੇ ਲਿਖਵਾਏ ਗਏ। ਦੁਹਰਮਲ ਰਾਇ ਸੁਨਾਮੀ ਨੇ 1105 ਹਿਜਰੀ ਵਿਚ ਏਜ਼ਦਬਾਰੀ,

ਉਮੇਦ ਨੇ 1106 ਵਿਚ ਅੱਲ੍ਹਾਬਾਰੀ ਖ਼ੁਦਾ ਬਖ਼ਸ਼ ਨੇ 1106 ਵਿਚ ਨਸਾਬੇ ਜ਼ਰੂਰੀ ਅਰ ਗਨੇਸ਼ ਦਾਸ ਨੇ 1220 ਵਿਚ ਸਨਅਤ ਬਾਰੀ ਰਸਾਲੇ ਲਿਖੇ।[2]

ਸਿੱਖ ਰਾਜ ਸਮੇਂ ਸਿਖਿਆ ਦਾ ਮਾਧਿਅਮ ਫ਼ਾਰਸੀ ਰਿਹਾ ਕਿਉਂਕਿ ਇਸਦੀ ਪਰੰਪਰਾ ਮੁਗ਼ਲ ਰਾਜ ਤੋਂ ਚਲਦੀ ਆ ਰਹੀ ਸੀ ਜਿਵੇਂ ਕਿ ਮੌਲਾ ਬਖ਼ਸ ਕੁਸ਼ਤਾ ਨੇ ਪੰਜਾਬ ਦੇ ਹੀਰੇ ਵਿਚ ਦਰਜ ਕਰਦਿਆਂ ਲਿਖਿਆ ਹੈ ਕਿ ਲੜਕੇ ਵਿਦਿਆ ਲਈ ਅਰਬੀ ਫ਼ਾਰਸੀ ਅੱਖਰ ਵਰਤ ਲੈਂਦੇ ਸਨ ਪਰ ਤੀਵੀਆਂ ਤੇ ਕੁੜੀਆਂ ਨੂੰ ਹੋਰ ਵਿਦਿਆ ਨਾ ਮਿਲ ਸਕਦੀ ਤਾਂ ਮੋਟੇ ਮੋਟੇ ਦੀਨੀ ਮਸਲੇ ਆਮ ਵਾਕਫ਼ੀਅਤ ਵਾਸਤੇ ਪੰਜਾਬੀ ਬੋਲੀ ਤੇ ਅਰਬੀ ਅੱਖਰਾਂ ਵਿਚ ਰਚ ਲਏ ਜਾਂਦੇ। ਇਸ ਮਤਲਬ ਦੇ ਛੋਟੇ ਛੋਟੇ ਰਸਾਲਿਆਂ ਦਾ ਜ਼ਿਕਰ ਮਿਲਦਾ ਹੈ, ਜਿਨ੍ਹਾਂ ਵਿਚ ਪੱਕੀ ਰੋਟੀ, ਨੂਰਨਾਮਾ, ਲਜਾਤੁਲ ਮੋਮਕੀਨ, ਰੋਸ਼ਨ ਦਿਲ ਪ੍ਰਸਿੱਧ ਹਨ। ਇਸ ਲਈ ਸਿੱਖ ਰਾਜ ਵਿਚ ਕੋਈ ਸਪਸ਼ਟ ਭਾਸ਼ਾ ਨੀਤੀ ਵੀ ਨਜ਼ਰ ਨਹੀਂ ਆਉਂਦੀ। ਲੋਕ ਇਸ ਸਮੇਂ ਆਪਣੇ ਢੰਗ ਤਰੀਕਿਆਂ ਨਾਲ ਪੰਜਾਬੀ ਸਿਖਦੇ/ਲਿਖਦੇ/ਪੜ੍ਹਦੇ/ਪੜ੍ਹਾਂਦੇ ਸਨ। ਕਿਉਂਕਿ ਇਸ ਭਾਸ਼ਾ ਦਾ ਸੰਬੰਧ ਉਨ੍ਹਾਂ ਦੇ ਧਾਰਮਕ ਸਾਹਿਤ ਕਰਕੇ ਧਰਮ ਨਾਲ ਜੁੜਿਆ ਹੋਇਆ ਸੀ।[3] ਆਮ ਤੌਰ 'ਤੇ ਗੁਰਦੁਵਾਰਿਆਂ ਜਾਂ ਧਰਮਸ਼ਾਲਾਵਾਂ ਦੇ ਭਾਈ ਪੰਜਾਬੀ ਪੜ੍ਹਾਉਂਦੇ ਸਨ। ਧਾਰਮਕ ਪੁਸਤਕਾਂ ਦਾ ਗਿਆਨ, ਛੰਦ ਸ਼ਾਸਤਰ ਤੇ ਗੁਰਬਾਣੀ ਵਿਚ ਨਿਪੁੰਨਤਾ ਉਨ੍ਹਾਂ ਦਾ ਟੀਚਾ ਹੁੰਦਾ ਸੀ।[4] ਸਿਖਿਆ ਨੂੰ ਆਮ ਕਰਨ ਦੇ ਖ਼ਿਆਲ ਨਾਲ ਕਈ ਉੱਦਮ ਕੀਤੇ ਗਏ। ਜਿਵੇਂ-ਜਿਵੇਂ ਸਿੱਖ ਧਰਮ ਦਾ ਉੱਥਾਨ ਹੁੰਦਾ ਗਿਆ ਤਿਵੇਂ-ਤਿਵੇਂ ਗੁਰਮੁਖੀ ਸਕੂਲ ਕਾਇਮ ਹੁੰਦੇ ਗਏ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਕੁਝ ਗੁਰਮੁਖੀ ਸਕੂਲਾਂ ਦਾ ਵਰਨਣ ਮਿਲਦਾ ਹੈ।[5]

ਪੰਜਾਬੀ ਭਾਸ਼ਾ ਦੇ ਅਧਿਆਪਨ ਦੇ ਇਤਿਹਾਸ ਵਿਚ ਸਾਧਾਂ ਦੇ ਡੇਰਿਆਂ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਇਸ ਪੱਖੋਂ ਸਿੱਖ ਸੰਪਰਦਾਵਾਂ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਵਿਸ਼ੇਸ਼ ਕਰਕੇ ਨਿਰਮਲੇ ਸਾਧੂਆਂ ਦੇ ਡੇਰਿਆਂ ਵਿਚ ਹੁੰਦਾ ਰਿਹਾ ਪੰਜਾਬੀ ਦਾ ਅਧਿਆਪਨ ਮੁੱਢਲੇ ਪੜਾਅ 'ਤੇ ਬੜੀ ਅਹਿਮੀਅਤ ਰੱਖਦਾ ਹੈ, ਨਿਰਮਲਾ ਸਿਖਿਆ ਕੇਂਦਰ ਦੀ ਸਿਖਿਆ-ਪ੍ਰਣਾਲੀ ਉਹੀ ਸੀ ਜੋ ਬਾਬਾ ਨਾਨਕ ਵੇਲੇ ਪ੍ਰਚਲਤ ਸੀ। ਇਸ ਅਧਿਆਪਨ ਦੇ ਤਿੰਨ ਪੜਾਅ ਸਨ—ਪਹਿਲੇ ਪੜਾਅ 'ਤੇ ਮੁੱਢਲੀ ਸਿਖਿਆ ਦੇ ਅੰਤਰਗਤ ਗੁਰਬਾਣੀ ਦੀ ਮੌਖਿਕ ਸਿਖਿਆ, ਅੱਖਰਾਂ ਦਾ ਬੋਧ ਤੇ ਅੱਖਰਾਂ ਦੇ ਜੋੜਾਂ ਦਾ ਉਚਾਰਨ ਪ੍ਰਾਪਤ ਕਰ ਲਿਆ ਜਾਂਦਾ ਸੀ—ਇਹ ਪ੍ਰਾਇਮਰੀ ਦੇ ਪੱਧਰ ਦਾ ਗਿਆਨ ਸੀ। ਦੂਜੇ ਪੜਾਅ 'ਤੇ ਕੇਵਲ ਗੁਰਬਾਣੀ ਨੂੰ ਮੁਖ ਰਖਿਆ ਜਾਂਦਾ ਸੀ, ਇਸ ਵਿਚ ਆਦਿ ਗ੍ਰੰਥ ਦੇ ਇਹ ਭਾਗ ਆ ਜਾਂਦੇ ਸਨ ਜਿਵੇਂ ਰਹਿਰਾਸ, ਕੀਰਤਨ ਸੋਹਿਲਾ, ਸੁਖਮਨੀ ਸਾਹਿਬ, ਆਨੰਦ ਸਾਹਿਬ, ਸਲੋਕ ਮਹੱਲਾ ਨਾਵਾਂ ਆਦ ਜਿਨ੍ਹਾਂ ਵਿਚ ਭਾਸ਼ਾ ਦੀ ਯੋਗਤਾ ਵਧ ਹੁੰਦੀ ਸੀ

ਉਹੀ ਛਾਤਰ ਇਸ ਵਿਚ ਸਫ਼ਲ ਹੁੰਦੇ ਸਨ। ਤੀਜੇ ਪੜਾਅ 'ਤੇ ਵੇਦਾਂਤ ਦਾ ਵਿਸ਼ਾ ਮੁਖ ਸਮਝਿਆ ਜਾਂਦਾ ਸੀ। ਇਸ ਪੱਧਰ 'ਤੇ ਸੰਸਕ੍ਰਿਤ ਪੜ੍ਹਾਈ ਜਾਂਦੀ ਸੀ ਤੇ ਚੋਣਵੇਂ ਸਿੱਖ ਸਾਹਿਤ ਤੇ ਵੇਦਾਂਤ ਦਾ ਗਿਆਨ ਕਰਾਇਆ ਜਾਂਦਾ ਸੀ। ਤਿੰਨਾਂ ਪੜਾਵਾਂ 'ਤੇ ਸਿਖਿਆ ਦੀ ਵਿਧੀ ਇਕੋ ਰਹਿੰਦੀ ਸੀ।[6]

ਉਨੀਵੀਂ ਸਦੀ ਵਿਚ ਸਿੱਖ ਰਿਆਸਤਾਂ ਨੇ ਪੰਜਾਬੀ ਦੇ ਅਧਿਆਪਨ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ, ਜਿਸਦੇ ਸਿੱਟੇ ਵਜੋਂ ਨਾਭਾ, ਪਟਿਆਲਾ, ਜੀਂਦ ਤੇ ਫ਼ਰੀਦਕੋਟ ਰਿਆਸਤਾਂ ਵਿਚ ਪੰਜਾਬੀ ਦੀ ਪੜ੍ਹਾਈ ਤੇ ਅਨੁਵਾਦ ਦਾ ਕੰਮ ਆਰੰਭ ਹੋਇਆ। ਪੰਜਾਬੀ ਭਾਸ਼ਾ ਦੇ ਅਧਿਆਪਨ ਦਾ ਵਿਕਾਸ ਕਰਨ ਹਿਤ ਮਹਾਰਾਜਾ ਭਰਪੂਰ ਸਿੰਘ ਨਾਭਾ ਰਿਆਸਤ ਨੇ ਸਾਹਿਬ ਸਿੰਘ ਮਿਰਗਿੰਦ ਨੂੰ ਗੁਰਮੁਖੀ ਸਕੂਲ ਦਾ ਪ੍ਰਮੁੱਖ ਅਧਿਆਪਕ ਥਾਪਿਆ ਅਤੇ ਗੁਰਮੁਖੀ ਅੱਖਰਾਂ ਵਿਚ 'ਮਾਰਗ ਬਾਲ ਬੋਧ' ਤਿਆਰ ਕਰਵਾਇਆ। ਇਸ ਤੋਂ ਇਲਾਵਾ ਅਨੇਕਾਂ ਪਾਠ ਪੁਸਤਕਾਂ ਪੰਜਾਬੀ ਵਿਦਵਾਨਾਂ ਕੋਲੋਂ ਲਿਖਾਉਣ ਦਾ ਕੰਮ ਅਰੰਭਿਆ।[7]

ਪੰਜਾਬੀ ਭਾਸ਼ਾ ਦੇ ਗੁਰਮੁਖੀ ਅੱਖਰਾਂ ਵਿਚ ਸਭ ਤੋਂ ਪਹਿਲਾ ਸਰਕਾਰੀ ਫ਼ੁਰਮਾਨ 1893 ਵਿਚ ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਵੱਲੋਂ ਜਾਰੀ ਕੀਤਾ ਗਿਆ। ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਮੁੱਖ ਰੱਖ ਕੇ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਨੇ ਸਾਹਿਬ ਸਿੰਘ ਮਿਰਗਿੰਦ ਕੋਲੋਂ ਸੰਸਕ੍ਰਿਤ ਦੇ ਵਿਆਕਰਣ ਦਾ ਪੰਜਾਬੀ ਅਨੁਵਾਦ 'ਸ਼ਬਦ ਕੁਮੁਦ ਕਲਾ ਨਿਧਿ' ਦੇ ਨਾਂ ਹੇਠ ਕਰਵਾਇਆ।[8]

ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਉਪਰੰਤ ਸਿਖਿਆ ਦਾ ਢਾਂਚਾ ਨਵੀਆਂ ਲੀਹਾਂ 'ਤੇ ਘੜਨ ਦੇ ਉਪਰਾਲੇ ਕੀਤੇ ਗਏ। ਸਿਖਿਆ ਨੀਤੀ ਨੂੰ ਭਾਸ਼ਾ ਨਾਲ ਜੋੜ ਕੇ ਵਿਆਪਕ ਪੱਧਰ 'ਤੇ ਅਮਲੀ ਤਬਦੀਲੀਆਂ ਕੀਤੀਆਂ ਗਈਆਂ। 19 ਜੁਲਾਈ 1854 ਨੂੰ ਈਸਟ ਇੰਡੀਆ ਕੰਪਨੀ ਵੱਲੋਂ ਜਾਰੀ ਕੀਤੇ ਗਏ 'ਵੁੱਡ ਐਜੂਕੇਸ਼ਨ ਡਿਸਪੈਚ' ਵਿਚ ਜ਼ਿਕਰ ਕੀਤਾ ਗਿਆ ਕਿ ਸਾਰੇ ਭਾਰਤ ਵਿਚ ਇਕੋ ਇਕ ਸਿਖਿਆ ਨੀਤੀ ਲਾਗੂ ਕੀਤੀ ਗਈ ਹੈ ਅਤੇ ਹਰ ਰਾਜ ਵਿਚ ਵੱਖਰੇ ਵੱਖਰੇ ਸਿਖਿਆ ਵਿਭਾਗ ਕਾਇਮ ਕਰਨ ਦੀ ਤਜਵੀਜ਼ ਰੱਖੀ ਗਈ। ਇਸ ਦੇ ਨਾਲ ਦੇਸੀ ਭਾਸ਼ਾ ਵਜੋਂ ਫ਼ੈਸਲਾ ਉਰਦੂ ਦੇ ਹੱਕ ਵਿਚ ਕੀਤਾ ਗਿਆ। ਕੇਵਲ ਹਿੰਦੂ ਅਤੇ ਸਿੱਖਾਂ ਨੂੰ ਲੋੜ ਅਨੁਸਾਰ ਹਿੰਦੀ ਤੇ ਪੰਜਾਬੀ ਸਕੂਲ ਸਥਾਪਤ ਕਰਨ ਦੀ ਆਗਿਆ ਦਿੱਤੀ ਗਈ।[9]

1865 ਵਿਚ ਕਾਇਮ ਕੀਤੀ ਗਈ 'ਅੰਜੁਮਨਿ ਪੰਜਾਬ' ਵਿਚ ਫ਼ੈਸਲਾ ਕੀਤਾ ਗਿਆ ਕਿ ਪੰਜਾਬੀ ਦਾ ਪਾਸਾਰ ਕਰਨ ਲਈ ਇਕ ਕੌਮੀ ਯੂਨੀਵਰਸਿਟੀ ਕਾਇਮ ਕੀਤੀ ਜਾਵੇ, ਪਰ 1869 ਵਿਚ ਵੱਖਰੀ ਯੂਨੀਵਰਸਿਟੀ ਦੀ ਥਾਂ ਇਕ ਕਾਲਜ ਸਥਾਪਤ ਕਰਨ ਦੀ ਆਗਿਆ ਦੇ ਦਿੱਤੀ ਗਈ ਤੇ ਇੰਜ ਵਿਦਿਆ ਦਾ ਪਾਸਾਰ ਹੋਣ 'ਤੇ ਅੰਜੁਮਨਿ ਨੇ ਮੌਲਵੀ ਆਲਮ, ਮੌਲਵੀ ਫ਼ਾਜ਼ਲ, ਮੁਨਸ਼ੀ ਆਲਮ, ਮੁਨਸ਼ੀ

ਫ਼ਾਜ਼ਲ, ਬੁਧੀਮਾਨੀ, ਵਿਦਵਾਨੀ, ਗਿਆਨੀ ਆਦ ਦੀਆਂ ਪ੍ਰੀਖਿਆਵਾਂ ਦਾ ਪ੍ਰਬੰਧ ਕੀਤਾ।[10] 14 ਅਕਤੂਬਰ 1882 ਨੂੰ ਪੰਜਾਬ ਯੂਨੀਵਰਸਿਟੀ ਕਾਲਜ ਨੂੰ ਪੂਰੀ ਯੂਨੀਵਰਸਿਟੀ ਬਣਾ ਕੇ ਲਾਹੌਰ ਵਿਚ ਸਥਾਪਤ ਕੀਤਾ ਗਿਆ।[11]

ਪੰਜਾਬੀ ਭਾਸ਼ਾ ਦੇ ਅਧਿਆਪਨ ਦੇ ਵਿਕਾਸ ਲਈ ਸਮੇਂ-ਸਮੇਂ ਕਈ ਸੰਸਥਾਵਾਂ ਨੇ ਜਤਨ ਕੀਤੇ। ਇਨ੍ਹਾਂ ਵਿਚ ਸੱਤ ਸਭਾ ਤੇ ਸਿੰਘ ਸਭਾ ਲਹਿਰ ਦਾ ਨਾਮ ਵਰਨਣਯੋਗ ਹੈ। 1866 ਵਿਚ ਸਤ ਸਭਾ ਦੇ ਸਰਪ੍ਰਸਤਾਂ ਲਾਲਾ ਬਿਹਾਰੀ ਲਾਲ ਪੁਰੀ ਤੇ ਅਤਰ ਸਿੰਘ ਭਦੌੜ ਨੇ ਪੰਜਾਬੀ ਰਾਹੀਂ ਉਚੇਰੀ ਸਿਖਿਆ ਦੇਣ ਦੀ ਮੰਗ ਨੂੰ ਲੈ ਕੇ ਜਤਨ ਕੀਤਾ। ਇਸ ਸੰਸਥਾ ਦਾ ਮੁਖ ਉਦੇਸ਼ ਪੰਜਾਬੀ ਭਾਸ਼ਾ ਦੇ ਮਾਧਿਅਮ ਰਾਹੀਂ ਹਰ ਪ੍ਰਕਾਰ ਦੀ ਸਿਖਿਆ ਦੇਣਾ ਸੀ।[12]

ਦੂਜਾ ਜਤਨ ਸਿੰਘ ਸਭਾ ਲਹਿਰ ਦੇ ਮੋਢੀਆਂ ਵਲੋਂ ਕੀਤਾ ਗਿਆ। 1873 ਵਿਚ ਉਠੀ ਇਸ ਲਹਿਰ ਦਾ ਉਦੇਸ਼ ਹੀ ਪੰਜਾਬੀ ਦੀ ਉਨਤੀ ਮਿਥਿਆ ਗਿਆ। ਇਸਦੇ ਉਦੇਸ਼ਾਂ ਵਿਚ ਸ਼ਾਮਲ ਸਨ:

1. ਪੰਜਾਬੀ ਭਾਸ਼ਾ ਦੇ ਮਾਧਿਅਮ ਦੁਆਰਾ ਸਿਖਿਆ ਦਾ ਪ੍ਰਚਾਰ।
2. ਛਾਪੇਖਾਨੇ ਦੀ ਸਥਾਪਤੀ ਤੇ ਪੰਜਾਬੀ ਵਿਚ ਅਖ਼ਬਾਰ, ਰਸਾਲੇ ਅਤੇ ਹੋਰ ਛਪਣਯੋਗ ਸਮੱਗਰੀ ਦੀ ਛਪਾਈ।

ਇਨ੍ਹਾਂ ਮਨੋਰਥਾਂ ਦੀ ਪ੍ਰਾਪਤੀ ਲਈ ਬੜੇ ਨਿੱਗਰ ਜਤਨ ਕੀਤੇ ਗਏ ਅਤੇ ਹਰ ਪ੍ਰਕਾਰ ਦੇ ਸਾਧਨਾਂ ਰਾਹੀਂ ਉਦੇਸ਼ ਪ੍ਰਾਪਤੀ ਵੱਲ ਵਧਣ ਦਾ ਜਤਨ ਕੀਤਾ ਗਿਆ। ਸਿੰਘ ਸਭਾ ਲਹਿਰ ਨੇ ਗੁਰਮੁਖੀ ਲਿੱਪੀ ਰਾਹੀਂ ਪੰਜਾਬੀ ਦੇ ਉਥਾਨ ਲਈ ਅਣਥੱਕ ਜਤਨ ਕੀਤੇ। ਇਨ੍ਹਾਂ ਜਤਨਾਂ ਦੇ ਸਿੱਟੇ ਵਜੋਂ ਬਾਬਾ ਖੇਮ ਸਿੰਘ ਬੇਦੀ ਨੇ ਰਾਵਲਪਿੰਡੀ ਧੰਨ ਪੋਠੋਹਾਰ, ਜੇਹਲਮ ਤੇ ਗੁਜਰਾਤ ਵਿਚ ਲੜਕੀਆਂ ਦੇ ਸਕੂਲ ਖੋਲ੍ਹੇ ਵੱਖ-ਵੱਖ ਸ਼ਹਿਰਾਂ ਵਿਚ ਛੇਤੀ ਹੀ ਇਨ੍ਹਾਂ ਦੀ ਗਿਣਤੀ ਵਧ ਕੇ 42 ਹੋ ਗਈ।[13]

ਸਿੱਖ ਵਿਦਵਾਨ ਪ੍ਰੋ. ਗੁਰਮੁਖ ਸਿੰਘ ਨੇ ਡਾ. ਲਾਇਟਨਰ ਦੇ ਸਹਿਯੋਗ ਨਾਲ 1877 ਵਿਚ ਓਰੀਐਂਟਲ ਕਾਲਜ, ਲਾਹੌਰ ਵਿਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਤੇ ਇਸ ਕਾਲਜ ਵਿਚ ਪੰਜਾਬੀ ਪਹਿਲੀ ਦੇਸੀ ਜਾਂ ਪ੍ਰਾਂਤਕ ਭਾਸ਼ਾ ਸੀ, ਜਿਸ ਨੂੰ ਕਾਲਜ ਪੱਧਰ 'ਤੇ ਮਾਧਿਅਮ ਬਨਾਉਣ ਦਾ ਸੁਚੇਤ ਜਤਨ ਕੀਤਾ ਗਿਆ।[14] 1880 ਵਿਚ ਸਿੰਘ ਸਭਾ ਲਹਿਰ ਲਾਹੌਰ ਵੱਲੋਂ ਪੰਜਾਬੀ ਮਾਧਿਅਮ ਵਿਚ ਇਕ ਹੋਰ ਸਕੂਲ ਖੋਲ੍ਹਿਆ ਗਿਆ ਤੇ ਇਸ ਸਕੂਲ ਵਿਚ ਦਾਖ਼ਲੇ ਦੇ ਇਮਤਿਹਾਨ ਤੇ ਸਾਰੇ ਮਜ਼ਮੂਨਾਂ ਨੂੰ ਪੰਜਾਬੀ ਵਿਚ ਪੜ੍ਹਾਉਣ ਦਾ ਇੰਤਜ਼ਾਮ ਕੀਤਾ ਗਿਆ।[15]

1882 ਵਿਚ ਹੰਟਰ ਕਮਿਸ਼ਨ ਦਾ ਧਿਆਨ ਖਿੱਚਣ ਲਈ ਅਤੇ ਪੰਜਾਬੀ ਭਾਸ਼ਾ ਨੂੰ ਸਿਖਿਆ ਦਾ ਮਾਧਿਅਮ ਬਨਾਉਣ ਲਈ ਪੰਜਾਹ ਹਜ਼ਾਰ ਲੋਕਾਂ ਨੇ ਦਸਖ਼ਤ ਕਰਕੇ ਮੈਮੋਰੰਡਮ ਦਿੱਤਾ, ਜਿਸ ਤੋਂ ਹੰਟਰ ਕਮਿਸ਼ਨ ਨੇ ਫ਼ੈਸਲਾ ਕੀਤਾ ਕਿ ਸਤਲੁਜ

ਤੇ ਜਮਨਾ ਤੱਕ ਹਿੰਦੀ ਲਾਗੂ ਕਰ ਦਿੱਤੀ ਜਾਵੇ ਤੇ ਸਾਰੇ ਕੇਂਦਰੀ ਪੰਜਾਬ ਵਿਚ ਸਿਖਿਆ ਤੇ ਅਧਿਆਪਨ ਦਾ ਮਾਧਿਅਮ ਪੰਜਾਬੀ ਨੂੰ ਬਣਾ ਦਿੱਤਾ ਜਾਵੇ, ਜਦ ਕਿ ਉੱਤਰ-ਪੱਛਮੀ ਸਰਹੱਦੀ ਇਲਾਕਿਆਂ ਵਿਚ ਬਲੋਚੀ ਤੇ ਪਸ਼ਤੋ ਪੜ੍ਹਾਈ ਜਾਵੇ।[16] ਪਰ ਕੁਝ ਔਕੜਾਂ ਕਰਕੇ ਕਮਿਸ਼ਨ ਨੇ ਇਸ ਯੋਜਨਾ ਨੂੰ ਲਾਗੂ ਕਰਨ ਵਿਚ ਅਸਮਰੱਥਾ ਜ਼ਾਹਰ ਕੀਤੀ। ਪਰ ਇਸ ਸਮੇਂ ਪੰਜਾਬੀ ਹਿਤੈਸ਼ੀਆਂ ਦੇ ਜਤਨਾਂ ਸਦਕਾ ਇਹ ਗੱਲ ਮੰਨ ਲਈ ਗਈ ਕਿ ਜਿਥੇ ਵੀ ਪੰਜਾਬੀ ਪੜ੍ਹਾਏ ਜਾਣ ਦੀ ਮੰਗ ਪੈਦਾ ਹੋਵੇ ਜਾਂ ਪੰਜਾਬੀ ਅਧਿਆਪਨ ਦੀ ਮੰਗ ਕੀਤੀ ਜਾਵੇ ਤਾਂ ਪੰਜਾਬੀ ਦੀ ਪੜ੍ਹਾਈ ਲਈ ਸਰਕਾਰ ਵੱਲੋਂ ਲੋੜੀਂਦੀ ਸਹਾਇਤਾ ਦਿੱਤੀ ਜਾਵੇਗੀ।

ਉਪਰੋਕਤ ਜਤਨਾਂ ਤੇ ਦ੍ਰਿੜ ਇਰਾਦੇ ਕਾਰਨ ਹੀ 1892 ਵਿਚ ਸਿੱਖ ਕੰਨਿਆ ਪਾਠਸ਼ਾਲਾ ਫ਼ਿਰੋਜ਼ਪੁਰ, ਲਾਹੌਰ, ਅੰਮ੍ਰਿਤਸਰ, ਤਰਨਤਾਰਨ, ਗੁਜਰਾਂਵਾਲੇ ਵਿਖੇ ਖ਼ਾਲਸਾ ਹਾਈ ਸਕੂਲ, ਸਿੱਖ ਕਾਲਜ, 1893 ਵਿਚ ਖ਼ਾਲਸਾ ਕਾਲਜ (ਅੰਮ੍ਰਿਤਸਰ), ਪੰਜਾਬੀ ਪਰਚਾਰਨੀ ਸਭਾ (1882), ਗੁਰਮਤ ਗ੍ਰੰਥ ਸਭਾ, ਅੰਮ੍ਰਿਤਸਰ (1885) ਖ਼ਾਲਸਾ ਟ੍ਰੈਕਟ ਸੁਸਾਇਟੀ, ਲਾਹੌਰ (1889), ਸਿੱਖ ਬੁੱਕ ਕਲੱਬ, ਪਿਸ਼ਾਵਰ (1893), ਖ਼ਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ (1894), ਖ਼ਾਲਸਾ ਧਰਮ ਪ੍ਰਚਾਰਕ ਸਭਾ, ਅੰਮ੍ਰਿਤਸਰ/ਰਾਵਲਪਿੰਡੀ (1896), ਖ਼ਾਲਸਾ ਪੰਥ ਪ੍ਰਕਾਸ਼ਕ ਸੁਸਾਇਟੀ, ਅੰਮ੍ਰਿਤਸਰ, ਵਿਦਿਅਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ (ਅੰਮ੍ਰਿਤਸਰ-1902) ਆਦ ਸੰਸਥਾਵਾਂ ਹੋਂਦ ਵਿਚ ਆਈਆਂ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਅਗਵਾਈ ਕੀਤੀ।[17]

ਅਜਿਹੇ ਜਤਨਾਂ ਸਦਕਾ ਹੀ 1932 ਵਿਚ ਆਈ.ਸੀ.ਐੱਸ. ਦੇ ਇਮਤਿਹਾਨ ਲਈ ਪੰਜਾਬੀ ਨੂੰ ਸਵੀਕਾਰ ਕਰਦਿਆਂ, ਇਸ ਪ੍ਰੀਖਿਆ ਲਈ ਪੰਜਾਬੀ ਇਕ ਅਖ਼ਤਿਆਰੀ ਜ਼ਬਾਨ ਵਜੋਂ ਪ੍ਰਵਾਨ ਕੀਤੀ ਗਈ।[18]

1947 ਵਿਚ ਪ੍ਰਾਇਮਰੀ ਤੇ ਮਿਡਲ ਪੱਧਰ 'ਤੇ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰ ਦਿੱਤੀ ਗਈ। ਜੁਲਾਈ 1948 ਵਿਚ ਪੈਪਸੂ ਸਟੇਟ ਦੀ ਸਥਾਪਨਾ ਕੀਤੀ ਗਈ। ਪੈਪਸੂ ਫਾਰਮੂਲੇ ਅਨੁਸਾਰ ਅਗਸਤ 1948 ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾ ਦਿੱਤਾ ਗਿਆ ਤੇ ਨਾਲ ਹੀ ਅਦਾਲਤੀ ਭਾਸ਼ਾ ਵੀ। ਇਸ ਸੰਬੰਧੀ ਗ੍ਰਹਿ ਮੰਤਰੀ ਰਿਆਸਤ ਪਟਿਆਲਾ ਵੱਲੋਂ 26.4.1912, 26.1.1913 ਤੇ 15.3.1913 ਦੇ ਸਰਕੂਲਰ ਵੇਖਣਯੋਗ ਹਨ।[19]

(ਦੇਖੋ-ਪ੍ਰਿਸ਼ਿਸ਼ਟ-2)

1949 ਵਿਚ ਸੱਚਰ ਫਾਰਮੂਲਾ ਹੋਂਦ ਵਿਚ ਆਇਆ। (ਦੇਖੋ ਪ੍ਰਿਸ਼ਿਸ਼ਟ-3) ਇਸ ਫਾਰਮੂਲੇ ਅਨੁਸਾਰ ਪੰਜਾਬ ਨੂੰ ਦੋ ਰਿਜਨਾਂ ਵਿਚ ਵੰਡ ਦਿੱਤਾ ਗਿਆ। ਇਕ ਨੂੰ ਪੰਜਾਬੀ ਰਿਜਨ ਤੇ ਦੂਜੇ ਨੂੰ ਹਿੰਦੀ ਰਿਜਨ ਦਾ ਨਾਂ ਦਿੱਤਾ ਗਿਆ। ਪੰਜਾਬੀ ਖੇਤਰ ਵਿਚ ਸਾਰੇ ਸਕੂਲਾਂ ਵਿਚ ਗੁਰਮੁਖੀ ਲਿੱਪੀ ਵਿਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ

ਕਰ ਦਿੱਤੀ ਗਈ। ਏਸੇ ਤਰ੍ਹਾਂ ਹਿੰਦੀ ਖੇਤਰ ਵਿਚ ਦੇਵਨਾਗਰੀ ਲਿੱਪੀ ਵਿਚ ਹਿੰਦੀ ਦੀ ਪੜ੍ਹਾਈ ਲਾਜ਼ਮੀ ਕਰ ਦਿੱਤੀ ਗਈ। ਸੈਕੰਡਰੀ ਸਟੇਜ 'ਤੇ ਜੇ ਕੁੱਲ ਸਿਖਿਆਰਥੀਆਂ ਦਾ ਤੀਜਾ ਹਿੱਸਾ ਹਿੰਦੀ/ਪੰਜਾਬੀ ਵਿਚ ਪੜ੍ਹਾਈ ਲਈ ਬੇਨਤੀ ਕਰੇ ਤਾਂ ਸਰਕਾਰੀ ਤੌਰ 'ਤੇ ਇਸ ਦਾ ਪ੍ਰਬੰਧ ਕੀਤਾ ਜਾਏਗਾ। ਪ੍ਰਾਈਵੇਟ ਸਕੂਲਾਂ ਵਿਚ ਮਾਧਿਅਮ ਦਾ ਅਧਿਕਾਰ ਪ੍ਰਬੰਧਕ ਕਮੇਟੀਆਂ ਨੂੰ ਦੇ ਦਿੱਤਾ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਨੂੰ ਦੋ-ਭਾਸ਼ੀ ਖੇਤਰ ਬਣਾ ਕੇ ਭਾਸ਼ਾ ਨੂੰ ਧਰਮ ਨਾਲ ਜੋੜ ਕੇ ਸੰਪਰਦਾਇਕਤਾ ਦੇ ਬੀਜ ਬੀਜੇ ਗਏ। ਜਿਸਦਾ ਨਤੀਜਾ ਪੰਜਾਬ ਦੀ ਅਧੂਰੀ ਵੰਡ ਦੇ ਰੂਪ ਵਿਚ ਨਿਕਲਿਆ।

21 ਦਸੰਬਰ 1967 ਨੂੰ ਪੰਜਾਬ ਵਿਧਾਨ ਸਭਾ ਵੱਲੋਂ ਭਾਸ਼ਾ ਐਕਟ ਪਾਸ ਕਰਨ 'ਤੇ ਪੰਜਾਬ ਵਿਚ ਹਰ ਪੱਧਰ 'ਤੇ ਪੰਜਾਬੀ ਭਾਸ਼ਾ ਨੂੰ ਲਾਗੂ ਕਰ ਦਿੱਤਾ ਗਿਆ। ਅੱਜ ਪੰਜਾਬ ਦੇ ਨਾਲ-ਨਾਲ ਦੇਸ਼ ਦੀਆਂ ਸੱਤ ਯੂਨੀਵਰਸਿਟੀਆਂ ਵਿਚ ਐੱਮ.ਏ. ਪੰਜਾਬੀ ਲਈ ਸਹੂਲਤਾਂ ਪ੍ਰਾਪਤ ਹਨ ਅਤੇ 31 ਯੂਨੀਵਰਸਿਟੀਆਂ ਵਿਚ ਡਿਗਰੀ ਪੱਧਰ 'ਤੇ ਪੰਜਾਬੀ ਭਾਸ਼ਾ ਵਿਚ ਪੜ੍ਹਾਈ ਦਾ ਪ੍ਰਬੰਧ ਹੈ। 11 ਪ੍ਰਾਂਤਾਂ ਵਿਚ ਸਕੂਲੀ ਪੜ੍ਹਾਈ ਵਿਚ ਪੰਜਾਬੀ ਇਕ ਮਜ਼ਮੂਨ ਵਜੋਂ ਪੜ੍ਹੇ ਜਾਣ ਦੀ ਖੁੱਲ੍ਹ ਹੈ ਅਤੇ ਬਹੁਤ ਸਾਰੀਆਂ ਸੰਸਥਾਵਾਂ ਤੇ ਅਕਾਦਮੀਆਂ ਸਥਾਪਤ ਹੋ ਗਈਆਂ ਹਨ।[20]

ਅੱਜ ਸੰਸਾਰ ਦੇ ਕਈ ਮੁਲਕਾਂ ਵਿਚ ਪੰਜਾਬੀ ਦਾ ਅਧਿਆਪਨ ਹੋ ਰਿਹਾ ਹੈ। ਅੱਜ ਇੰਗਲੈਂਡ ਵਿਚ ਅੰਗਰੇਜ਼ੀ ਨੂੰ ਛੱਡ ਕੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਹੁਣ ਓਥੇ O Level ਤੱਕ ਇਸਨੂੰ ਮਾਨਤਾ ਦੇ ਦਿੱਤੀ ਗਈ ਹੈ।[21] ਮੈਲਬੋਰਨ ਵਿਚ ਪੰਜਾਬੀ ਨੂੰ ਪੜ੍ਹਾਏ ਜਾਣ ਲਈ ਜਤਨ ਕੀਤੇ ਜਾ ਰਹੇ ਹਨ।[22] ਬਰਕਲੇ ਅਤੇ ਸੇਨਹੋਜ਼ੇ ਵਿਚ ਡਾ. ਆਤਮਜੀਤ ਸਿੰਘ ਦੀ ਅਗਵਾਈ ਵਿਚ ਪੰਜਾਬੀ ਭਾਸ਼ਾ ਦਾ ਅਧਿਆਪਨ ਚਲ ਰਿਹਾ ਹੈ।[23] ਅੱਜ-ਕੱਲ੍ਹ ਉਹ ਸੇਨਹੋਜ਼ੇ ਯੂਨੀਵਰਸਿਟੀ ਵਿਚ ਪੰਜਾਬੀ ਅਧਿਆਪਨ ਕਾਰਜ ਕਰ ਰਹੇ ਹਨ। ਮਲੇਸ਼ੀਆ ਵਿਚ ਪੰਜਾਬੀ ਅਧਿਆਪਨ ਲਈ ਕਈ ਸਕੂਲ ਚਲ ਰਹੇ ਹਨ, ਜਿਨ੍ਹਾਂ ਵਿਚ ਤੱਤ ਖ਼ਾਲਸਾ ਪੰਜਾਬੀ ਸਕੂਲ (ਕੁਆਲਾਲੰਪੁਰ), ਗੁਰੂ ਨਾਨਕ ਸਕੂਲ (ਇਮੋਹ), ਪੰਜਾਬੀ ਸਕੂਲ (ਸੇਰੇਮਬਾਨ), ਪੰਜਾਬੀ ਸਕੂਲ (ਜੋ-ਹੋਰ-ਬਾਰੂ), ਖ਼ਾਲਸਾ ਪੰਜਾਬੀ ਸਕੂਲ (ਪੀਨਾਂਗ) ਆਦ।[24] ਜਾਪਾਨ ਦੀ ਓਸਾਕਾ ਯੂਨੀਵਰਸਿਟੀ ਵਿਚ ਪ੍ਰੋ. ਤੋਮੀਓ ਮੀਜ਼ੋਕਾਮੀ ਪੰਜਾਬੀ ਅਧਿਆਪਨ ਦਾ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਫ਼ਰਾਂਸ, ਜਰਮਨੀ, ਹਾਲੈਂਡ, ਕੈਨੇਡਾ ਤੇ ਹੋਰ ਕਈ ਮੁਲਕਾਂ ਵਿਚ ਪੰਜਾਬੀ ਦਾ ਅਧਿਆਪਨ ਸਫ਼ਲਤਾ ਨਾਲ ਹੋ ਰਿਹਾ ਹੈ।

ਉਪਰੋਕਤ ਇਤਿਹਾਸਕ ਪਰਿਪੇਖ ਨੂੰ ਜੇ ਵਾਚੀਏ ਤਾਂ ਸਪਸ਼ਟ ਹੈ ਕਿ ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਇਕ ਲੰਬੀ ਪਰੰਪਰਾ ਤੇ ਇਤਿਹਾਸ ਹੈ। ਪੰਜਾਬੀ ਅਧਿਆਪਨ ਨੇ ਲੰਮਾ ਸਮਾਂ ਸੰਘਰਸ਼ ਕੀਤਾ ਹੈ ਤਾਂ ਜਾ ਕੇ ਇਸਨੂੰ ਅਧਿਆਪਨ

ਵਿਚ ਮਾਨਤਾ ਪ੍ਰਾਪਤ ਹੋਈ ਹੈ। ਇਹ ਸੰਘਰਸ਼ ਅੱਜ ਵੀ ਜਾਰੀ ਹੈ। ਅੱਜ ਫਿਰ ਪੰਜਾਬੀ ਤੇ ਅੰਗਰੇਜ਼ੀ ਨੂੰ ਮੁੱਢਲੀ ਜਮਾਤ ਵਿਚ ਨਾਲ ਨਾਲ ਟਾਂਕ ਦਿੱਤਾ ਗਿਆ ਹੈ। ਇੰਜ ਇਕ ਵਿਦੇਸ਼ੀ ਮੂਲ ਦੀ ਭਾਸ਼ਾ ਤੇ ਮਾਤ-ਭਾਸ਼ਾ ਦੇ ਟਕਰਾ ਨਾਲ ਨਵੀਂ ਪੀੜ੍ਹੀ ਨੂੰ ਬਰਬਾਦ ਕਰਨ ਦਾ ਜਤਨ ਕੀਤਾ ਜਾ ਰਿਹਾ ਹੈ ਜਿਸ ਨਾਲ ਅੰਗਰੇਜ਼ੀ ਨੂੰ ਕੰਮਕਾਜ ਤੇ ਰੁਜ਼ਗਾਰ ਦੀ ਭਾਸ਼ਾ ਵਜੋਂ ਪੇਸ਼ ਕਰਕੇ ਮਾਤ-ਭਾਸ਼ਾ ਨੂੰ ਬੋਲਚਾਲ ਦੇ ਪੱਧਰ ਤੇ ਕਰਕੇ ਹਾਸ਼ੀਏ ਵੱਲ ਧੱਕਣ ਦੇ ਸੁਚੇਤ ਜਤਨ ਕੀਤੇ ਜਾ ਰਹੇ ਹਨ। ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਨੂੰ ਉਂਜ ਹੀ ਦੂਜੇ ਦਰਜੇ ਜਾਂ ਤੀਜੇ ਦਰਜੇ 'ਤੇ ਰੱਖਿਆ ਜਾਂਦਾ ਹੈ ਤੇ ਮਨਮਰਜ਼ੀ ਦੇ ਫ਼ੈਸਲੇ ਕਾਰਨ ਪੰਜਾਬੀ ਉਥੇ ਅਛੂਤਾਂ ਵਰਗੀ ਭਾਸ਼ਾ ਦਾ ਦਰਜਾ ਰਖਦੀ ਹੈ।

ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਵਿਦੇਸ਼ੀ ਬੋਲੀ ਦੇ ਨਵੇਂ ਸਾਮਰਾਜੀ ਚੇਹਰੇ ਨੂੰ ਉਘਾੜ ਵਿਚ ਲਿਆ ਕੇ ਸਾਡੀਆਂ ਭਾਸ਼ਾਵਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਇਹੀ ਕਾਰਣ ਹੈ ਕਿ ਬੋਲਣਹਾਰਿਆਂ ਦੀ ਗਿਣਤੀ ਤਾਂ ਬਹੁਤ ਹੈ ਪਰ ਪੜ੍ਹਨ ਵਾਲਿਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ। ਪੰਜਾਬੀ ਵਿਚ ਡਿਗਰੀ ਪੱਧਰ 'ਤੇ ਪੰਜਾਬੀ ਨੂੰ ਚੋਣਵੇਂ ਵਿਸ਼ੈ ਵਜੋਂ ਗ੍ਰਹਿਣ ਕਰਨ ਦੀ ਰੁਚੀ ਬੜੀ ਉਦਾਸੀਨਤਾ ਵਾਲੀ ਬਣ ਗਈ ਹੈ। ਵਿਦੇਸ਼ਾਂ ਵਿਚ ਬੈਠੇ ਪੰਜਾਬੀ ਸਮੁਦਾਏ ਦੇ ਲੋਕ ਵੀ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਜਦੋਜਹਿਦ ਕਰ ਰਹੇ ਹਨ ਪਰ ਉਥੇ ਸਥਾਪਤ ਭਾਸ਼ਾਵਾਂ ਦਾ ਦਬਾਅ ਬਹੁਤ ਜ਼ਿਆਦਾ ਹੈ। ਇਸ ਕਰਕੇ ਨਵੀਂ ਪੀੜ੍ਹੀ ਦਾ ਉਨ੍ਹਾਂ ਭਾਸ਼ਾਵਾਂ ਵਲ ਖਿਸਕਣਾ ਉਨ੍ਹਾਂ ਦੀ ਲੋੜ ਹੈ। ਉਥੇ ਪੰਜਾਬੀ ਦਾ ਘੇਰਾ ਘਰ ਤੱਕ ਵਧੇਰੇ ਸੀਮਤ ਹੋਣ ਦਾ ਖਦਸ਼ਾ ਹੈ।

ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਅਨੇਕਾਂ ਸਮੱਸਿਆਵਾਂ ਹੋਰ ਵੀ ਹਨ। ਇਹਦੇ ਲਈ ਆਧੁਨਿਕ ਸੰਦਾਂ/ਵਿਧੀਆਂ ਦੀ ਘਾਟ ਹੈ। ਭਾਸ਼ਾ ਲੈਬਾਰਟਰੀ ਤਾਂ ਕਿਤੇ ਰਹੀ ਸਹਾਇਕ ਸਾਧਨ ਵੀ ਪ੍ਰਾਪਤ ਨਹੀਂ ਹਨ। ਲਾਇਬ੍ਰੇਰੀ ਸੇਵਾ ਕਮਜ਼ੋਰ ਹੈ। ਚੰਗੇ ਟਰੇਨਿੰਗ ਇੰਸਟੀਚਿਊਟ ਦੀ ਘਾਟ ਲੰਬੇ ਸਮੇਂ ਤੋਂ ਰੜਕ ਰਹੀ ਹੈ। ਮੁੱਢਲੀਆਂ ਜਮਾਤਾਂ ਵਿਚ ਪੜ੍ਹਾਉਣ ਵਾਲਿਆਂ ਕੋਲ ਭਾਸ਼ਾ ਦੀ ਕੋਈ ਟਰੇਨਿੰਗ ਨਹੀਂ। ਪੰਜਾਬੀ ਮਾਨਸਿਕਤਾ ਵਿਚ ਇਹ ਗੱਲ ਘਰ ਕਰ ਚੁੱਕੀ ਹੈ ਕਿ ਪੰਜਾਬੀ ਇਕ ਸਾਧਾਰਣ ਵਿਸ਼ਾ ਹੈ। ਇਹਦੇ ਪੜ੍ਹਣ ਦੀ ਕੀ ਲੋੜ ਹੈ। ਇਸ ਕਰਕੇ ਅੱਜ ਸਭ ਤੋਂ ਵੱਡੀ ਲੋੜ ਇਸ ਗੱਲ ਦੀ ਹੈ ਕਿ ਪੰਜਾਬੀ ਅਧਿਆਪਨ ਨੂੰ ਵਿਗਿਆਨਕ ਲੀਹਾਂ 'ਤੇ ਤੋਰਿਆ ਜਾਵੇ ਤਾਂ ਕਿ ਇਹ ਭਵਿੱਖ ਦੀਆਂ ਤਕਨੀਕੀ ਲੋੜਾਂ ਨਾਲ ਮੁਕਾਬਲੇ ਵਜੋਂ ਆਪਣੇ ਆਪ ਨੂੰ ਸਮਰੱਥ ਬਣਾ ਸਕੇ। ਲੋੜ ਦ੍ਰਿੜ ਇੱਛਾ ਸ਼ਕਤੀ ਅਤੇ ਗੰਭੀਰ ਸੋਚ ਦੀ ਹੈ ਤਾਂ ਹੀ ਅਸੀਂ ਪੰਜਾਬੀ ਭਾਸ਼ਾ ਦੇ ਅਧਿਆਪਨ ਨੂੰ ਸੁਚਾਰੂ ਢੰਗ ਨਾਲ ਆਪਣੇ ਸਮਾਜ ਵਿਚ ਸਥਾਨ ਦਿਵਾ ਸਕਾਂਗੇ।

ਹਵਾਲੇ ਤੇ ਟਿੱਪਣੀਆਂ

1. ਸ.ਸ. ਜੋਸ਼ੀ, "ਗਲੋਬਲੀ ਪਰਿਪੇਖ ਵਿਚ ਪੰਜਾਬੀ ਭਾਸ਼ਾ ਦਾ ਅਧਿਆਪਨ", ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ-ਗਲੋਬਲੀ ਪਰਿਪੇਖ, ਪੰਨਾ 144.
2. ਮੌਲਾ ਬਖ਼ਸ਼ 'ਕੁਸ਼ਤਾ', ਪੰਜਾਬ ਦੇ ਹੀਰੇ, ਪੰਨਾ 19–21.
3. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਦੁਨੀਆ (ਸਿਖਿਆ ਅੰਕ), ਅਪ੍ਰੈਲ-ਮਈ, 1968, ਪੰਨਾ-9.
4. G.W. Leitner, History of Indigenous Education in the Punjab Since Annexation and in 1882, p. 28.
5. Ibid, p. 150.
6. ਰੋਸ਼ਨ ਲਾਲ ਅਹੂਜਾ, "ਸਿਖਿਆ ਵਿਚ ਪੁਨਰ-ਜਾਗ੍ਰਿਤੀ ਤੇ ਆਗੂ", ਨਿਰਮਲ ਸੰਪ੍ਰਦਾਇ, (ਸੰਪਾ. ਪ੍ਰੀਤਮ ਸਿੰਘ), ਪੰਨੇ 242–43.
7. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਦੁਨੀਆ (ਸਿਖਿਆ ਅੰਕ), ਅਪ੍ਰੈਲ-ਮਈ, 1968, ਪੰਨਾ 15,16.
8. ਸੋਵੀਨਰ ਪੰਜਾਬੀ ਉਤਸਵ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1 ਜਨਵਰੀ 1991.
9. ਪਰਮਿੰਦਰ ਸਿੰਘ, ਇਸਾਈ ਮਿਸ਼ਨਰੀਆਂ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ, ਪੰਨਾ 40.
10. ਉਹੀ, ਪੰਨੇ 45–46.
11. ਉਹੀ, ਪੰਨੇ 46.
12. ਉਹੀ, ਪੰਨੇ 57.
13. ਉਹੀ, ਪੰਨੇ 58.
14. ਉਹੀ,
15. ਉਹੀ, ਪੰਨੇ 59.
16. ਉਹੀ, ਪੰਨੇ 60.
17. ਅਜੀਤ ਸਿੰਘ ਸਰਹੱਦੀ, ਪੰਜਾਬੀ ਸੂਬੇ ਦੀ ਗਾਥਾ, ਪੰਨਾ 10.
18. ਉਹੀ, ਪੰਨੇ 163.
19. ਸੋਵੀਨਰ ਪੰਜਾਬੀ ਉਤਸਵ, ਪੰਜਾਬ ਸਰਕਾਰ, 1968, ਪੰਨੇ 28–33.
20. ਪਰਮਿੰਦਰ ਸਿੰਘ (ਸੰਪਾ.), ਪੰਜਾਬੀ ਸਾਹਿਤ ਦੀ ਦਸ਼ਾ ਤੇ ਦਿਸ਼ਾ, 1947–80, ਪੰਨਾ 6.
21. ਸੁਰਿੰਦਰ ਸਿੰਘ ਅਟਾਰੀਵਾਲਾ, "ਇੰਗਲੈਂਡ ਵਿਚ ਮਾਂ ਬੋਲੀ ਪੰਜਾਬੀ ਦੀ ਪੜ੍ਹਾਈ", ਪੰਜਾਬੀ ਭਾਸ਼ਾ ਦਾ ਅਧਿਆਪਨ (ਸੰਪਾ. ਧਨਵੰਤ ਕੌਰ), ਪੰਨਾ 12.
22. ਅਜੀਤ ਸਿੰਘ ਖਹਿਰਾ, ਮੈਲਬੋਰਨ ਵਿਚ ਪੰਜਾਬੀ ਬੋਲੀ ਬਾਰੇ ਇਕ ਝਾਤ, ਉਹੀ, ਪੰਨਾ 35.
23. ਆਤਮਜੀਤ ਸਿੰਘ, ਬਰਕਲੇ ਵਿਚ ਪੰਜਾਬੀ ਦੀ ਪੜ੍ਹਾਈ, ਉਹੀ, ਪੰਨਾ 43.
24. Dr. Manjit Singh Sidhu, The Status of Punjabi Language in Malaysia, p. 20.

ਪੁਸਤਕ-ਸੂਚੀ

ਅਰਸ਼ੀ, ਗੁਰਚਰਨ ਸਿੰਘ, ਪੰਜਾਬੀ ਦੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1915.

ਅਮਰਜੀਤ ਸਿੰਘ (ਸੰਪਾ.), ਪੰਜਾਬੀ ਵਿਕਾਸ: ਕੁਝ ਦਿਸ਼ਾਵਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981.

ਸਰਹੱਦੀ, ਅਜੀਤ ਸਿੰਘ, ਪੰਜਾਬੀ ਸੂਬੇ ਦੀ ਗਾਥਾ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1992.

ਕਵੈਂਟਰੀ, ਅਜਮੇਰ, ਬੋਲੀ ਅਤੇ ਮਾਂ ਬੋਲੀ, ਪੰਜਾਬੀ ਸੱਥ, ਲਾਂਬੜਾ, 2003.

ਕੁਸ਼ਤਾ, ਮੌਲਾ ਬਖ਼ਸ਼, ਪੰਜਾਬ ਦੇ ਹੀਰੇ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1996.

ਕੌਲ, ਓਮਕਾਰ. ਐੱਨ. (ਸੰਪਾ.), ਪੰਜਾਬੀ ਭਾਸ਼ਾ ਦਾ ਅਧਿਆਪਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1980.

ਜਗਤਾਰ, ਜਗੀਰ ਸਿੰਘ (ਸੰਪਾ.), ਪੰਜਾਬੀ ਭਾਸ਼ਾ ਅਜੋਕੀ ਸਥਿਤੀ 'ਤੇ ਇਕ ਝਾਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1979.

ਧਨਵੰਤ ਕੌਰ (ਸੰਪਾ.), ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ : ਗਲੋਬਲ ਪਰਿਪੇਖ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

——, ਪੰਜਾਬੀ ਭਾਸ਼ਾ ਦਾ ਅਧਿਆਪਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ.

ਨੰਦਰਾ, ਇੰਦਰ ਦੇਵ, ਆਧੁਨਿਕ ਪੰਜਾਬੀ ਅਧਿਆਪਨ, ਵਿਨੋਦ ਪਬਲਿਸ਼ਰਜ਼, ਲੁਧਿਆਣਾ, ਮਿਤੀਹੀਣ।

ਪਨੂੰ, ਗੁਰਵੇਲ ਸਿੰਘ (ਸੰਪਾ.), ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਅਤੇ ਸਮੱਸਿਆਵਾਂ, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1972.

ਪਰਮਿੰਦਰ ਸਿੰਘ, ਈਸਾਈ ਮਿਸ਼ਨਰੀਆਂ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1987.

ਪ੍ਰੀਤਮ ਸਿੰਘ (ਸੰਪਾ.), ਨਿਰਮਲ ਸੰਪ੍ਰਦਾਇ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.

——, ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ, ਸ਼ਿੰਘ ਬ੍ਰਦਰਜ਼, ਅੰਮ੍ਰਿਤਸਰ, 2000.

ਸੁਵੀਨਾਰ, ਪੰਜਾਬੀ ਉਤਸਵ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1968.

ਸੁਵੀਨਾਰ, ਪੰਜਾਬੀ ਸਪਤਾਹ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991.

ਸੁਵੀਨਾਰ, ਪੰਜਾਬੀ ਸਪਤਾਹ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1995.

ਪੰਜਾਬੀ ਦੁਨੀਆ, (ਸਿਖਿਆ ਅੰਕ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਪ੍ਰੈਲ-ਮਈ।

Bhatnagar, S., Kothari Commission, Loyal Book Depot, Meerut.

Cheong, L.K., Language & Language Education, Singapore University Press, Singapore, 1983.

Inderpal Singh, A Critical Assessment of the Teaching of Punjabi, Lahore Book Shop, Ludhiana, yearless.

Koal, O.N., Language in Education, Indian Institute of Language Studies, Patiala, 1983.

Ieitner, G.W., History of Indigenous Education in the Punjab Since Annexation and in 1882, Language Department Punjab, Patiala, 1971.

ਸਰਕਾਰੀ-ਭਾਸ਼ਾ ਕਮਿਸ਼ਨ ਦੀ ਰਿਪੋਰਟ, ਭਾਰਤ ਸਰਕਾਰ, ਨਵੀਂ ਦਿੱਲੀ, 1956.

ਪ੍ਰਿਸ਼ਿਸ਼ਟ-1

ਪੰਜਾਬ ਰਾਜ-ਭਾਸ਼ਾ ਐਕਟ 1967

ਪੰਜਾਬ ਰਾਜ ਸਾਰੇ ਜਾਂ ਉਨ੍ਹਾਂ ਵਿਚੋਂ ਕੁਝ ਕੁ ਸਰਕਾਰੀ ਕਾਰਜਾਂ ਲਈ ਵਰਤੀ ਜਾਣ ਵਾਲੀ ਭਾਸ਼ਾ ਦੇ ਤੌਰ 'ਤੇ ਪੰਜਾਬੀ ਨੂੰ ਅਪਨਾਉਣ ਵਾਸਤੇ ਉਪਬੰਧ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਅਠਾਰ੍ਹਵੇਂ ਸਾਲ ਵਿਚ ਪੰਜਾਬ ਰਾਜ ਵਿਧਾਨ ਮੰਡਲ ਦੁਆਰਾ ਨਿਮਨ ਅਨੁਸਾਰ ਕਾਨੂੰਨ ਬਣੇ:

ਸੰਖੇਪ ਨਾਂ, ਵਿਸਤਾਰ ਅਤੇ ਪ੍ਰਾਰੰਭ

1. (ੳ) ਇਸ ਐਕਟ ਨੂੰ ਪੰਜਾਬ ਰਾਜ-ਭਾਸ਼ਾ ਐਕਟ, 1967 ਕਿਹਾ ਜਾਵੇਗਾ।
   (ਅ) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ 'ਤੇ ਹੈ।
   (ੲ) ਇਹ ਤੁਰੰਤ ਲਾਗੂ ਹੋ ਜਾਵੇਗਾ।

ਪਰਿਭਾਸ਼ਾਵਾਂ

2. ਇਸ ਐਕਟ ਵਿਚ, ਜਦੋਂ ਤਕ ਕਿ ਪ੍ਰਸੰਗ ਵਿਚ ਹੋਰਵੇਂ ਲੋੜੀਂਦਾ ਨਾਂ ਹੋਵੇ:
   (ੳ) 'ਪੰਜਾਬੀ' ਦਾ ਅਰਥ ਗੁਰਮੁਖੀ ਲਿੱਪੀ ਵਿਚ ਪੰਜਾਬੀ ਹੈ;
   (ਅ) 'ਰਾਜ ਸਰਕਾਰ' ਦਾ ਅਰਥ ਪੰਜਾਬ ਰਾਜ ਦੀ ਸਰਕਾਰ ਹੈ।

ਪੰਜਾਬੀ ਰਾਜ ਦੀ ਰਾਜ-ਭਾਸ਼ਾ ਹੋਵੇਗੀ

3. ਪੰਜਾਬ ਰਾਜ ਦੀ ਰਾਜ ਭਾਸ਼ਾ ਪੰਜਾਬੀ ਹੋਵੇਗੀ।

ਅਜਿਹੇ ਸਰਕਾਰੀ ਕਾਰਜਾਂ ਨੂੰ ਅਧਿਸੂਚਿਤ ਕਰਨ ਲਈ ਸਰਕਾਰ ਦੇ ਇਖ਼ਤਿਆਰ, ਜਿਨ੍ਹਾਂ ਲਈ ਕਿ ਪੰਜਾਬੀ ਦੀ ਵਰਤੋਂ ਕੀਤੀ ਜਾਵੇਗੀ।

4. ਰਾਜ ਸਰਕਾਰ ਸਮੇਂ-ਸਮੇਂ, ਅਧਿਸੂਚਨਾ ਦੁਆਰਾ ਇਹ ਹਦਾਇਤ ਕਰ ਸਕੇਗੀ ਕਿ ਰਾਜ ਦੇ ਅਜਿਹੇ ਰਾਜ-ਕਾਰਜਾਂ ਲਈ ਅਤੇ ਅਜਿਹੀ ਮਿਤੀ ਤੋਂ ਪੰਜਾਬੀ ਦੀ ਵਰਤੋਂ ਕੀਤੀ ਜਾਵੇਗੀ, ਜਿਵੇਂ ਕਿ ਅਧਿਸੂਚਨਾ ਦੁਆਰਾ ਦੱਸਿਆ ਜਾਵੇ।

ਬਿੱਲਾਂ ਆਦਿ ਵਿਚ ਵਰਤੀ ਜਾਣ ਵਾਲੀ ਭਾਸ਼ਾ

5. ਅਜਿਹੀ ਮਿਤੀ ਨੂੰ ਅਤੇ ਤੋਂ, ਜਿਵੇਂ ਕਿ ਰਾਜ ਸਰਕਾਰ, ਅਧਿਸੂਚਨਾ ਦੁਆਰਾ ਇਸ ਸਬੰਧ ਵਿਚ ਦੱਸੇ:
   (ੳ) ਰਾਜ-ਵਿਧਾਨ-ਮੰਡਲ ਦੇ ਦੋਹਾਂ ਸਦਨਾਂ ਵਿਚੋਂ ਕਿਸੇ ਵਿਚ ਪੇਸ਼ ਕੀਤੇ ਜਾਣ ਵਾਲੇ ਸਾਰੇ ਬਿੱਲਾਂ, ਜਾਂ ਉਨ੍ਹਾਂ ਵਿਚ ਕੀਤੀਆਂ ਜਾਣ ਵਾਲੀਆਂ ਤਰਮੀਮਾਂ ਵਿਚ;

(ਅ) ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਗਏ ਸਾਰੇ ਐਕਟਾਂ ਵਿਚ;

(ਏ) ਸੰਵਿਧਾਨ ਦੇ ਅਨੁਛੇਦ 213 ਅਧੀਨ ਰਾਜਪਾਲ ਦੁਆਰਾ ਜਾਰੀ ਕੀਤੇ ਗਏ ਸਾਰੇ ਆਰਡੀਨੈਂਸਾਂ ਵਿਚ;

(ਸ) ਸੰਵਿਧਾਨ ਅਧੀਨ ਜਾਂ ਸੰਸਦ ਜਾਂ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਅਧੀਨ ਰਾਜ ਸਰਕਾਰ ਦੁਆਰਾ ਜਾਰੀ ਕੀਤੇ ਗਏ ਸਾਰੇ ਹੁਕਮਾਂ, ਨਿਯਮਾਂ, ਵਿਨਿਯਮਾਂ ਅਤੇ ਉਪ-ਨਿਯਮਾਂ ਵਿਚ ਵਰਤੀ ਜਾਣ ਵਾਲੀ ਭਾਸ਼ਾ ਪੰਜਾਬੀ ਹੋਵੇਗੀ।

ਪਰੰਤੂ ਰਾਜ ਸਰਕਾਰ, ਉਪਰੋਕਤ (ੳ) ਤੋਂ (ਸ) ਤਕ ਦੇ ਖੰਡਾਂ ਵਿਚ ਦੱਸੇ ਕਿਸੇ ਵੀ ਮੰਤਵ ਦੇ ਸਬੰਧ ਵਿਚ ਵੱਖ-ਵੱਖ ਮਿਤੀਆਂ ਮੁਕਰਰ ਕਰ ਸਕੇਗੀ।

ਰਾਜ-ਵਿਧਾਨ-ਮੰਡਲ ਵਿਚ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਨੂੰ ਜਾਰੀ ਰੱਖਣਾ

6. ਜਦੋਂ ਤਕ ਕਿ ਰਾਜ ਸਰਕਾਰ, ਧਾਰਾ 4 ਅਧੀਨ ਅਧਿਸੂਚਨਾ ਦੁਆਰਾ ਹੋਰਵੇਂ ਹਦਾਇਤ ਨਾ ਕਰੇ, ਰਾਜ ਦੇ ਵਿਧਾਨ ਮੰਡਲ ਦੇ ਕੰਮਕਾਜ ਨੂੰ ਨਜਿੱਠਣ ਲਈ ਰਾਜ ਦੀ ਰਾਜ ਭਾਸ਼ਾ ਜਾਂ ਹਿੰਦੀ ਤੋਂ ਇਲਾਵਾ ਅੰਗਰੇਜ਼ੀ ਦੀ ਵਰਤੋਂ ਜਾਰੀ ਰੱਖੀ ਜਾ ਸਕੇਗੀ।

ਰਾਜ ਵਿਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿਚੋਂ ਕਿਸੇ ਵੀ ਭਾਸ਼ਾ ਵਿਚ ਪ੍ਰਤਿ-ਬੇਨਤੀ ਸਬੰਧੀ ਵਿਅਕਤੀ ਦਾ ਅਧਿਕਾਰ

7. ਇਸ ਐਕਟ ਵਿਚਲੀ ਕੋਈ ਗੱਲ, ਕਿਸੇ ਵਿਅਕਤੀ ਨੂੰ ਕਿਸੇ ਸ਼ਿਕਾਇਤ ਦੀ ਨਵਿਰਤੀ ਲਈ, ਰਾਜ ਦੇ ਕਿਸੇ ਅਫ਼ਸਰ ਜਾਂ ਪ੍ਰਾਧਿਕਾਰੀ ਨੂੰ ਰਾਜ ਵਿਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿਚੋਂ ਕਿਸੇ ਭਾਸ਼ਾ ਵਿਚ, ਜਿਨ੍ਹਾਂ ਵਿਚ ਹਿੰਦੀ ਵੀ ਸ਼ਾਮਲ ਹੈ, ਪ੍ਰਤਿ-ਬੇਨਤੀ ਦੇਣ ਤੋਂ ਵਰਜਿਤ ਕਰਦੀ ਨਹੀਂ ਸਮਝੀ ਜਾਵੇਗੀ।

ਹਿੰਦੀ ਭਾਸ਼ਾ ਦਾ ਵਿਕਾਸ

8. ਇਸ ਐਕਟ ਦੇ ਉਪਬੰਧਾਂ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਰਾਜ ਸਰਕਾਰ, ਰਾਜ ਵਿਚ ਹਿੰਦੀ ਭਾਸ਼ਾ ਦੇ ਵਿਕਾਸ ਲਈ ਮੁਨਾਸਬ ਕਦਮ ਉਠਾਏਗੀ।

1960 ਦੇ ਪੰਜਾਬ ਐਕਟ ਨੰ. 28 ਦੀ ਮਨਸੂਖੀ

9. ਪੰਜਾਬ ਰਾਜ ਭਾਸ਼ਾਵਾਂ ਐਕਟ, 1960 ਨੂੰ ਇਸ ਦੁਆਰਾ ਮਨਸੂਖ ਕੀਤਾ ਜਾਂਦਾ ਹੈ।

ਪ੍ਰਿਸ਼ਸ਼ਟ-2

ਪੰਜਾਬੀ ਸਿਖਿਆ ਮਾਧਿਅਮ

(ਨਕਲ ਨੋਟੀਫਿਕੇਸ਼ਨ ਨੰ. 33-6 ਜੀ 65, ਮਿਤੀ 30.05.99/14.09.42, ਵਿਦਿਆ ਵਿਭਾਗ, ਪਟਿਆਲਾ ਵਲੋਂ ਪਟਿਆਲਾ ਗਜ਼ਟ ਦੇ ਪੰ. 529 ਮਿਤੀ 5 ਅਸੋਜ, 1999 ਮੁਤਾਬਕ 14.09.1942 ਨੂੰ ਪ੍ਰਕਾਸ਼ਤ ਹੋਇਆ।)

ਵਿਦਿਆ ਵਿਭਾਗ ਪਟਿਆਲਾ

ਨੰ. 33-6 ਜੀ/65, ਤ੍ਰੀਕ 30.05.99/14.09.42

ਇਸ ਦਫ਼ਤਰ ਦੇ ਸਰਕੂਲਰ ਨੰ. 45 ਮਿਤੀ 04/04/1999 ਦੇ ਸਿਲਸਿਲੇ ਵਿਚ ਸਬੰਧਤਾਂ ਨੂੰ ਗਿਆਤ ਕਰਾਇਆ ਜਾਂਦਾ ਹੈ ਕਿ ਇਜਲਾਸ ਖ਼ਾਸ ਪ੍ਰਸੰਨਤਾ ਪੂਰਬਕ ਹੁਕਮ ਫਰਮਾਉਂਦੇ ਹਨ (ਆਪਣੇ ਹੁਕਮ ਨੰ. 1433/290 ਏ.ਆਰ. 99, ਮਿਤੀ 29-08-42 ਦੁਆਰਾ) ਕਿ ਪੰਜਾਬੀ ਸਭ ਪ੍ਰਾਇਮਰੀ ਤੇ ਮਿਡਲ ਸਕੂਲਾਂ ਵਿਚ ਲਾਜ਼ਮੀ ਕੀਤੀ ਜਾਵੇ। ਅਤੇ ਰਿਆਸਤ ਦੇ ਸਭ ਹਾਈ ਸਕੂਲਾਂ ਦੇ ਪ੍ਰਾਇਮਰੀ ਤੇ ਮਿਡਲ ਭਾਗਾਂ ਵਿਚ ਵੀ, ਜਿਵੇਂ ਕਿ ਨਾਲ ਦਿੱਤੀ ਸਕੀਮ 'ਏ' ਹੈ।

ਨਾਲ ਦਿਤੀ ਸਕੀਮ (ਏ)

ਮੌਡਰਨ ਇੰਡੀਅਨ ਲੈਂਗਵੇਜਿਜ਼ (ਵਰਤਮਾਨ ਦੇਸੀ ਜ਼ਬਾਨਾਂ) ਵਿਚ ਰਿਆਸਤ ਦੇ ਮਿਡਲ ਸਟੈਂਡਰਡ ਪ੍ਰੀਖਿਆ ਦੀ ਸਕੀਮ ਸਬੰਧੀ ਹਦਾਇਤਾਂ:

1) ਲੜਕਿਆਂ ਦੇ ਸਾਰੇ ਸਕੂਲ ਸਵਾਏ ਜਿਹੜੇ ਨਾਰਨੌਲ ਤੇ ਪਹਾੜੀ ਜ਼ਿਲ੍ਹੇ ਵਿਚ ਹਨ—

(ਏ)	(ਬੀ)
ਪ੍ਰੈਮਰੀ ਦਰਜੇ ਦੀਆਂ ਸ਼੍ਰੇਣੀਆਂ ਪਹਿਲੀ ਤੋਂ ਚੌਥੀ 1999 ਤੋਂ	ਮਿਡਲ ਦਰਜੇ ਦੀਆਂ ਸ਼੍ਰੇਣੀਆਂ ਪੰਜਵੀਂ ਤੋਂ ਅੱਠਵੀਂ ਤੱਕ
1. ਪੰਜਾਬੀ ਅਤੇ ਸ਼੍ਰੇਣੀ	ਪੰਜਵੀਂ ਪੰਜਾਬੀ ਜ਼ਰੂਰੀ 1999 ਤੋਂ
2. ਹਿੰਦੀ ਜਾਂ ਉਰਦੂ	ਸ਼੍ਰੇਣੀ ਛੇਵੀਂ ਪੰਜਾਬੀ ਜ਼ਰੂਰੀ 2000 ਤੋਂ
	ਸ਼੍ਰੇਣੀ ਸਤਵੀਂ ਪੰਜਾਬੀ ਜ਼ਰੂਰੀ 2001 ਤੋਂ
	ਸ਼੍ਰੇਣੀ ਅਠਵੀਂ ਪੰਜਾਬੀ ਜ਼ਰੂਰੀ 2002 ਤੋਂ
	1. ਨੋਟ: 1999 ਤੋਂ ਅਰੰਭਕ ਲਿਖਣਾ ਪੜ੍ਹਨਾ ਛੇਵੀਂ, ਸਤਵੀਂ ਤੇ ਅਠਵੀਂ ਸ਼੍ਰੇਣੀ ਲਈ ਜ਼ਰੂਰੀ ਹੋਵੇਗਾ।
	2. ਦੂਜੀ ਦੇਸੀ ਵਰਤਮਾਨ ਬੋਲੀ ਹਿੰਦੀ ਜਾਂ

ਉਰਦੂ ਵਿਚੋਂ ਇਕ ਵਿਸ਼ਾ ਗ਼ੈਰ-ਜ਼ਰੂਰੀ
ਤੌਰ 'ਤੇ ਲਿਆ ਜਾਵੇ।

(2) ਨਾਰਨੌਲ ਅਤੇ ਪਹਾੜੀ ਜ਼ਿਲ੍ਹੇ ਵਿਚ

(ਏ)	(ਬੀ)
ਪ੍ਰੈਮਰੀ ਦਰਜੇ ਦੀਆਂ ਸ਼੍ਰੇਣੀਆਂ ਪਹਿਲੀ ਤੋਂ ਚੌਥੀ	ਮਿਡਲ ਦਰਜੇ ਦੀਆਂ ਸ਼੍ਰੇਣੀਆਂ ਪੰਜਵੀਂ ਤੋਂ ਅਠਵੀਂ
1. ਪੰਜਾਬੀ ਅਤੇ	
2. ਹਿੰਦੀ ਜਾਂ ਉਰਦੂ	ਸ਼੍ਰੇਣੀ ਪੰਜਵੀਂ ਪੰਜਾਬੀ ਜ਼ਰੂਰੀ 2002 ਤੋਂ
ਸ਼੍ਰੇਣੀ (1) 2000 ਤੋਂ	ਸ਼੍ਰੇਣੀ ਛੇਵੀਂ ਪੰਜਾਬੀ ਜ਼ਰੂਰੀ 2003 ਤੋਂ
ਸ਼੍ਰੇਣੀ (2) 2000 ਤੋਂ	ਸ਼੍ਰੇਣੀ ਸਤਵੀਂ ਪੰਜਾਬੀ ਜ਼ਰੂਰੀ 2004 ਤੋਂ
ਸ਼੍ਰੇਣੀ (3) 2000 ਤੋਂ	ਸ਼੍ਰੇਣੀ ਅਠਵੀਂ ਪੰਜਾਬੀ ਜ਼ਰੂਰੀ 2005 ਤੋਂ
ਸ਼੍ਰੇਣੀ (4) 2001 ਤੋਂ	

ਨੋਟ: ਦੂਜੀ ਦੇਸੀ ਵਰਤਮਾਨ ਮਾਦਰੀ ਬੋਲੀ ਉਰਦੂ ਜਾਂ ਹਿੰਦੀ ਵਿਚੋਂ ਕੋਈ ਇਕ ਗ਼ੈਰ ਜ਼ਰੂਰੀ ਤੌਰ 'ਤੇ ਲੈ ਸਕਦਾ ਹੈ।

ਕੇ.ਸੀ. ਬੋਸ
ਡਾਇਰੈਕਟਰ ਔਫ਼ ਪਬਲਿਕ ਇੰਸਟ੍ਰਕਸ਼ਨ,
ਪਟਿਆਲਾ

ਪ੍ਰਿਸ਼ਿਸ਼ਟ-3

ਸੱਚਰ ਫ਼ਰਮੂਲੇ ਦਾ ਵੇਰਵਾ :

(ੳ) ਪੰਜਾਬ ਨੂੰ ਪੰਜਾਬੀ ਅਤੇ ਹਿੰਦੀ ਬੋਲਣ ਵਾਲੇ ਖੇਤਰਾਂ ਵਿਚ ਵੰਡ ਲਿਆ ਗਿਆ।

(ਅ) ਪੰਜਾਬੀ ਖੇਤਰ ਵਿਚ ਲੜਕਿਆਂ ਦੇ ਸਾਰੇ ਸਕੂਲਾਂ ਵਿਚ ਮੈਟ੍ਰਿਕ ਪੱਧਰ ਤਕ ਗੁਰਮੁਖੀ ਲਿਪੀ ਵਿਚ ਪੰਜਾਬੀ ਦੀ ਪੜ੍ਹਾਈ ਜ਼ਰੂਰੀ ਕਰਾਰ ਦਿੱਤੀ ਗਈ। ਲੜਕਿਆਂ ਦੇ ਸਕੂਲਾਂ ਵਿਚ ਪ੍ਰਾਇਮਰੀ ਭਾਗ ਦੀ ਆਖ਼ਰੀ ਜਮਾਤ ਤੋਂ ਮੈਟ੍ਰਿਕ ਪੱਧਰ ਤਕ ਅਤੇ ਲੜਕੀਆਂ ਦੇ ਸਕੂਲਾਂ ਵਿਚ ਕੇਵਲ ਮਿਡਲ ਜਮਾਤਾਂ ਵਿਚ ਦੇਵ ਨਾਗਰੀ ਲਿਪੀ ਵਿਚ ਹਿੰਦੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਕਰਾਰ ਦਿੱਤੀ ਗਈ। ਸਰਕਾਰੀ ਨਗਰਪਾਲਿਕਾ ਜਾਂ ਜ਼ਿਲ੍ਹਾ ਬੋਰਡਾਂ ਦੇ ਸਕੂਲਾਂ ਵਿਚ ਜੇ ਬੱਚੇ ਦੇ ਮਾਤਾ-ਪਿਤਾ ਇਲਾਕਾਈ ਮਾਤ-ਭਾਸ਼ਾ ਦੀ ਥਾਂ ਹਿੰਦੀ ਵਿਚ ਆਪਣੇ ਬੱਚੇ ਨੂੰ ਸਿਖਿਆ ਦੇਣੀ ਚਾਹੁਣ ਅਤੇ ਉੱਥੇ ਜੇ ਸਾਰੇ ਸਕੂਲ ਵਿਚ ਅਜਿਹੇ ਬੱਚਿਆਂ ਦੀ ਗਿਣਤੀ ਚਾਲੀ ਹੋਵੇ ਜਾਂ ਇਕ ਜਮਾਤ ਵਿਚ ਦਸ ਹੋਵੇ ਤਾਂ ਉਨ੍ਹਾਂ ਲਈ ਲੋੜੀਂਦਾ ਪ੍ਰਬੰਧ ਕਰਨਾ ਜ਼ਰੂਰੀ ਹੋਵੇਗਾ।

(ੲ) ਹਿੰਦੀ ਖੇਤਰ ਵਿਚ ਲੜਕਿਆਂ ਦੇ ਸਾਰੇ ਸਕੂਲਾਂ ਵਿਚ ਮੈਟ੍ਰਿਕ ਪੱਧਰ ਤਕ ਦੇਵਨਾਗਰੀ ਲਿਪੀ ਵਿਚ ਹਿੰਦੀ ਦੀ ਪੜ੍ਹਾਈ ਲਾਜ਼ਮੀ ਕਰਾਰ ਦਿੱਤੀ ਗਈ। ਲੜਕਿਆਂ ਦੇ ਸਕੂਲ ਵਿਚ ਪ੍ਰਾਇਮਰੀ ਭਾਗ ਦੀ ਆਖ਼ਰੀ ਜਮਾਤ ਤੋਂ ਮੈਟ੍ਰਿਕ ਪੱਧਰ ਤਕ ਅਤੇ ਲੜਕੀਆਂ ਦੇ ਸਕੂਲਾਂ ਵਿਚ ਕੇਵਲ ਮਿਡਲ ਜਮਾਤਾਂ ਵਿਚ ਪੰਜਾਬੀ ਪੜ੍ਹਾਈ ਜਾਣੀ ਲਾਜ਼ਮੀ ਕਰ ਦਿੱਤੀ ਗਈ। ਪਰ ਸਰਕਾਰੀ ਨਗਰਪਾਲਿਕਾ ਜਾਂ ਜ਼ਿਲ੍ਹਾ ਬੋਰਡ ਦੇ ਸਕੂਲਾਂ ਵਿਚ ਜੇ ਬੱਚੇ ਦੇ ਮਾਤਾ-ਪਿਤਾ ਇਲਾਕਾਈ ਮਾਤ-ਭਾਸ਼ਾ ਦੀ ਥਾਂ ਪੰਜਾਬੀ ਵਿਚ ਆਪਣੇ ਬੱਚਿਆਂ ਨੂੰ ਸਿਖਿਆ ਦੇਣੀ ਚਾਹੁਣ ਅਤੇ ਉੱਥੇ ਜੇ ਸਾਰੇ ਸਕੂਲ ਵਿਚ ਅਜਿਹੇ ਬੱਚਿਆਂ ਦੀ ਗਿਣਤੀ ਚਾਲੀ ਹੋਵੇ ਜਾਂ ਇਕ ਜਮਾਤ ਵਿਚ ਦਸ ਹੋਵੇ ਤਾਂ ਉਨ੍ਹਾਂ ਲਈ ਲੋੜੀਂਦਾ ਪ੍ਰਬੰਧ ਕਰਨਾ ਜ਼ਰੂਰੀ ਹੋਵੇਗਾ। ਪਰੰਤੂ ਖੇਤਰੀ ਭਾਸ਼ਾ ਲੜਕਿਆਂ ਦੇ ਸਕੂਲ ਵਿਚ ਛੇਵੀਂ ਜਮਾਤ ਤੋਂ ਇਕ ਲਾਜ਼ਮੀ ਭਾਸ਼ਾ ਵਜੋਂ ਪੜ੍ਹਾਈ ਜਾਵੇਗੀ।

(ਸ) ਸੈਕੰਡਰੀ ਸਟੇਜ ਵਿਚ ਸਿਖਿਆਰਥੀ ਦੀ ਪੜ੍ਹਾਈ ਦਾ ਮਾਧਿਅਮ ਹਿੰਦੀ/ ਪੰਜਾਬੀ ਹੋਵੇਗਾ। ਕੁਲ ਸਿਖਿਆਰਥੀਆਂ ਦਾ ਤੀਜਾ ਹਿੱਸਾ ਹਿੰਦੀ/ ਪੰਜਾਬੀ ਵਿਚ ਪੜ੍ਹਾਈ ਲਈ ਬੇਨਤੀ ਕਰੇ ਤਾਂ ਸਰਕਾਰੀ ਪੜ੍ਹਾਈ ਦੀ

ਮੰਗ ਦਾ ਪ੍ਰਬੰਧ ਕਰੇਗੀ। ਜੇਕਰ ਤੀਜਾ ਹਿੱਸਾ ਸਿਖਿਆਰਥੀ ਇਸ ਦੀ ਇੱਛਾ ਰੱਖਦੇ ਹੋਣ ਬਸ਼ਰਤੇ ਕਿ ਉਸ ਇਲਾਕੇ ਵਿਚ ਹਿੰਦੀ ਪੰਜਾਬੀ ਵਿਚ ਪੜ੍ਹਾਈ ਲਈ ਕੋਈ ਮੁਨਾਸਬ ਸਹੂਲਤਾਂ ਨਾ ਹੋਣ ਜੇਕਰ ਤੀਜਾ ਹਿੱਸਾ ਸਿਖਿਆਰਥੀਆਂ ਦੀ ਇਹ ਸ਼ਰਤ ਪੂਰੀ ਨਹੀਂ ਹੁੰਦੀ ਤਾਂ ਫੇਰ ਸੈਕੰਡਰੀ ਸਟੇਜ ਵਿਚ ਪੜ੍ਹਾਈ ਦੇ ਮਾਧਿਅਮ ਵਜੋਂ ਖੇਤਰੀ ਭਾਸ਼ਾ ਵਿਚ ਵਿੱਦਿਆ ਦੇਣ ਦੀ ਸਹੂਲਤ ਦੇ ਪ੍ਰਬੰਧ ਲਈ ਹਿੰਦੀ ਬੋਲਦੇ ਅਤੇ ਪੰਜਾਬੀ ਬੋਲਦੇ ਸਿਖਿਆਰਥੀਆਂ ਨੂੰ ਸੈਕੰਡਰੀ ਸਟੇਜ ਦੇ ਪਹਿਲੇ ਦੋ ਸਾਲਾਂ ਲਈ ਹਿੰਦੀ ਪੰਜਾਬੀ ਵਿਚ ਸਵਾਲਾਂ ਦੇ ਜਵਾਬ ਦੇਣ ਦੀ ਖੁੱਲ੍ਹ ਦਿੱਤੀ ਜਾਵੇਗੀ, ਫਿਰ ਵੀ ਖੇਤਰੀ ਭਾਸ਼ਾ ਸੈਕੰਡਰੀ ਸਟੇਜ ਦੌਰਾਨ ਜਮਾਤਾਂ ਵਿਚ ਪੜ੍ਹਾਈ ਦਾ ਇਕ ਲਾਜ਼ਮੀ ਵਿਸ਼ਾ ਹੋਵੇਗਾ।

(ਹ) ਸਰਕਾਰੀ ਇਮਦਾਦ ਤੋਂ ਬਿਨਾਂ ਚੱਲਣ ਵਾਲੇ ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਉਸ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਨਿਰਧਾਰਿਤ ਕੀਤਾ ਜਾਏਗਾ। ਕਿਸੇ ਵੀ ਹੋਰ ਮਾਧਿਅਮ ਲਈ ਸਹੂਲਤਾਂ ਮੁਹੱਈਆ ਕਰਨਾ ਇਨ੍ਹਾਂ ਸਕੂਲਾਂ ਲਈ ਕੋਈ ਮਜਬੂਰੀ ਨਹੀਂ ਹੋਵੇਗੀ। ਪਰੰਤੂ ਇਕ ਜਾਂ ਦੂਜੀ ਭਾਸ਼ਾ ਵਜੋਂ ਵੱਖ-ਵੱਖ ਤਰ੍ਹਾਂ ਦੇ ਦੋਹਾਂ ਕੇਸਾਂ ਵਿਚ ਪੰਜਾਬੀ ਜਾਂ ਹਿੰਦੀ ਪੜ੍ਹਾਉਣ ਦੀ ਵਿਵਸਥਾ ਕਰਨਾ ਇਨ੍ਹਾਂ ਸਕੂਲਾਂ ਦੀ ਜ਼ਿੰਮੇਵਾਰੀ ਹੋਵੇਗੀ।

(ਕ) ਇਹ ਤਜਵੀਜ਼ਾਂ ਉਨ੍ਹਾਂ ਸਿਖਿਆਰਥੀਆਂ ਉੱਤੇ ਲਾਗੂ ਨਹੀਂ ਹੁੰਦੀਆਂ, ਜਿਨ੍ਹਾਂ ਦੀ ਮਾਤ-ਭਾਸ਼ਾ ਨਾ ਪੰਜਾਬੀ ਹੈ, ਨਾ ਹਿੰਦੀ। ਜੇਕਰ ਇਕ ਜਗ੍ਹਾ ਅਜਿਹੇ ਸਿਖਿਆਰਥੀਆਂ ਦੀ ਇਕ ਮੁਨਾਸਿਬ ਗਿਣਤੀ ਹੈ ਤਾਂ ਉਨ੍ਹਾਂ ਦੀ ਮਾਤ-ਭਾਸ਼ਾ ਵਿਚ ਉਨ੍ਹਾਂ ਨੂੰ ਵਿੱਦਿਆ ਦੇਣ ਲਈ ਢੁਕਵੇਂ ਪ੍ਰਬੰਧ ਕੀਤੇ ਜਾਣਗੇ।

ਮਿਆਰੀਕਰਣ ਅਤੇ ਪੰਜਾਬੀ ਮਿਆਰੀਕਰਣ ਦੀਆਂ ਸਮੱਸਿਆਵਾਂ

ਮਿਆਰੀ ਭਾਸ਼ਾ ਤੋਂ ਭਾਵ ਕਿਸੇ ਭਾਸ਼ਾ ਸਮੂਹ ਦੇ ਉਸ ਭਾਸ਼ਾ ਰੂਪ ਤੋਂ ਹੈ, ਜਿਹੜਾ ਉਸ ਭਾਸ਼ਾ ਦੇ ਹੋਰ ਸਾਰੇ ਭਾਸ਼ਾ ਰੂਪਾਂ ਨੂੰ ਮਿਆਰੀ ਰੂਪ ਵਿਚ ਪ੍ਰਵਾਨ ਹੋਵੇ ਅਰਥਾਤ ਉਸ ਭਾਸ਼ਾ ਦੇ ਬੋਲਣਹਾਰੇ ਉਸ ਭਾਸ਼ਾ ਰੂਪ ਦੀ ਵਰਤੋਂ ਦੂਸਰੀ ਭਾਸ਼ਾ ਦੇ ਬੋਲਣਹਾਰਿਆਂ ਨਾਲ ਕਰਨ ਵੇਲੇ ਗੌਰਵ ਮਹਿਸੂਸ ਕਰਨ। ਇਸ ਤਰ੍ਹਾਂ ਮਿਆਰੀ ਭਾਸ਼ਾ ਦੀ ਪਛਾਣ ਸਮਾਜਕ ਗੌਰਵ (Social prestige) ਦੇ ਰੂਪ ਵਿਚ ਕੀਤੀ ਜਾਂਦੀ ਹੈ। ਮਿਆਰੀ ਭਾਸ਼ਾ ਦੀ ਸੰਕਲਪਨਾ ਮੁੱਖ ਰੂਪ ਵਿਚ ਸਮਾਜਕ ਹੈ ਸੰਰਚਨਾਤਮਕ ਨਹੀਂ। ਇਸ ਤੋਂ ਦੇਸ਼ ਦੀ ਰਾਜਧਾਨੀ ਜਾਂ ਕਿਸੇ ਹੋਰ ਮਹੱਤਵਪੂਰਣ ਕੇਂਦਰ ਦੇ ਪੜ੍ਹੇ ਲਿਖੇ ਜਾਂ ਸਮਾਜਕ ਦ੍ਰਿਸ਼ਟੀ ਤੋਂ ਮਹੱਤਵਪੂਰਣ ਲੋਕਾਂ ਦੀ ਬੋਲੀ ਨੂੰ ਸਾਧਾਰਣ ਰੂਪ ਵਿਚ ਮਿਆਰੀ ਭਾਸ਼ਾ ਦਾ ਨਾਂ ਦਿੱਤਾ ਜਾਂਦਾ ਹੈ।[1] ਸੌਖੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਸਮਾਜ ਦੇ ਕੁਲੀਨ ਵਰਗ ਦੀ ਭਾਸ਼ਾ ਨੂੰ ਹੀ ਮਿਆਰੀ ਭਾਸ਼ਾ ਦਾ ਦਰਜਾ ਦਿੱਤਾ ਜਾਂਦਾ ਹੈ।

ਸੰਰਚਨਤਾਮਕ ਦ੍ਰਿਸ਼ਟੀ ਤੋਂ ਮਿਆਰੀ ਭਾਸ਼ਾ ਵੀ ਆਪਣੀ ਭਾਸ਼ਾ ਦੇ ਵਿਭਿੰਨ ਰੂਪਾਂ ਵਿਚੋਂ ਇਕ ਰੂਪ ਅਰਥਾਤ ਇਕ ਬੋਲੀ ਹੀ ਹੁੰਦੀ ਹੈ। ਖੇਤਰੀ ਅਤੇ ਸਮਾਜਕ ਬੋਲੀਆਂ (Social dialects) ਭਾਵੇਂ ਕੁਝ ਖੇਤਰਾਂ ਵਿਚ ਉਚਿਤ ਮੰਨੀਆਂ ਜਾ ਸਕਦੀਆਂ ਹਨ, ਪਰ ਭਾਸ਼ਾ, ਦੇ ਉਤਮ ਰੂਪ ਅਤੇ ਆਦਰਸ਼ਕ ਪ੍ਰਤਿਮਾਨ ਦੇ ਤੌਰ ਤੇ ਭਾਸ਼ਾ ਸਮੁਦਾਏ (Speech Community) ਵਿਚ ਵਿਆਪਕ ਪੱਧਰ ਤੇ ਕਿਸੇ ਇਕ ਵੰਨਗੀ ਦੇ ਪ੍ਰਵਾਨ ਹੋਣ ਦੀ ਪ੍ਰਕਿਰਿਆ ਹੀ ਭਾਸ਼ਾ ਦਾ ਮਿਆਰੀਕਰਣ ਹੈ। ਮਿਆਰੀ ਬਣਦੇ ਹੀ ਕੋਈ ਬੋਲੀ ਆਪਣੀਆਂ ਬੋਲੀ ਵਾਲੀਆਂ ਵਿਸ਼ੇਸ਼ਤਾਵਾਂ ਤੋਂ ਵਿਛੁੰਨੀ ਜਾਂਦੀ ਹੈ ਅਤੇ ਉਹ ਖੇਤਰੀ ਤੋਂ ਅਖੇਤਰੀ ਵਲ ਦਾ ਸਫਰ ਸ਼ੁਰੂ ਕਰ ਦਿੰਦੀ ਹੈ। ਇਸ ਪ੍ਰਕਿਰਿਆ ਵਿਚ ਇਕ ਸਥਿਤੀ ਅਜਿਹੀ ਵੀ ਆਉਂਦੀ ਹੈ, ਜਦੋਂ ਉਹ ਬੋਲੀ ਵਿਸ਼ੇਸ਼ ਨਹੀਂ ਰਹਿ ਜਾਂਦੀ ਅਤੇ ਇਸ ਕਾਰਣ ਕੁਝ ਖਾਸ ਪਰਿਸਥਿਤੀਆਂ ਵਿਚ ਉਹ ਸੀਮਿਤ ਲੋਕਾਂ ਦੀ ਮਾਤ ਭਾਸ਼ਾ ਵੀ ਨਹੀਂ ਰਹਿ ਜਾਂਦੀ।

ਮਿਆਰੀਕਰਣ ਦਾ ਸੰਕਲਪ ਪ੍ਰਤਿਮਾਨਕ ਬੋਲੀ ਦੀ ਇਕਰੂਪਤਾ ਨੂੰ ਵਿਕਸਿਤ ਕਰਨ ਦੇ ਵਿਚਾਰਾਂ ਨਾਲ ਵੀ ਜੁੜਿਆ ਹੋਇਆ ਹੈ। ਮਿਆਰੀਕਰਣ ਵਿਚ ਪ੍ਰਤਿਮਾਨ ਦਾ ਸਪਸ਼ਟ ਕੋਡ ਬੰਧਨ, ਭਾਸ਼ਾ ਦੇ ਲੇਖਣ ਸਿਸਟਮ ਦੀ ਪਛਾਣ, ਸ਼ਬਦ ਭੰਡਾਰ

ਦਾ ਵਿਸਥਾਰ ਅਤੇ ਕਿਸੇ ਇਕ ਭਾਸ਼ਾ ਦੇ ਮੁਕਾਬਲੇ ਦੂਸਰੀ ਭਾਸ਼ਾ ਨੂੰ ਰਾਜ ਭਾਸ਼ਾ ਜਾ ਰਾਸ਼ਟਰ ਭਾਸ਼ਾ (National language) ਦੇ ਤੌਰ 'ਤੇ ਚੁਣੇ ਜਾਣਾ ਵੀ ਸ਼ਾਮਲ ਕੀਤਾ ਜਾਂਦਾ ਹੈ। ਜਰਨਿਉਡ ਅਤੇ ਦਾਸ ਗੁਪਤਾ ਨੇ ਭਾਸ਼ਾ ਦੇ ਮਿਆਰੀਕਰਣ ਤੋਂ ਭਾਵ ਭਾਸ਼ਾ ਵਿਚ ਵੱਧ ਤੋਂ ਵੱਧ ਇਕਰੂਪਤਾ (uniformity) ਲੈਂਦੇ ਹੋਏ, ਮਿਆਰੀਕਰਣ ਨੂੰ ਆਧੁਨਿਕੀਕਰਣ (modernization) ਨਾਲ ਜੋੜਿਆ ਹੈ। ਆਧੁਨਿਕੀਕਰਣ ਦੇ ਰਾਹ ਤੇ ਪਈ ਭਾਸ਼ਾ ਦਾ ਮਿਆਰੀਕਰਣ ਵੱਲ ਵੱਧਣਾ ਇਕ ਸੁਭਾਵਕ ਪ੍ਰਕਿਰਿਆ ਹੈ। ਆਧੁਨਿਕੀਕਰਣ ਅਤੇ ਭਾਸ਼ਾ ਦੇ ਆਪਸੀ ਸਬੰਧ ਨੂੰ ਹੇਠਾਂ ਅੰਕੇ ਰੇਖਾ-ਚਿਤਰ ਰਾਹੀਂ ਵੀ ਸਪਸ਼ਟ ਕੀਤਾ ਜਾ ਸਕਦਾ ਹੈ:[2]

ਆਧੁਨਿਕੀਕਰਣ

ਮਿਆਰੀਕਰਣ — ਭਾਸ਼ਾ

ਮਿਆਰੀ ਭਾਸ਼ਾ ਦੀਆਂ ਜੜ੍ਹਾਂ ਬੋਲ-ਚਾਲ ਦੀ ਭਾਸ਼ਾ (Colloquial) ਵਿਚ ਹੁੰਦੀਆਂ ਹਨ। ਮਿਆਰੀ ਭਾਸ਼ਾ ਬੋਲ-ਚਾਲ ਦੀ ਭਾਸ਼ਾ ਵਿਚੋਂ ਜਨਮ ਲੈ ਕੇ ਵੀ ਉਸ ਤੋਂ ਜ਼ਿਆਦਾ ਢੁਕਵੀਂ, ਸੁਲਝੀ ਹੋਈ, ਵਧੇਰੇ ਪ੍ਰਗਟਾਊ ਸ਼ਕਤੀ ਦੀ ਮਾਲਕ, ਉਚੇਰੀ ਅਤੇ ਸੂਖਮ ਹੁੰਦੀ ਹੈ। ਭਾਸ਼ਾ ਵਿਕਾਸ (Language development) ਦੇ ਵਿਭਿੰਨ ਰੂਪਾਂ ਨੂੰ ਹੇਠ ਲਿਖੇ ਪੌੜੀ-ਪ੍ਰਬੰਧ (Hierarchy) ਦੁਆਰਾ ਵੀ ਦਰਸਾਇਆ ਜਾ ਸਕਦਾ ਹੈ:

ਗੰਵਾਰ ਬੋਲੀ

↓

ਨਿਮਨ ਵਰਗ ਦੇ ਵਿਅਕਤੀਆਂ ਦੀ ਬੋਲ-ਚਾਲ ਦੀ ਬੋਲੀ

↓

ਬੋਲ-ਚਾਲ ਦਾ ਮਿਆਰੀ ਰੂਪ

↓

ਵਾਰਤਕ ਅਤੇ ਕਵਿਤਾ ਵਿਚ ਵਰਤੇ ਗਏ ਭਾਸ਼ਾ ਰੂਪ

↓

ਰਜਿਸਟਰ, ਡਾਈਗਲੋਸੀਆ, ਟਰਾਈਗਲੋਸੀਆ, ਮਲਟੀਗਲੋਸੀਆ ਤੇ ਹੋਰ ਭਾਸ਼ਾ ਸ਼ੈਲੀਆਂ

↓

ਗਿਆਨ ਅਤੇ ਤਕਨਾਲੋਜੀ ਵਿਚਲੀ ਭਾਸ਼ਾ

↓

ਭਾਸ਼ਾ ਦੇ ਵਿਗਿਆਨ ਅਤੇ ਤਕਨਾਲੋਜੀ ਦਾ ਹੋਰ ਭਾਸ਼ਾਵਾਂ ਵਿਚ ਅਨੁਵਾਦ

ਸਮੁੱਚੇ ਤੌਰ 'ਤੇ ਖੇਤਰੀ ਜਾਂ ਸਮਾਜਕ ਬੋਲੀਆਂ ਵਿਚੋਂ ਕਿਸੇ ਇਕ ਬੋਲੀ ਨੂੰ ਆਦਰਸ਼

ਮੰਨ ਕੇ ਰਾਜਸੀ, ਸਾਹਿਤਕ ਅਤੇ ਵਿਦਿਅਕ ਕੰਮਾਂ ਲਈ ਵਰਤੋਂ ਅਤੇ ਸਮੂਹਕ ਸੰਚਾਰ ਸਿਲਸਿਲੇ ਨੂੰ ਸਹਿਜ ਬਣਾਉਣ ਲਈ ਭਾਸ਼ਾ ਦੇ ਵਾਕ ਵਿਗਿਆਨ (Syntax), ਰੂਪ ਵਿਗਿਆਨ (morphology), ਸ਼ਬਦਾਵਲੀ (Lexicon), ਸ਼ਬਦ ਜੋੜ (Spelling) ਅਤੇ ਲਿੱਪੀ (Script) ਆਦ ਵਿਚ ਵੱਧ ਤੋਂ ਵੱਧ ਇਕਰੂਪਤਾ ਲਿਆਉਣ ਦੀ ਪ੍ਰਕਿਰਿਆ ਮਿਆਰੀਕਰਣ ਹੈ।

ਅਖੇਤਰੀ ਅਤੇ ਅਬੋਲੀ ਬਣਨਾ ਵੀ ਮਿਆਰੀ ਭਾਸ਼ਾ ਲਈ ਜ਼ਰੂਰੀ ਹੈ। ਕਿਉਂਕਿ ਮਿਆਰੀ ਭਾਸ਼ਾ ਕਿਸੇ ਇਕ ਖੇਤਰੀ ਬੋਲੀ ਨਾਲੋਂ ਜ਼ਿਆਦਾ ਵਿਸ਼ਾਲ ਖੇਤਰ ਵਿਚ ਵਰਤੀ ਜਾਂਦੀ ਹੈ ਅਤੇ ਉਸ ਨੂੰ ਇਕ ਸਮੂਹ ਵਿਸ਼ੇਸ਼ ਦੀ ਬੋਲੀ ਦੀ ਸਾਧਾਰਣ ਵਰਤੋਂ ਨਾਲੋਂ ਜ਼ਿਆਦਾ ਸਮੂਹਾਂ ਦੇ ਵਿਭਿੰਨ ਪੱਧਰਾਂ 'ਤੇ ਵਰਤੋਂ ਵਿਚ ਆਉਣਾ ਪੈਂਦਾ ਹੈ। ਇਸ ਲੋੜ ਦੇ ਕਾਰਣ ਮਿਆਰੀ ਭਾਸ਼ਾ ਦੀ ਪ੍ਰਕਿਰਤੀ ਦਾ ਵਿਕਾਸ ਦੋ ਉਲਟ ਦਿਸ਼ਾਵਾਂ (opposite direction) ਵੱਲ ਹੁੰਦਾ ਹੈ। ਇਸ ਪ੍ਰਕਿਰਿਆ ਦਾ ਉਦੇਸ਼ ਅੰਤਰਿਕ (internal) ਅਰਥਾਤ ਸੰਰਚਨਾਤਮਕ ਦ੍ਰਿਸ਼ਟੀ (structural view) ਤੋਂ ਜੋੜ-ਪ੍ਰਬੰਧ (Structural cohesion) ਅਤੇ ਬਾਹਰੀ ਅਰਥਾਤ ਵਰਤੋਂ ਦੀ ਦ੍ਰਿਸ਼ਟੀ ਤੋਂ ਖੇਤਰ ਵਿਸਥਾਰ ਤੋਂ ਹੈ। ਸੰਰਚਨਾਤਮਕ ਜੋੜ-ਪ੍ਰਬੰਧ ਦੇ ਕਾਰਣ ਹੀ ਵਿਸ਼ਾਲ ਖੇਤਰ ਵਿਚ ਵਰਤੀ ਜਾਣ ਤੇ ਵੀ ਉਸ ਵਿਚ ਇਕਰੂਪਤਾ ਹੋ ਸਕਦੀ ਹੈ। ਵਰਤੋਂ ਖੇਤਰ ਦੀ ਵਿਸ਼ਾਲਤਾ ਕਾਰਣ ਉਹ ਜੀਵਨ ਨਾਲੋਂ ਜੁੜੇ ਹੋਏ ਵਿਭਿੰਨ ਭਾਸ਼ਾਈ ਵਰਤਾਰਿਆਂ ਨਾਲ ਸੌਖੀ ਬਣਦੀ ਹੈ। ਇਸ ਤਰ੍ਹਾਂ ਸੰਰਚਨਾ ਦੀ ਬਹੁਰੂਪਤਾ ਦ੍ਰਿਸ਼ਟੀ ਤੋਂ ਜ਼ਿਆਦਾਤਰ ਇਕਰੂਪਤਾ ਅਤੇ ਬਾਹਰੀ ਜਾਂ ਵਰਤੋਂ ਵਿਹਾਰ ਦੀ ਦ੍ਰਿਸ਼ਟੀ ਤੋਂ ਜ਼ਿਆਦਾਤਰ ਬਹੁਰੂਪਤਾ ਪ੍ਰਾਪਤ ਕਰਨਾ ਮਿਆਰੀ ਭਾਸ਼ਾ ਦਾ ਮੁਖ ਉਦੇਸ਼ ਹੈ।

ਸੰਚਰਨਾਤਮਕ ਇਕਰੂਪਤਾ ਦਾ ਆਦਰਸ਼ ਰੂਪ ਤਾਂ ਉਹ ਹੈ ਜਿਸ ਵਿਚ ਕਿਸੇ ਸ਼ਬਦ ਦਾ ਇਕ ਹੀ ਉਚਾਰਣ ਅਤੇ ਇਕ ਹੀ ਵਰਤਨੀ ਰੂਪ ਹੋਵੇ। ਹਰੇਕ ਸ਼ਬਦ ਲਈ ਇਕ ਭਿੰਨ ਸ਼ਬਦ ਅਤੇ ਹਰ ਸ਼ਬਦ ਦਾ ਇਕ ਅਰਥ ਹੋਵੇ ਅਤੇ ਸਾਰੇ ਕਥਨਾਂ ਲਈ ਵਿਵਾਦ-ਰਹਿਤ ਇਕ ਹੀ ਵਿਆਕਰਣਕ ਢਾਂਚਾ ਹੋਵੇ। ਇਹ ਤਾਂ ਹੀ ਸੰਭਵ ਹੈ ਜੇ ਭਾਸ਼ਾ ਸਥਿਰ ਹੋਵੇ ਅਰਥਾਤ ਉਸ ਵਿਚ ਕਿਸੇ ਪ੍ਰਕਾਰ ਦਾ ਭਾਸ਼ਾਈ ਪਰਿਵਰਤਨ ਨਾ ਹੋਵੇ। ਇਹ ਸਥਿਤੀ ਵਿਹਾਰ ਦੀ ਦ੍ਰਿਸ਼ਟੀ ਤੋਂ ਸੰਭਵ ਨਹੀਂ ਕਿਉਂਕਿ ਕਿਸੇ ਵੀ ਜੀਵਿਤ ਭਾਸ਼ਾ ਲਈ ਅਪਰਵਰਤਨਸ਼ੀਲ ਰਹਿਣਾ ਲਾਹੇਵੰਦ ਨਹੀਂ, ਵਰਤੋਂ ਦੀ ਸੀਮਾਂ ਨਿਸ਼ਚਿਤ ਕਰਨਾ ਤਾਂ ਉਕਾ ਹੀ ਸੰਭਵ ਨਹੀਂ ਕਿਉਂਕਿ ਜਿਥੋਂ ਤੱਕ ਮਨੁੱਖਾਂ ਦੇ ਵਿਚਾਰ ਅਤੇ ਚਿੰਤਨ ਦੀ ਸੀਮਾ ਹੈ ਉਥੋਂ ਤੱਕ ਭਾਸ਼ਾ ਦੀ।


ਸੰਰਚਨਾਤਮਕ ਇਕ-ਰੂਪਤਾ ਅਤੇ ਵਰਤੋਂ ਵਿਹਾਰ ਵਿਚ ਬਹੁ-ਰੂਪਤਾ ਦੀਆਂ ਪਰਸਪਰ ਵਿਰੋਧੀ ਪ੍ਰਵਿਰਤੀਆਂ ਕਦੀ ਕਦੀ ਇਕ ਦੂਸਰੇ ਦੀ ਗਤੀ ਵਿਚ ਰੁਕਾਵਟ ਪੈਦਾ ਕਰ ਦੇਂਦੀਆਂ ਹਨ। ਰੂਪ ਜਾਂ ਸੰਰਚਨਾ ਦੀ ਸਥਿਰਤਾ ਭਾਸ਼ਾ ਦੇ ਬਾਹਰੀ ਵਿਹਾਰ ਨੂੰ ਸੀਮਤ ਕਰ ਸਕਦੀ ਹੈ ਜਾਂ ਵਰਤੋਂ ਵਿਹਾਰ ਦਾ ਵਿਸਥਾਰ ਸੰਰਚਨਾ

ਦੀ ਇਕਰੂਪਤਾ ਨੂੰ ਖੰਡਿਤ ਕਰ ਸਕਦਾ ਹੈ। ਪਹਿਲੀ ਸਥਿਤੀ ਦੀ ਉਦਾਹਰਣ ਸੰਸਕ੍ਰਿਤ ਹੈ, ਜਿਸ ਨੂੰ ਲੋਕ ਵਿਹਾਰ ਤੋਂ ਇਸ ਲਈ ਹਟਣਾ ਪਿਆ ਕਿਉਂਕਿ ਉਸਦੀ ਰਚਨਾ ਸੰਜੋਗਾਤਮਕ (Synthetic) ਬਣ ਗਈ ਸੀ। ਦੂਸਰੀ ਸਥਿਤੀ ਦਾ ਉਦਾਹਰਣ ਹਿੰਦੀ ਹੈ ਜਿਸ ਵਿਚ ਖੇਤਰ ਵਿਸਥਾਰ ਕਾਰਣ ਸੰਰਚਨਾਮਕ ਏਕਤਾ ਭੰਗ ਹੋਈ ਹੈ। ਕਿਤੇ ਉਹ ਬੰਬਈਆਂ ਹਿੰਦੀ ਹੈ, ਕਿਤੇ ਕਲਕੱਤੀਆ, ਦਿੱਲੀ ਵਿਚ ਪੰਜਾਬੀਪਨ ਨਾਲ ਭਰੀ ਹੋਈ ਹੈ ਅਤੇ ਬਨਾਰਸ ਤੇ ਬਲੀਆ ਵਿਚ ਪੂਰਬੀਪਨ ਨਾਲ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਮਿਆਰੀ ਭਾਸ਼ਾ ਲਈ ਵਿਚਲਾ ਰਸਤਾ ਅਪਨਾਉਣਾ ਜ਼ਰੂਰੀ ਹੈ, ਜਿਸ ਤੋਂ ਇਹ ਇਕਰੂਪਤਾ (ਸੰਰਚਨਾ ਦੀ ਦ੍ਰਿਸ਼ਟੀ ਤੋਂ) ਅਤੇ ਬਹੁਰੂਪਤਾ (ਵਰਤੋਂ ਵਿਹਾਰ ਦੀ ਦ੍ਰਿਸ਼ਟੀ ਤੋਂ) ਦੇ ਦੂਹਰੇ ਉਦੇਸ਼ ਨੂੰ ਪ੍ਰਾਪਤ ਕਰ ਸਕੇ।

ਇਸ ਦੋਹਰੇ ਉਦੇਸ਼ ਦੀ ਪ੍ਰਾਪਤੀ ਲਈ ਮਿਆਰੀ ਭਾਸ਼ਾ ਵਿਚ ਸਥਿਰ ਪਰਿਣਾਮ ਵਾਲੇ ਲਚਕੀਲੇਪਨ (Constant flexibility) ਅਤੇ ਨਿਆਂਈਕ੍ਰਿਤ (rationality) ਦੇ ਗੁਣ ਹੋਣੇ ਚਾਹੀਦੇ ਹਨ, ਜਿਸ ਤੋਂ ਸਭਿਆਚਾਰਕ ਪਰਿਵਰਤਨਾਂ ਦੇ ਅਨੁਕੂਲ ਉਹ ਆਪਣੇ ਆਪ ਨੂੰ ਢਾਲ ਸਕੇ ਅਤੇ ਆਧੁਨਿਕ ਉਦਯੋਗਿਕ ਬਹੁ-ਧਰਮੀ (multi-religion), ਬਹੁ-ਜਾਤੀ (multi-racial) ਅਤੇ ਬਹੁ ਭਾਸ਼ੀ (multi-lingual) ਸਮਾਜ ਵਿਚ ਹੋਰ ਭਾਸ਼ਾਵਾਂ ਦੇ ਨਾਲ ਨਾਲ ਵਿਸ਼ੈਗਤ ਅਤੇ ਸ਼ੈਲੀਗਤ ਦ੍ਰਿਸ਼ਟੀ ਤੋਂ ਆਦਾਨ ਪ੍ਰਦਾਨ ਦਾ ਅਜਿਹਾ ਸੰਪਰਕ ਸਥਾਪਿਤ ਕਰ ਸਕੇ। ਇਸ ਨੂੰ ਪਰਸਪਰ ਅਨੁਵਾਦਿਕਤਾ (translatibility) ਦਾ ਨਾਂ ਦਿੱਤਾ ਜਾ ਸਕਦਾ ਹੈ।[4]

ਮਿਆਰੀਕਰਣ ਦੇ ਚਾਰ ਮੁੱਖ ਬਿੰਦੂ ਹਨ-ਪ੍ਰਤੀਮਾਨ ਦੀ ਚੋਣ, ਰੂਪ ਨਿਸ਼ਚਿਤ ਕਰਨਾ, ਪ੍ਰਕਾਰਜ ਦਾ ਵਿਸਥਾਰ, ਲੋਕ ਪ੍ਰਵਾਨਗੀ।[5] ਇਸ ਨੂੰ ਹੇਠਾਂ ਅੰਕ ਰੇਖਾ ਚਿਤਰ ਦੁਆਰਾ ਵੀ ਦਰਸਾਇਆ ਜਾ ਸਕਦਾ ਹੈ:



ਮਿਆਰੀਕਰਣ ਦੀ ਪ੍ਰਕਿਰਿਆ ਉਸ ਸਮੇਂ ਸ਼ੁਰੂ ਹੁੰਦੀ ਹੈ, ਜਦੋਂ ਕਿਸੇ ਭਾਸ਼ਾ ਦੇ ਵਿਭਿੰਨ ਰੂਪਾਂ (ਬੋਲੀਆਂ) ਵਿਚੋਂ ਕਿਸੇ ਇਕ ਰੂਪ ਨੂੰ ਮਿਆਰੀ ਬਣਾਉਣ ਲਈ

ਚੁਣ ਲਿਆ ਜਾਂਦਾ ਹੈ। ਇਸ ਚੋਣ ਦੇ ਅਨੇਕਾਂ ਕਾਰਣ ਹੋ ਸਕਦੇ ਹਨ—ਰਾਜਨੀਤਕ ਦਬਾਅ, ਧਰਮ ਦਾ ਆਸਰਾ, ਸਾਹਿਤ ਦੀ ਉਚਤਾ ਆਦ। ਜਿਵੇਂ ਅੱਜ ਕੱਲ੍ਹ ਪੰਜਾਬ ਦੀ ਰਾਜਨੀਤੀ ਵਿਚ ਮਾਲਵੇ ਦੀ ਬਹੁ-ਗਿਣਤੀ ਹੋਣ ਕਾਰਣ ਅਤੇ ਮਾਲਵਾ ਖੇਤਰ ਕੇ ਕੁਝ ਲੇਖਕਾਂ ਦੁਆਰਾ ਸੁਚੇਤ ਰੂਪ ਵਿਚ ਮਲਵਈ ਦੀ ਵਧੇਰੇ ਵਰਤੋਂ ਕਾਰਣ ਮਲਵਈ ਬੋਲੀ ਨੂੰ ਕੇਂਦਰੀ ਭਾਸ਼ਾ ਬਣਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸੇ ਤਰ੍ਹਾਂ ਪਾਕਿਸਤਾਨ ਵਿਚ ਉਰਦੂ ਨੂੰ ਧਰਮ ਦਾ ਆਸਰਾ ਦੇ ਕੇ ਕੌਮੀ ਜ਼ਬਾਨ ਵਜੋਂ ਪ੍ਰਵਾਨਿਆ ਗਿਆ ਹੈ। ਇਸ ਤਰ੍ਹਾਂ ਉਨ੍ਹਾਂ ਨੇ ਇਸੇ ਰੁਚੀ ਅਧੀਨ ਪੰਜਾਬੀ ਭਾਸ਼ਾ ਨੂੰ ਫ਼ਾਰਸੀ ਲਿੱਪੀ ਵਿਚ ਲਿਖਣ ਦੀ ਰਵਾਇਤ ਨੂੰ ਕਾਇਮ ਰਖਿਆ ਹੈ।

ਚੋਣ ਤੋਂ ਬਾਅਦ ਸਬੰਧਿਤ ਬੋਲੀ ਵਿਚ ਵਰਤੋਂ-ਵਿਸਥਾਰ ਸ਼ੁਰੂ ਹੋ ਜਾਂਦਾ ਹੈ, ਜਿਸ ਦੇ ਨਤੀਜੇ ਵਜੋਂ ਉਹ ਕਿਸੇ ਖੇਤਰ ਵਿਸ਼ੇਸ਼ ਦੀ ਬੋਲੀ ਨਾ ਰਹਿ ਕੇ ਅਖੇਤ੍ਰੀ ਬਣ ਜਾਂਦੀ ਹੈ। ਤਦੋਂ ਉਸ ਨੂੰ ਪੂਰਾ ਭਾਸ਼ਾ ਸਮੁਦਾਏ ਗੌਰਵ ਦੇ ਪ੍ਰਤੀਕ ਵਜੋਂ ਸਵੀਕਾਰ ਕਰ ਲੈਂਦਾ ਹੈ।

ਮਿਆਰੀ ਭਾਸ਼ਾ ਲਈ ਭਾਸ਼ਾ ਦੇ ਕਿਸ ਰੂਪ ਨੂੰ ਚੁਣਿਆ ਜਾਵੇ ਇਸ ਲਈ ਕੋਈ ਵਿਸ਼ੇਸ਼ ਬੰਧਨ ਨਹੀਂ। ਉਦਾਹਰਣ ਵਜੋਂ ਫਿਨਲੈਂਡ (Finaland) ਵਿਚ ਮਿਆਰੀ ਭਾਸ਼ਾ ਦਾ ਆਧਾਰ ਉਥੋਂ ਦੀ ਇਕ ਬੋਲੀ ਨੂੰ ਬਣਾਇਆ ਗਿਆ ਹੈ, ਜਦ ਕਿ ਇਸਰਾਈਲ ਵਿਚ ਕਲਾਸੀਕਲ ਭਾਸ਼ਾ ਹਿਬਰੂ (Hebrew) ਨੂੰ ਮਿਆਰੀ ਭਾਸ਼ਾ ਦੇ ਰੂਪ ਵਿਚ ਗ੍ਰਹਿਣ ਕੀਤਾ ਗਿਆ ਹੈ।

ਮਿਆਰੀ ਭਾਸ਼ਾ ਦੇ ਵਿਕਾਸ ਲਈ ਬੋਲੀਆਂ ਨੂੰ ਅਵੱਸ਼ਕ ਰੂਪ ਵਿਚ ਕੁਝ ਬਲੀਦਾਨ ਕਰਨਾ ਪੈਂਦਾ ਹੈ ਕਿਉਂਕਿ ਉਨ੍ਹਾਂ ਨੂੰ ਆਪਣਾ ਖੇਤਰ ਸੀਮਿਤ ਹੀ ਰੱਖਣਾ ਪੈਂਦਾ ਹੈ। ਜੇਕਰ ਉਨ੍ਹਾਂ ਦੇ ਖੇਤਰ ਦਾ ਵਿਸਥਾਰ ਹੋਣ ਲੱਗੇ ਤਾਂ ਉਨ੍ਹਾਂ ਦੇ ਬੋਲਣਹਾਰਿਆਂ ਦੀ ਭਾਸ਼ਾਈ ਵਫ਼ਾਦਰੀ (Linguistic Loyalty) ਮਿਆਰੀ ਦੇ ਪ੍ਰਤੀ ਨਾ ਹੋ ਕੇ ਉਸ ਬੋਲੀ ਵਿਸ਼ੇਸ਼ ਦੇ ਪ੍ਰਤੀ ਹੋਣ ਲੱਗਦੀ ਹੈ ਅਤੇ ਉਹ ਮਿਆਰੀ ਭਾਸ਼ਾ ਨੂੰ ਸਮਾਜਕ ਗੌਰਵਤਾ ਦਾ ਪ੍ਰਤੀਕ ਮੰਨਣ ਤੋਂ ਇਨਕਾਰੀ ਹੋ ਸਕਦੇ ਹਨ। ਇਹ ਗੱਲ ਮਿਆਰੀ ਭਾਸ਼ਾ ਦੇ ਰਸਤੇ ਵਿਚ ਰੁਕਾਵਟ ਪੈਦਾ ਕਰਦੀ ਹੈ।

ਭਾਸ਼ਾ ਦੇ ਮਿਆਰੀਕਰਣ ਅਤੇ ਲੇਖਣ ਸਿਸਟਮ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਲੇਖਣ ਭਾਸ਼ਾ ਨੂੰ ਨਾ ਕੇਵਲ ਸਥਿਰਤਾ ਅਤੇ ਪਾਏਦਾਰੀ ਪ੍ਰਦਾਨ ਕਰਦਾ ਹੈ, ਸਗੋਂ ਲੇਖਣ ਤੋਂ ਭਾਸ਼ਾ ਦੇ ਸੰਰਚਨਾਤਮਕ ਜੋੜ-ਪ੍ਰਬੰਧ ਜਾਂ ਆਕਾਰ ਦੀ ਇਕਰੂਪਤਾ ਬਣਾਉਣ ਅਤੇ ਕਾਇਮ ਰੱਖਣ ਵਿਚ ਬੜੀ ਸਹਾਇਤਾ ਮਿਲਦੀ ਹੈ। ਮਿਆਰੀ ਭਾਸ਼ਾ ਦਾ ਲਿਖਿਤ ਰੂਪ ਆਦਰਸ਼ ਰੂਪ ਬਣ ਕੇ ਉਚਾਰਨ ਦੀਆਂ ਭਿੰਨਤਾਵਾਂ ਨੂੰ ਕੰਟਰੋਲ ਕਰਨ ਵਿਚ ਸਹਾਇਤਾ ਪ੍ਰਦਾਨ ਕਰਦਾ ਹੈ। ਮਿਆਰੀ ਭਾਸ਼ਾ ਵਿਚ ਵਰਤੋਂ-ਵਿਹਾਰ ਦੀ ਬਹੁਰੂਪਤਾ ਅਤੇ ਬਹੁਲਤਾ ਵੀ ਲੇਖਣ ਦੇ ਮਾਧਿਅਮ

ਤੋਂ ਆਉਂਦੀ ਹੈ, ਇਸ ਲਈ ਸਾਧਾਰਣ ਰੂਪ ਵਿਚ ਭਾਸ਼ਾ ਦਾ ਲਿਖਤ ਰੂਪ ਹੀ ਮਿਆਰੀ ਕਹਿਲਾਉਂਦਾ ਹੈ।

ਲੇਖਣ ਦੇ ਮਾਧਿਅਮ ਤੋਂ ਹੀ ਮਿਆਰੀ ਭਾਸ਼ਾ ਵਿਕਾਸ ਦੇ ਵਿਭਿੰਨ ਪੱਧਰਾਂ ਨੂੰ ਪਾਰ ਕਰਦੀ ਹੈ। ਮਿਆਰੀ ਭਾਸ਼ਾ ਦੇ ਸਬੰਧ ਵਿਚ ਜਦੋਂ ਵਿਕਾਸ ਸ਼ਬਦ ਵਰਤਿਆ ਜਾਂਦਾ ਹੈ, ਤਦ ਉਸ ਦਾ ਉਦੇਸ਼ ਵਰਤੋਂ-ਵਿਹਾਰ ਦੇ ਵਿਸਥਾਰ ਤੋਂ ਹੁੰਦਾ ਹੈ। ਲੇਖਣ ਦੇ ਪ੍ਰਸੰਗ ਵਿਚ ਭਾਸ਼ਾ ਵਿਕਾਸ ਦੀ ਪ੍ਰਕਿਰਿਆ ਦਾ ਵਿਵੇਚਨ ਕਰਦੇ ਹੋਏ ਕਲੌਸ (Kloss) ਦਾ ਕਹਿਣਾ ਹੈ ਕਿ ਆਰੰਭ ਵਿਚ ਇਹ ਭਾਸ਼ਾ ਲੋਕ ਸਾਹਿਤ ਅਤੇ ਹਾਸ ਵਿਅੰਗ ਦਾ ਮਾਧਿਅਮ ਰਹਿੰਦੀ ਹੈ, ਉਸ ਤੋਂ ਬਾਅਦ ਉਸ ਵਿਚ ਗੀਤ ਦੀ ਰਚਨਾ ਆਰੰਭ ਹੁੰਦੀ ਹੈ। ਇਸ ਤੋਂ ਬਾਅਦ ਸਾਧਾਰਣ ਵਾਰਤਕ ਅਤੇ ਗੰਭੀਰ ਵਾਰਤਕ ਦੀ ਰਚਨਾ ਹੁੰਦੀ ਹੈ ਅਤੇ ਵਿਕਾਸ ਦੀ ਅੰਤਿਮ ਪੱਧਰ ਵਿਗਿਆਨਕ ਤਕਨੀਕੀ ਰਚਨਾਵਾਂ ਅਤੇ ਸ਼ਾਸਨ ਪ੍ਰਬੰਧ ਵਿਚ ਵਰਤੋਂ ਹੈ।[6]

ਫਰਗੂਸਨ[7] (Ferguson) ਨੇ ਮਿਆਰੀ ਅਤੇ ਲੇਖਣ ਦੇ ਦੋ ਬਿੰਦੂਆਂ ਦੇ ਆਧਾਰ ਤੇ ਮਿਆਰੀ ਭਾਸ਼ਾ ਦੇ ਵਿਕਾਸ ਨੂੰ ਦੇਖਣ ਦਾ ਜਤਨ ਕੀਤਾ ਹੈ। ਉਸ ਨੇ ਮਿਆਰੀਕਰਣ ਦੇ ਤਿੰਨ (St. 0.12.) ਅਤੇ ਲੇਖਣ ਦੇ ਚਾਰ ਬਿੰਦੂਆਂ (W 0.12. 3.) ਦੇ ਆਧਾਰ ਤੇ ਇਸ ਵਿਕਾਸ ਨੂੰ ਮਾਪਣ ਦਾ ਜਤਨ ਕੀਤਾ ਹੈ। ਸ਼ੁਨ (0) ਮਿਆਰੀਕਰਣ ਦਾ ਅਰਥ ਹੈ ਕਿ ਭਾਸ਼ਾ ਦੀ ਵਰਤੋਂ ਸਾਧਾਰਣ ਵਿਹਾਰ ਤਕ ਸੀਮਿਤ ਹੈ ਅਤੇ ਸ਼ੁਨ (0) ਲੇਖਣ ਇਸ਼ਾਰਾ ਕਰਦਾ ਹੈ ਕਿ ਭਾਸ਼ਾ ਦੀ ਲਿਖਤ ਰੂਪ ਵਿਚ ਵਰਤੋਂ ਨਾ-ਮਾਤਰ ਹੀ ਹੈ। ਮਿਆਰੀਕਰਣ (1) ਸੂਚਿਤ ਕਰਦਾ ਹੈ ਕਿ ਭਾਸ਼ਾ ਦੇ ਇਕ ਤੋਂ ਜ਼ਿਆਦਾ ਮਿਆਰੀ ਰੂਪ ਹਨ ਅਤੇ ਲੇਖਣ (1) ਦਾ ਅਰਥ ਹੈ ਕਿ ਭਾਸ਼ਾ ਦੀ ਵਰਤੋਂ ਸਾਰੇ ਸਾਧਾਰਣ ਲਿਖਤੀ ਕੰਮਾਂ ਵਿਚ ਹੁੰਦੀ ਹੈ। ਮਿਆਰੀਕਰਣ ਦਾ ਬਿੰਦੂ (2) ਮਿਆਰੀ ਭਾਸ਼ਾ ਦੇ ਇਕ ਰੂਪ ਵਲ ਇਸ਼ਾਰਾ ਕਰਦਾ ਹੈ, ਜਿਹੜਾ ਰੂਪ ਸਾਧਾਰਣ ਪਰਿਵਰਤਨਾਂ ਨਾਲ ਸਾਰੇ ਪੱਧਰਾਂ ਤੇ ਵਰਤਿਆ ਜਾਂਦਾ ਹੈ ਅਤੇ ਲੇਖਣ ਬਿੰਦੂ (2) ਇਸ਼ਾਰਾ ਕਰਦਾ ਹੈ ਕਿ ਭਾਸ਼ਾ ਦੀ ਵਰਤੋਂ ਵਿਭਿੰਨ ਵਿਗਿਆਨਕ ਰਚਨਾਵਾਂ ਅਤੇ ਖੋਜ ਕਾਰਜ ਲਈ ਹੋ ਰਹੀ ਹੈ। ਲੇਖਣ ਬਿੰਦੂ (3) ਸੂਚਿਤ ਕਰਦਾ ਹੈ ਕਿ ਮਿਆਰੀ ਭਾਸ਼ਾ ਦੀਆਂ ਵਿਗਿਆਨਕ ਅਤੇ ਤਕਨੀਕੀ ਰਚਨਾਵਾਂ ਦਾ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋ ਰਿਹਾ ਹੈ।

ਫਰਗੂਸਨ ਨੇ ਮਿਆਰੀ ਭਾਸ਼ਾ ਲਈ ਚਾਰ ਮੁੱਖ ਲਛਣਾਂ ਦਾ ਵੀ ਵਰਣਨ ਕੀਤਾ ਹੈ।[8]

ਮਿਆਰੀ ਭਾਸ਼ਾ ਦਾ ਆਧਾਰ ਕਿਸੇ ਉਘੇ ਸ਼ਹਿਰੀ ਕੇਂਦਰ ਵਿਚ ਰਹਿੰਦੀ ਪੜ੍ਹੀ ਲਿਖੀ ਮੱਧ ਸ਼੍ਰੇਣੀ ਦੀ ਬੋਲੀ ਹੋਣਾ ਚਾਹੀਦਾ ਹੈ।

ਮਿਆਰੀ ਕ੍ਰਿਤ ਭਾਸ਼ਾ ਲਿਖਣ ਮਾਧਿਅਮ ਵਿਚ ਕਿਸੇ ਦੂਸਰੀ ਭਾਸ਼ਾ ਨਾਲੋਂ ਵੱਖਰੀ ਹੋਣੀ ਚਾਹੀਦੀ ਹੈ।

ਇਕ ਲੇਖਕ ਜਾਂ ਕੁਝ ਲੇਖਕਾਂ ਨੂੰ ਮਿਲ ਕੇ ਮਿਆਰੀਕ੍ਰਿਤ ਭਾਸ਼ਾ ਲਈ ਸਾਹਿਤਿਕ ਵਰਤੋਂ ਦਾ ਪ੍ਰਵਾਨ ਯੋਗ ਮਾਡਲ ਬਣਾਉਣਾ ਚਾਹੀਦਾ ਹੈ।

ਮਿਆਰੀ ਕ੍ਰਿਤ ਭਾਸ਼ਾ ਧਾਰਮਿਕ ਜਾਂ ਕੌਮੀ ਪਛਾਣ (National identity) ਦੇ ਪ੍ਰਤੀਕ ਵਜੋਂ ਹੋਣੀ ਚਾਹੀਦੀ ਹੈ।

ਉਪਰ ਅਸਾਂ ਮਿਆਰੀਕਰਣ ਦੇ ਕੁਝ ਸਿਧਾਂਤਕ ਪਹਿਲੂਆਂ ਤੇ ਵਿਚਾਰ ਕੀਤੀ ਹੈ। ਇਸੇ ਸੰਦਰਭ ਵਿਚ ਹੁਣ ਅਸੀਂ ਪੰਜਾਬੀ ਦੇ ਮਿਆਰੀਕਰਣ ਦੀਆਂ ਮੁੱਖ ਸਮੱਸਿਆਵਾਂ ਨੂੰ ਵਿਚਾਰਨ ਦਾ ਜਤਨ ਕਰਾਂਗੇ।

ਪੰਜਾਬੀ ਭਾਸ਼ਾ ਬਹੁਤ ਵਿਸ਼ਾਲ ਭੂਗੋਲਕ ਖੇਤਰ (Geographical are) ਵਿਚ ਫੈਲੀ ਹੋਈ ਹੈ। ਇਸ ਦੀਆਂ ਕਈ ਬੋਲੀਆਂ ਹਨ, ਜਿਵੇਂ ਮਾਝੀ, ਮਲਵਈ, ਦੁਆਬੀ, ਰਾਠੀ, ਭਟਿਆਣੀ, ਕਾਂਗੜੀ, ਪੋਠੋਹਾਰੀ, ਪੁਆਧੀ, ਲਹਿੰਦੀ ਆਦ ਪੰਜਾਬੀ ਭਾਸ਼ਾ ਦੇ ਧੁਰ ਜਨਮ ਤੋਂ ਲੈ ਕੇ ਕੇਂਦਰੀ ਅਰਥਾਤ ਮਿਆਰੀ ਭਾਸ਼ਾ-ਖੇਤਰ ਬਦਲਦਾ ਰਿਹਾ ਹੈ। ਇਤਿਹਾਸਕ ਹਵਾਲਿਆਂ ਤੋਂ ਜ਼ਾਹਰ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਬਾਰੇ ਭਰਵਾਂ ਸੰਕੇਤ ਕਰਨ ਦਾ ਪਹਿਲਾ-ਪਲੇਠਾ ਜਤਨ ਅਮੀਰ ਖੁਸਰੋ ਨੇ ਕੀਤਾ। ਉਸ ਨੇ ਪੰਜਾਬੀ ਨੂੰ ਲਾਹੌਰੀ ਜ਼ਬਾਨ ਕਿਹਾ ਹੈ ਪਰ ਇਸ ਤੋਂ ਕੁਝ ਚਿਰ ਮਗਰੋਂ ਅਬੁਲ ਫ਼ਜ਼ਲ ਨੇ ਪੰਜਾਬੀ ਨੂੰ 'ਮੁਲਤਾਨੀ' ਕਿਹਾ ਹੈ। ਇਤਿਹਾਸਕ ਸਰੋਤਾਂ ਤੋਂ ਵੀ ਪੰਜਾਬੀ ਦੇ ਦੋ ਕੇਂਦਰ ਲਾਹੌਰ ਅਤੇ ਮੁਲਤਾਨ ਸਾਬਤ ਹੁੰਦੇ ਹਨ। ਜੇਕਰ ਪੰਜਾਬੀ ਦੇ ਪੁਰਾਤਨ ਸਾਹਿਤਕ ਨਮੂਨਿਆਂ 'ਤੇ ਝਾਤ ਪਾਈਏ ਤਾਂ ਇਹ ਸਾਰੇ ਮੁਲਤਾਨੀ ਪੰਜਾਬੀ ਵਿਚ ਹੀ ਲਿਖੇ ਹੋਏ ਮਿਲਦੇ ਹਨ। ਮੁਲਤਾਨੀ ਜ਼ਬਾਨ ਨੂੰ ਪੰਜਾਬੀ ਸਾਹਿਤ ਦੇ ਮਾਧਿਅਮ ਦੇ ਤੌਰ ਤੇ ਕਈ ਸਦੀਆਂ ਤਕ ਵਰਤਿਆ ਜਾਂਦਾ ਰਿਹਾ ਹੈ ਅਤੇ ਇਹ ਚਿਰਕਾਲ ਤਕ ਪ੍ਰਮਾਣਕ ਬੋਲੀ ਰਹੀ ਹੈ। ਡਾ. ਹਰਦੇਵ ਬਾਹਰੀ ਦਾ ਇਹ ਕਥਨ ਬੜਾ ਵਜ਼ਨਦਾਰ ਜਾਪਦਾ ਹੈ ਕਿ ਇਉਂ ਜਾਪਦਾ ਹੈ ਜਿਵੇਂ ਮੁਲਤਾਨੀ ਉਸ ਸਮੇਂ ਦੀ ਸਾਹਿਤਿਕ ਭਾਸ਼ਾ ਸੀ ਤੇ ਕਵੀ ਭਾਵੇਂ ਲਾਹੌਰ ਦਾ ਹੋਵੇ ਭਾਵੇਂ ਗੁਜਰਾਤ (ਪਾਕਿਸਤਾਨ) ਦਾ, ਭਾਵੇਂ ਗੁਜਰਾਂਵਾਲੇ ਦਾ ਤੇ ਭਾਵੇਂ ਕਿਸੇ ਹੋਰ ਦਾ ਉਹ ਮੁਲਤਾਨੀ ਦੇ ਅਸਰ ਹੇਠ ਲਿਖਣਾ ਆਪਣੀ ਵਡਿਆਈ ਸਮਝਦਾ ਸੀ।[9]

ਇਸ ਤੋਂ ਸਪਸ਼ਟ ਹੈ ਕਿ ਪੰਜਾਬੀ ਦਾ ਪਹਿਲਾ ਕੇਂਦਰ ਮੁਲਤਾਨ ਹੀ ਰਿਹਾ ਹੈ ਅਤੇ ਮੁਲਤਾਨੀ ਬੋਲੀ ਹੀ ਸਾਹਿਤਕ ਪੰਜਾਬੀ ਦੇ ਤੌਰ ਤੇ ਪ੍ਰਵਾਨੀ ਜਾਂਦੀ ਰਹੀ ਹੈ ਪਰ ਮਹਿਮੂਦ ਗਜ਼ਨਵੀ ਦੇ ਹਮਲਿਆਂ ਨਾਲ ਖ਼ੈਬਰ, ਪਸ਼ੌਰ ਤੇ ਲਾਹੌਰ ਦਾ ਰਸਤਾ ਵਪਾਰਕ ਪੱਖ ਤੋਂ ਪ੍ਰਧਾਨ ਹੋ ਜਾਣ ਨਾਲ ਮੁਲਤਾਨ ਪਿਛੇ ਹੱਟ ਗਿਆ। ਇਸ ਦੇ ਨਾਲ ਹੀ ਬੋਲੀ ਤੇ ਸਾਹਿਤਕ ਪਰੰਪਰਾ ਦੇ ਪੱਖ ਤੋਂ ਹੌਲੀ ਹੌਲੀ ਮੁਲਤਾਨੀ ਨਾਲੋਂ ਕੇਂਦਰੀ ਪੰਜਾਬੀ ਅਰਥਾਤ ਲਾਹੌਰੀ ਦਾ ਮਾਣ ਵਧਣ ਲੱਗ ਪਿਆ। ਇਸ ਤਰ੍ਹਾਂ ਮੁਲਤਾਨੀ ਤੋਂ ਹੱਟ ਕੇ ਲਾਹੌਰੀ ਕੇਂਦਰੀ ਭਾਸ਼ਾ ਤਾਂ ਬਣ ਗਈ ਪਰ ਕੋਈ ਵਿਸ਼ੇਸ਼ ਪ੍ਰਫੁਲਤਾ ਹਾਸਲ ਨਾ ਕਰ ਸਕੀ।

19ਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ਾਂ ਨੇ ਲੁਧਿਆਣੇ ਵਿਚ ਫੌਜੀ ਛਾਉਣੀ ਸਥਾਪਤ ਕਰਕੇ ਮਲਵਈ ਬੋਲੀ ਵਿਚ ਈਸਾਈ ਮਤ ਦੀਆਂ ਪੁਸਤਕਾਂ ਪੰਜਾਬੀ ਕੋਸ਼ ਤੇ ਵਿਆਕਰਣ ਲਿਖਵਾਉਣੇ ਸ਼ੁਰੂ ਕਰ ਦਿੱਤੇ। ਗ੍ਰੀਅਰਸਨ ਨੇ ਵੀ ਲੁਧਿਆਣਵੀਂ (ਮਲਵਈ) ਬਾਰੇ ਵਿਸਥਾਰ ਨਾਲ ਲਿਖਿਆ ਹੈ।

ਪਰ ਸਿੱਖ ਰਾਜ ਦੇ ਖਾਤਮੇ 'ਤੇ ਲਾਹੌਰ ਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਉਪਰੰਤ ਸਾਹਿਤਕ ਪੰਜਾਬੀ ਦਾ ਕੇਂਦਰ ਮੁੜ ਕੇ ਮਾਝਾ ਬਣ ਗਿਆ। ਮਾਝੀ ਨੂੰ ਹੀ ਪੰਜਾਬੀ ਦੀ ਸਾਹਿਤਕ ਭਾਸ਼ਾ ਦਾ ਆਧਾਰ ਮਿੱਥ ਲਿਆ ਗਿਆ ਅਤੇ ਇਸ ਤਰ੍ਹਾਂ ਲਾਹੌਰ ਅੰਮ੍ਰਿਤਸਰ ਦੀ ਬੋਲੀ ਕੇਂਦਰੀ ਬਣ ਗਈ।

1947 ਵਿਚ ਪੰਜਾਬ ਦੀ ਵੰਡ ਉਪਰੰਤ ਮਾਝੀ ਦਾ ਖੇਤਰ ਦੋ ਹਿੱਸਿਆਂ ਵਿਚ ਵੰਡਿਆ ਗਿਆ। 'ਭਾਰਤੀ ਮਾਝੀ' ਬਿਲਕੁਲ ਸਰਹੱਦ ਤੇ ਖੜ੍ਹੀ ਹੈ। ਇਸ ਲਈ ਭਾਰਤੀ ਪੰਜਾਬ ਦਾ ਮੁੱਖ ਖੇਤਰ ਭੂਗੋਲਕ ਭਾਗ ਮਲਵਈ ਵਾਲੇ ਖੇਤਰ ਤੇ ਆ ਟਿਕਦਾ ਹੈ। ਹੁਣ ਤਾਂ ਸੁਚੇਤ ਤੌਰ ਤੇ ਮਲਵਈ ਨੂੰ ਕੇਂਦਰੀ ਪੰਜਾਬੀ ਬਣਾਉਣ ਦੇ ਜਤਨ ਕੀਤੇ ਜਾ ਰਹੇ ਹਨ। ਪਰ ਅਜੇ ਤਕ ਮਾਝੀ ਦੇ ਮੁਹਾਵਰੇ ਦੀ ਸਰਦਾਰੀ ਕਾਇਮ ਹੈ।

ਓਧਰ ਪਾਕਿਸਤਾਨੀ ਪੰਜਾਬ ਦੀਆਂ ਹਾਲਤਾਂ ਵੀ ਬਦਲਦੀਆਂ ਜਾ ਰਹੀਆਂ ਹਨ। ਉਸ ਪਾਰ ਸਾਹਿਤਕ ਅਤੇ ਵਿਦਿਅਕ ਮਾਧਿਅਮ ਵਜੋਂ ਲਹਿੰਦੀ ਪੰਜਾਬੀ ਨੂੰ ਮੁੜ ਅਪਣਾਇਆ ਜਾ ਰਿਹਾ ਹੈ ਅਤੇ ਬਹੁਤ ਸਾਰੀਆਂ ਵਾਰਤਕ ਲਿਖਤਾਂ ਮੁਲਤਾਨੀ ਮੁਹਾਵਰੇ ਵਿਚ ਅੰਕਿਤ ਹੋ ਰਹੀਆਂ ਹਨ।

ਕਿਰਿਆ ਰੂਪਾਂ ਦੀ ਇਕਸਾਰਤਾ ਤੇ ਸਥਿਰਤਾ ਭਾਸ਼ਾ ਦੇ ਮਿਆਰੀਕਰਣ ਦੀ ਲਾਜ਼ਮੀ ਸ਼ਰਤ ਹੈ, ਜਦੋਂ ਕਿ ਪੰਜਾਬੀ ਵਿਚ ਕਿਰਿਆ ਰੂਪ ਵਧੇਰੇ ਅੰਤਰ ਵਾਲੇ ਹਨ। ਸਹਾਇਕ ਕਿਰਿਆਵਾਂ, ਜਿਨ੍ਹਾਂ ਦੀ ਵਰਤੋਂ ਵੀ ਵਧੇਰੇ ਹੁੰਦੀ ਹੈ, ਵੱਖ ਵੱਖ ਬੋਲੀਆਂ ਵਿਚ ਵੱਖ ਵੱਖ ਤਰ੍ਹਾਂ ਵਰਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਪੰਜਾਬੀ ਵਿਚ ਭਵਿਖਤ ਕਿਰਿਆ ਰੂਪ ਵੀ ਸਥਿਰ ਨਹੀਂ। ਪੰਜਾਬੀ ਦੇ 80 ਫੀ ਸਦੀ ਦੇ ਕਰੀਬ ਕਿਰਿਆ ਰੂਪ ਭੂਤ ਕਿਰਦੰਤ ਤੇ ਵਰਤਮਾਨ ਕਿਰਦੰਤ ਨਾਲ ਬਣਦੇ ਹਨ। ਪੰਜਾਬੀ ਭਾਸ਼ਾ ਦੇ ਮਿਆਰੀਕਰਣ ਲਈ ਦੋਹਾਂ ਕਿਰਦੰਤਾਂ ਵਿਚ ਇਕਸਾਰਤਾ ਕਾਇਮ ਰੱਖਣੀ ਅਤੀ ਜ਼ਰੂਰੀ ਹੈ।

ਮਿਆਰੀ ਭਾਸ਼ਾ ਵਸਤੂਆਂ ਜਾਂ ਨਾਵਾਂ ਤੇ ਲਿੰਗਾਂ ਦੀ ਪ੍ਰਮਾਣਕਤਾ ਅਤੇ ਸਥਿਰੀਕਰਣ ਦੀ ਵੀ ਮੰਗ ਕਰਦੀ ਹੈ ਪਰ ਪੰਜਾਬੀ ਭਾਸ਼ਾ ਵਿਚ ਅਜਿਹਾ ਨਹੀਂ। ਵਿਭਿੰਨ ਬੋਲੀਆਂ ਵਿਚ ਇਨ੍ਹਾਂ ਦਾ ਫਰਕ ਹੈ। ਕਿਤੇ ਕਿਤੇ ਤਾਂ ਹੋਰ ਭਾਸ਼ਾਵਾਂ ਦੇ ਪ੍ਰਭਾਵ ਅਧੀਨ ਵਰਤੋਂ ਹੁੰਦੀ ਹੈ।

ਪੰਜਾਬੀ ਵਿਚ ਵਰਤੇ ਜਾਣ ਵਾਲੇ ਪੜਨਾਂਵ, ਸੰਬੋਧਕ, ਯੋਜਕ, ਸਹਾਇਕ ਕਿਰਿਆਵਾਂ, ਕਿਰਿਆ ਵਿਸ਼ੇਸ਼ਣ, ਸ਼ਬਦਾਂ ਦੀ ਗਿਣਤੀ ਭਾਵੇਂ ਥੋੜ੍ਹੀ ਹੈ ਪਰ ਵਰਤੋਂ

ਮਾਤਰਾ ਦੀ ਅਧਿਕਤਾ ਹੋਣ ਕਾਰਣ ਭਾਸ਼ਾ ਵਿਚ ਇਕਰੂਪਤਾ ਨਹੀਂ ਰਹਿੰਦੀ। ਕੁਝ ਸ਼ਬਦਾਂ ਦਾ ਪੰਜਾਬੀ ਵਿਚ ਪ੍ਰਮਾਣੀਕਰਣ ਹੀ ਨਹੀਂ। ਵੱਖ ਵੱਖ ਲੇਖਕ ਬੋਲੀਆਂ ਦੇ ਪ੍ਰਭਾਵ ਅਧੀਨ ਵਿਭਿੰਨ ਸ਼ਬਦ ਰੂਪ ਆਪਣੀਆਂ ਲਿਖਤਾਂ ਵਿਚ ਵਰਤਦੇ ਹਨ।

ਮਿਆਰੀ ਪੰਜਾਬੀ ਦੀ ਅਗਲੀ ਸਮੱਸਿਆ ਪੰਜਾਬੀ ਦੇ ਇਕ ਰੂਪ ਸਾਹਿਤਕ ਟਕਸਾਲੀ ਭਾਸ਼ਾ ਦੇ ਤੌਰ ਤੇ ਆਧੁਨਿਕ ਪੰਜਾਬੀ ਭਾਸ਼ਾ ਦੇ ਵਿਕਾਸ ਨਾਲ ਅਤੇ ਇਸ ਦੀ ਸ਼ਾਬਦਿਕ ਸਾਮੱਗ੍ਰੀ ਦੀ ਅਮੀਰੀ ਨਾਲ ਸਬੰਧਿਤ ਹੈ। ਨਵੇਂ ਗਿਆਨ, ਵਿਗਿਆਨ ਨੂੰ ਪ੍ਰਗਟਾਉਣ ਲਈ ਨਵੇਂ ਸ਼ਬਦਾਂ ਦੀ ਲੋੜ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਸੰਸਕ੍ਰਿਤ, ਹਿੰਦੀ, ਫ਼ਾਰਸੀ, ਉਰਦੂ, ਅੰਗਰੇਜ਼ੀ, ਪੁਰਤਗੇਜ਼ੀ, ਯੂਨਾਨੀ, ਤੁਰਕੀ, ਅਰਬੀ ਆਦ ਭਾਸ਼ਾਵਾਂ ਦੇ ਸ਼ਬਦ ਪੰਜਾਬੀ ਸ਼ਬਦ ਭੰਡਾਰ ਨੂੰ ਅਮੀਰ ਕਰਦੇ ਰਹੇ ਹਨ। ਬਹੁਤ ਜ਼ਿਆਦਾ ਮਾਤਰਾ ਵਿਚ ਤਤਸਮ ਸ਼ਬਦ ਗ੍ਰਹਿਣ ਕਰਨੇ ਵੀ ਕੋਈ ਅਕਲਮੰਦੀ ਨਹੀਂ, ਸਗੋਂ ਆਪਣੇ ਸ਼ਬਦ ਭੰਡਾਰ ਨੂੰ ਫੋਲ ਕੇ ਨਵੇਂ ਸ਼ਬਦ ਘੜਨੇ ਮਿਆਰੀਕਰਣ ਲਈ ਜ਼ਰੂਰੀ ਹਨ। ਪਰ ਪੰਜਾਬੀ ਵਿਚ ਅਜੇ ਇਸ ਤਰ੍ਹਾਂ ਦੀ ਰੁਚੀ ਦੀ ਵੱਡੀ ਘਾਟ ਹੈ।

ਪੰਜਾਬੀ ਦੇ ਮਿਆਰੀਕਰਣ ਦਾ ਅਗਲਾ ਮਸਲਾ ਸ਼ਬਦ ਜੋੜਾਂ ਤੇ ਸ਼ਬਦ ਰੂਪਾਂ ਵਿਚ ਇਕਸਾਰਤਾ ਕਾਇਮ ਕਰਨਾ ਹੈ। ਸ਼ਬਦ-ਜੋੜਾਂ ਦਾ ਸਬੰਧ ਲਿੱਪੀ ਨਾਲ ਵੀ ਹੁੰਦਾ ਹੈ ਤੇ ਲਿੱਪੀ ਸਬੰਧਿਤ ਭਾਸ਼ਾ ਦੇ ਮਿਆਰੀਕਰਣ ਵਿਚ ਵੱਡਮੁਲਾ ਯੋਗਦਾਨ ਪਾਉਂਦੀ ਹੈ। ਪੰਜਾਬੀ ਭਾਸ਼ਾ ਨੂੰ ਸ਼ਾਰਦਾ, ਟਾਕਰੀ, ਨਾਗਰੀ, ਫ਼ਾਰਸੀ, ਤੇ ਗੁਰਮੁਖੀ ਲਿੱਪੀ ਵਿਚ ਲਿਖਿਆ ਜਾਂਦਾ ਰਿਹਾ ਹੈ। ਪਰੰਤੂ ਪ੍ਰਾਪਤ ਲਿਖਤੀ ਸਾਹਿਤ ਫ਼ਾਰਸੀ, ਨਾਗਰੀ ਤੇ ਗੁਰਮੁਖੀ ਲਿੱਪੀ ਵਿਚ ਰਚਿਆ ਮਿਲਦਾ ਹੈ। ਉਂਜ ਗੁਰਮੁਖੀ ਲਿੱਪੀ ਨੂੰ ਗੁਰਮੁਖੀ ਨਾਂ ਦੇਣਾ ਵੀ ਉਚਿਤ ਨਹੀਂ ਜਾਪਦਾ ਕਿਉਂਕਿ ਮੂੰਹ ਵਿਚੋਂ ਕੇਵਲ ਭਾਸ਼ਾ ਉਚਾਰੀ ਜਾ ਸਕਦੀ ਹੈ ਲਿੱਪੀ ਨਹੀਂ ਜਦਕਿ ਗੁਰਮੁਖੀ ਦਾ ਅਰਥ ਭਾਵ ਗੁਰੂ ਦੇ ਮੁਖ ਤੋਂ ਹੈ। ਹੁਣ ਭਾਵੇਂ ਗੁਰਮੁਖੀ ਦਾ ਚਲਣ ਸਹਿਜ ਹੋ ਗਿਆ ਹੈ ਪਰ ਪਾਕਿਸਤਾਨ ਵਿਚ ਅਜੇ ਵੀ ਪੰਜਾਬੀ ਲਿਖਣ ਲਈ ਫ਼ਾਰਸੀ ਲਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਇਕੋ ਜ਼ਬਾਨ ਵਾਸਤੇ ਭਿੰਨ ਭਿੰਨ ਲਿੱਪੀਆਂ ਦੀ ਵਰਤੋਂ ਮਿਆਰੀਕਰਣ ਦੇ ਰਸਤੇ ਵਿਚ ਰੁਕਾਵਟਾਂ ਪੈਦਾ ਕਰਦੀ ਹੈ। ਸ਼ਬਦ ਜੋੜ ਤੇ ਸ਼ਬਦ ਰੂਪਾਂ ਬਾਰੇ ਕੁਝ ਕੰਮ ਪੰਜਾਬੀ ਵਿਚ ਹੋਏ ਹਨ ਪਰ ਸਭ ਤੋਂ ਵੱਡੀ ਮੁਸ਼ਕਲ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਦੀ ਹੈ।

ਭਾਸ਼ਾਵਾਂ ਦੇ ਮਿਆਰੀਕਰਣ ਦੇ ਰਾਹ ਵਿਚ ਇਕ ਮਸਲਾ ਇਹ ਵੀ ਹੈ ਕਿ ਅਖੰਡ ਧੁਨੀਆਂ ਜਿਵੇਂ ਟੋਨ, ਲੈਅ, ਦਬਾਅ ਆਦ ਨੂੰ ਅੰਕਿਤ ਨਹੀਂ ਕੀਤਾ ਜਾ ਸਕਦਾ, ਜਿਸ ਕਾਰਣ ਉਚਾਰਣ ਭੇਦ ਪੈਦਾ ਹੋ ਜਾਂਦੇ ਹਨ। ਪੰਜਾਬੀ ਵਿਚ ਇਹ ਸਮੱਸਿਆ ਵੱਖ ਵੱਖ ਪੱਧਰਾਂ, ਤੇ ਵਿਆਪਕ ਰੂਪ ਵਿਚ ਮੌਜੂਦ ਹੈ।

ਮਿਆਰੀ ਭਾਸ਼ਾ ਲੋਕ-ਬੋਲੀ ਵਿਚੋਂ ਉਤਪੰਨ ਹੁੰਦੀ ਹੈ ਭਾਵੇਂ ਕਿ ਉਸ ਤੋਂ

ਜ਼ਿਆਦਾ ਸੂਖਮ ਵਿਚਾਰ ਪ੍ਰਗਟਾਉਣ ਵਿਚ ਨਿਪੁੰਨ ਹੁੰਦੀ ਹੈ ਪਰ ਲੋਕ-ਬੋਲੀ ਨਾਲੋਂ ਆਪਣਾ ਨਾਤਾ ਤੋੜ ਕੇ ਜੀਵਿਤ ਨਹੀਂ ਰਹਿ ਸਕਦੀ। ਭਾਸ਼ਾ ਦਾ ਮਿਆਰੀਕਰਣ ਇਸ ਗੱਲ ਦੀ ਵੀ ਮੰਗ ਕਰਦਾ ਹੈ ਕਿ ਉਹ ਆਮ ਬੋਲ-ਚਾਲ ਦੀ ਬੋਲੀ ਨਾਲ ਲੈਣ-ਦੇਣ ਰਖੇ।

ਇਸੇ ਸਾਰੇ ਵਿਸ਼ਲੇਸ਼ਣ ਤੋਂ ਬਾਅਦ ਇਕ ਗੱਲ ਸਪਸ਼ਟ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਭਾਸ਼ਾ ਦੇ ਮਿਆਰੀਕਰਣ ਦੇ ਰਾਹ ਵਿਚ ਬਹੁਤ ਸਾਰੀਆਂ ਰੁਕਾਵਟਾਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਅਤੀ ਜ਼ਰੂਰੀ ਹੈ। ਅੱਜ ਕੱਲ੍ਹ ਕੁਝ ਸਮਾਜ ਭਾਸ਼ਾ ਵਿਗਿਆਨੀਆਂ (Sociolinguists) ਦਾ ਵਿਚਾਰ ਹੈ ਕਿ ਭਾਸ਼ਾ ਦਾ ਮਿਆਰੀਕਰਣ ਅਸਲ ਵਿਚ ਹੁੰਦਾ ਹੀ ਨਹੀਂ। ਵੱਖ ਵੱਖ ਸਥਿਤੀਆਂ ਤੇ ਸੰਦਰਭਾਂ ਵਿਚ ਆਧੁਨਿਕੀਕਰਣ ਦੇ ਨਾਲ ਨਾਲ ਭਾਸ਼ਾ ਵਿਕਾਸ ਕਰ ਜਾਂਦੀ ਹੈ, ਜਿਸ ਕਾਰਣ ਇਹੋ ਜਿਹੀਆਂ ਸਮੱਸਿਆਵਾਂ ਭਾਸ਼ਾ ਵਿਕਾਸ ਨਾਲ ਜੁੜ ਜਾਂਦੀਆਂ ਹਨ ਤੇ ਉਸ ਘੇਰੇ ਵਿਚ ਹੀ ਇਨ੍ਹਾਂ ਦਾ ਹੱਲ ਸੰਭਵ ਹੈ। ਪਰ ਇਹੋ ਜਿਹੀ ਸਥਿਤੀ ਅਜੇ ਪੰਜਾਬੀ ਵਿਚ ਪੈਦਾ ਨਹੀਂ ਹੋਈ। ਅਸੀਂ ਤਾਂ ਅਜੇ ਮਿਆਰੀਕਰਣ ਦੇ ਮੁੱਢਲੇ ਪੜਾਵਾਂ ਤੇ ਹਾਂ। ਮਿਆਰੀਕਰਣ ਦੀ ਇਹ ਪ੍ਰਕਿਰਿਆ ਬਹੁਤ ਲੰਬੇ ਅਰਸੇ ਤਕ ਗਤੀਸ਼ੀਲ ਰਹਿੰਦੀ ਹੈ। ਅਸੀਂ ਅਜੇ ਇਸ ਗਤੀਸ਼ੀਲਤਾ ਵਿਚੋਂ ਗੁਜ਼ਰ ਰਹੇ ਹਾਂ। ਅਜੇ ਪੰਜਾਬੀ ਨੂੰ ਬਹੁਤ ਸਾਰੇ ਹੋਰ ਪੱਧਰਾਂ ਤੇ ਲਾਗੂ ਕਰਨਾ ਹੈ, ਤਾਂ ਕਿ ਗਤੀਸ਼ੀਲਤਾ ਦੇ ਨਾਲ ਨਾਲ ਇਸ ਵਿਚ ਕਾਰਜਸ਼ੀਲਤਾ ਪੈਦਾ ਹੋ ਸਕੇ। ਇਹ ਕਾਰਜਸ਼ੀਲਤਾ ਹੀ ਇਸ ਨੂੰ ਭਾਸ਼ਾ ਵਿਕਾਸ ਤੇ ਆਧੁਨਿਕੀਕਰਣ ਦੀਆਂ ਬਰੂਹਾਂ ਤਕ ਲੈ ਜਾਏਗੀ। ਇਸ ਲਈ ਮਿਆਰੀਕਰਣ ਲਈ ਸਰਕਾਰੀ ਤੇ ਗ਼ੈਰ-ਸਰਕਾਰੀ ਜਤਨ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਇਸ ਸਮੱਸਿਆ ਨੂੰ ਹੱਲ ਕੀਤਾ ਜਾ ਸਕੇ।

ਹਵਾਲੇ ਤੇ ਪੁਸਤਕ ਸੂਚੀ

1. "Toward A Theory of Language Planning", Can Language Be Planned (ed. Joan Rubin B.H. Jernudd), An East-West Centre Book, The University Press of Hawaii, 1971, p. 204.
2. Paul L. Gravin, "The Standard Language Problem", Language in Culture and Society (ed. Dell Hymes), Harper and Row, New York, 1966, p. 521.
3. C.A. Ferguson, Language Structure and Language use. (S.U.P). Stanford, California 1971, p. 221.
4. Einer Haugen, "The Ecology of Language", (S.U.P), Stanford, California, 1971, p. 253.

5. "Die Eatwicklung Neuer", ਉਧਰਿਤ ਹਿੰਦੀ ਕਾ ਸਾਮਾਜਿਕ ਸੰਦਰਭ (ਸੰਪ. ਰਵੀਂਦਰਨਾਥ ਸ਼੍ਰੀ ਵਾਸਤਵ ਤੇ ਰਮਾਨਾਥ ਸਹਾਇ), ਕੇਂਦਰੀ ਹਿੰਦੀ ਸੰਸਥਾਨ, ਆਗਰਾ, 1976, ਪੰਨਾ 23.
6. Language Structure and Language Use (S.U.P), Stanford, California, 1971, p. 52-54.
7. Ibid, p. 226.
8. P.S. Ray, "Language Standardization" Readings in the Sociology of Language (ed. J.A. Fishman), Mouton Pub. The Hague, 1970, p. 756.
9. ਪੰਜਾਬੀ ਦੁਨੀਆ (ਉਪ ਭਾਸ਼ਾ ਵਿਸ਼ੇਸ਼ ਅੰਕ), ਮਹਿਕਮਾ ਪੰਜਾਬੀ, ਪਟਿਆਲਾ, ਅਕਤੂਬਰ–ਨਵੰਬਰ 1955, ਪੰਨਾ 37.

ਆਧੁਨਿਕੀਕਰਨ ਅਤੇ ਪੰਜਾਬੀ

ਵਰਤਮਾਨ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਸਥਾਨਕ ਭਾਸ਼ਾਵਾਂ ਦਾ ਰੋਲ ਮਹੱਤਵਪੂਰਨ ਹੋ ਗਿਆ ਹੈ। ਵਿਗਿਆਨ ਅਤੇ ਤਕਨਾਲੋਜੀ ਨੇ ਭਾਸ਼ਾਈ ਸੰਚਾਰ ਦੇ ਪ੍ਰਸੰਗ ਵਿਚ ਨਵੀਆਂ ਦਿਸ਼ਾਵਾਂ ਖੋਲ੍ਹ ਕੇ ਨਵੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ। ਇਨ੍ਹਾਂ ਚੁਣੌਤੀਆਂ ਵਿਚੋਂ ਇਕ ਆਧੁਨਿਕੀਕਰਨ ਦੀ ਚੁਣੌਤੀ ਹੈ, ਜਿਸਨੂੰ ਵਿਕਾਸਸ਼ੀਲ ਦੇਸ਼ਾਂ ਵਿਚ ਸਥਾਨਕ ਭਾਸ਼ਾਵਾਂ ਦੇ ਪ੍ਰਸੰਗ ਵਿਚ ਵਿਚਾਰਿਆ ਜਾ ਰਿਹਾ ਹੈ।

ਵਿਕਾਸਸ਼ੀਲ ਦੇਸ਼ਾਂ ਵਿਚ ਆਧੁਨਿਕੀਕਰਨ ਦੀ ਸਮੱਸਿਆ ਦਾ ਸੰਬੰਧ ਸਮਾਜਕ ਪ੍ਰਕਿਰਿਆ ਨਾਲ ਹੈ, ਜਿਸਦੇ ਆਸਰੇ ਸਮਾਜ ਆਧੁਨਿਕੀਕਰਨ ਦੇ ਉਦੇਸ਼ ਨੂੰ ਪੂਰਾ ਕਰਦਾ ਹੈ। ਪਰ ਸੁਆਲ ਇਹ ਹੈ ਕਿ ਇਹ ਆਧੁਨਿਕਤਾ ਹੈ ਕੀ? ਆਧੁਨਿਕੀਕਰਨ ਦੀ ਪ੍ਰਕਿਰਤੀ ਕੀ ਹੈ? ਆਧੁਨਿਕਤਾ ਕਿਉਂ ਜ਼ਰੂਰੀ ਹੈ? ਆਧੁਨਿਕੀਕਰਨ ਦੀ ਪ੍ਰਕਿਰਿਆ ਸਮਾਜ ਦੇ ਕਿਹੜੇ ਪਾਸਾਰਾਂ ਨੂੰ ਪ੍ਰਭਾਵਿਤ ਕਰਦੀ ਹੈ, ਜਿਸਦੇ ਕਾਰਣ ਸਮਾਜ ਆਧੁਨਿਕ ਬਣਦਾ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਆਧੁਨਿਕਤਾ ਆਪਣੀ ਪ੍ਰਕਿਰਿਆ ਵਿਚ ਪਰੰਪਰਾ ਤੋਂ ਤਬਦੀਲੀ ਦਾ ਨਾਂ ਹੈ। ਕੁਝ ਅਨੁਸਾਰ ਜੋ ਨਵਾਂ ਵਾਪਰਦਾ ਹੈ ਜਾਂ ਨਵੇਂ ਦੀ ਜੋ ਪਰੰਪਰਾ ਬਣਦੀ ਹੈ, ਉਹ ਆਧੁਨਿਕਤਾ ਹੈ। ਪਰ ਭਾਸ਼ਾਈ ਪ੍ਰਸੰਗ ਵਿਚ ਅਸੀਂ ਜਦੋਂ ਆਧੁਨਿਕ ਜਾਂ ਆਧੁਨਿਕਤਾ ਦੀ ਵਰਤੋਂ ਕਰਦੇ ਹਾਂ ਤਾਂ ਕੀ ਪਰੰਪਰਾ ਵਿਚ ਵਾਪਰੀ ਹਰ ਤਬਦੀਲੀ ਆਧੁਨਿਕ ਹੋ ਸਕਦੀ ਹੈ? ਇਸੇ ਤਰ੍ਹਾਂ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਹਰ ਨਵਾਂ ਜੋ ਪਰੰਪਰਾ ਦਾ ਹਿੱਸਾ ਬਣ ਜਾਂਦਾ ਹੈ, ਕੀ ਆਧੁਨਿਕ ਹੈ? ਕੀ ਆਧੁਨਿਕਤਾ ਆਪਣੇ ਅਰਥ ਵਿਚ ਗਤੀ ਦੇ ਨਾਲ ਨਾਲ ਦਿਸ਼ਾ ਵੀ ਨਹੀਂ? ਪਰਿਵਰਤਨ ਦੇ ਨਾਲ ਨਾਲ ਉਹ ਦ੍ਰਿਸ਼ਟੀ ਵੀ ਨਹੀਂ? ਵਿਕਾਸ ਦੇ ਨਾਲ ਨਾਲ ਉਹ ਮੁੱਲਾਂ ਸੰਬੰਧੀ ਚੇਤਨਾ ਵੀ ਨਹੀਂ? ਇਥੇ ਇਹ ਕਿਹਾ ਜਾ ਸਕਦਾ ਹੈ ਕਿ ਭਾਸ਼ਕ ਅਮੀਰੀ ਦੀ ਦ੍ਰਿਸ਼ਟੀ ਤੋਂ ਹੋਣ ਵਾਲਾ ਪਰਿਵਰਤਨ ਜਾਂ ਤਬਦੀਲੀ ਉਸ ਭਾਸ਼ਾ ਦਾ ਵਿਕਾਸ (Language Development) ਹੈ। ਪਰ ਭਾਸ਼ਾ ਵਿਕਾਸ ਦੀ ਸੀਮਾ ਵਿਚ ਆਉਣ ਵਾਲਾ ਹਰ ਪਰਿਵਰਤਨ ਆਧੁਨਿਕੀਕਰਨ ਦੀ ਪ੍ਰਕਿਰਿਆ ਵਿਚ ਪਰੁਤਾ ਹੋਵੇ, ਜ਼ਰੂਰੀ ਨਹੀਂ। ਇਸ ਲਈ ਭਾਸ਼ਾਈ ਆਧੁਨਿਕੀਕਰਨ ਦੇ ਸੁਆਲ 'ਤੇ ਵਿਚਾਰ ਕਰਦਿਆਂ ਇਹ ਜਾਨਣਾ ਜ਼ਰੂਰੀ ਹੈ ਕਿ ਆਧੁਨਿਕੀਕਰਨ ਤੋਂ ਸਾਡਾ


ਭਾਵ ਕੀ ਹੈ?

ਜਿਨ੍ਹਾਂ ਵਿਦਵਾਨਾਂ ਨੇ ਆਧੁਨਿਕਤਾ ਨੂੰ ਦਿਸ਼ਾ, ਦ੍ਰਿਸ਼ਟੀ ਅਤੇ ਮੁੱਲ ਦੇ ਰੂਪ ਵਿਚ ਸਵੀਕਾਰ ਕੀਤਾ ਹੈ, ਉਨ੍ਹਾਂ ਨੇ ਇਸ ਨੂੰ ਵਿਕਾਸਸ਼ੀਲ ਦੇਸ਼ਾਂ ਦੇ ਪ੍ਰਸੰਗ ਵਿਚ ਪੱਛਮੀਕਰਨ, ਉਦਯੋਗੀਕਰਨ ਅਤੇ ਮਹਾਂਨਗਰੀਕਰਨ ਦੀ ਪ੍ਰਕਿਰਿਆ ਨਾਲ ਜੋੜ ਕੇ ਵੇਖਿਆ ਹੈ, ਜਾਂ ਫਿਰ ਇਸਨੂੰ ਵਿਅਕਤੀਮੂਲਕ, ਬੁੱਧੀਮੂਲਕ ਅਤੇ ਲੌਕਿਕੀਮੂਲਕ ਪ੍ਰਸੰਗ ਵਿਚ ਪਰਿਭਾਸ਼ਤ ਕਰਨ ਦਾ ਜਤਨ ਕੀਤਾ ਹੈ। ਆਧੁਨਿਕਤਾ ਸੰਬੰਧੀ ਇਹ ਸਾਰੀਆਂ ਦਿਸ਼ਾਵਾਂ, ਦ੍ਰਿਸ਼ਟੀਆਂ ਜਾਂ ਮੁੱਲ ਅਨੁਕਰਨ ਨੂੰ ਪ੍ਰਗਟ ਕਰਦੇ ਹਨ। ਇਸ ਵਿਚੋਂ ਵਿਕਾਸਸ਼ੀਲ ਦੇਸ਼ਾਂ ਦੀਆਂ ਭਾਸ਼ਾਵਾਂ ਦੀ ਆਪਣੀ ਸਥਿਤੀ ਜਾਂ ਵਿਕਾਸ ਦੀਆਂ ਪ੍ਰਕਿਰਿਆਵਾਂ ਨਜ਼ਰ ਨਹੀਂ ਆਉਂਦੀਆਂ। ਇਥੇ ਇਕ ਸੁਆਲ ਇਹ ਵੀ ਪੈਦਾ ਹੁੰਦਾ ਹੈ ਕਿ ਆਧੁਨਿਕਤਾ ਦੇ ਨਤੀਜੇ ਵਜੋਂ ਮੁਲਾਂਕਣ ਦਾ ਆਧਾਰ ਕੀ ਹੋਵੇ? ਕੀ ਪ੍ਰਤੀ ਜੀਅ ਕੌਮੀ ਆਮਦਨ ਜਾਂ ਫਿਰ ਖੇਤੀ ਦੇ ਉਤਪਾਦਨ ਦੀ ਸਮਰੱਥਾ ਜਾਂ ਫਿਰ ਉਤਪਾਦਨ ਵਿਚ ਮਨੁੱਖ ਤੇ ਮਸ਼ੀਨ ਦਾ ਉਤਪਾਦਨ ਜਾਂ ਰਾਸ਼ਟਰ ਦੀ ਕੁਲ ਵਿਕਾਸ ਦਰ ਆਦ ਨੂੰ ਆਧਾਰ ਬਣਾਇਆ ਜਾਵੇ। ਸੱਚ ਤਾਂ ਇਹ ਹੈ ਕਿ ਆਧੁਨਿਕੀਕਰਨ ਦੇ ਪ੍ਰਸੰਗ ਵਿਚ ਇਨ੍ਹਾਂ ਸਾਰਿਆਂ ਸੁਆਲਾਂ ਨੂੰ ਰਾਸ਼ਟਰੀ ਅਤੇ ਸਮਾਜਕ ਪਰਿਵਰਤਨ ਦੀ ਪ੍ਰਕਿਰਿਆ ਵਿਚ ਨਾ ਤਾਂ ਪਛਾਣਿਆ ਗਿਆ ਹੈ ਤੇ ਨਾ ਹੀ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ।

ਵਿਸ਼ਵੀਕਰਨ ਦੇ ਦਾਇਰੇ ਵਿਚ ਏਸ਼ੀਆ ਦੀਆਂ ਭਾਸ਼ਾਵਾਂ ਦੇ ਆਧੁਨਿਕੀਕਰਨ ਦੀ ਸਮੱਸਿਆ ਨੂੰ ਵਿਚਾਰਦੇ ਹੋਏ ਪ੍ਰਸਿੱਧ ਭਾਸ਼ਾ ਵਿਗਿਆਨੀ ਅਲਿਸਹਬਾਨਾ (S.T. Alisjahabana : 1967) ਨੇ ਪੱਛਮੀ ਦੇਸ਼ਾਂ ਵਿਚ ਪ੍ਰਚਲਿਤ ਆਧੁਨਿਕੀਕਰਨ ਦੀਆਂ ਇਨ੍ਹਾਂ ਸਾਰੀਆਂ ਸੰਕਲਪਨਾਵਾਂ ਦਾ ਵਿਰੋਧ ਕਰਦੇ ਹੋਏ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਪੱਛਮੀਕਰਨ ਦੀ ਧਾਰਨਾ ਤੋਂ ਯੂਰਪੀ ਸਭਿਆਚਾਰ ਦੀ ਪ੍ਰਭੁਤਾ ਝਲਕਦੀ ਹੈ। ਇਹ ਝਲਕ ਵਿਰੋਧ ਅਤੇ ਹੀਨਤਾ ਵਜੋਂ ਸਾਨੂੰ ਜਿੱਚ ਕਰਦੀ ਹੈ। ਇਸ ਹੀਨਤਾ ਅਤੇ ਜਿੱਚ ਮਨੋਬਿਰਤੀ ਪੱਖੋਂ ਕੋਈ ਵੀ ਦੇਸ਼ ਸਭਿਆਚਾਰਕ ਵਿਕਾਸ ਦੇ ਰਸਤੇ 'ਤੇ ਸਹਿਜ ਭਾਵ ਨਾਲ ਨਹੀਂ ਚਲ ਸਕਦਾ। ਉਸਦੀ ਇਹ ਮਾਨਤਾ ਰਹੀ ਹੈ ਕਿ ਸਾਨੂੰ ਅਕਸਰ ਦੋ ਪ੍ਰਕਾਰ ਦੀਆਂ ਸਭਿਆਚਾਰਕ ਪ੍ਰਵਿਰਤੀਆਂ ਦੇਖਣ ਨੂੰ ਮਿਲਦੀਆਂ ਹਨ — ਇਕ ਹੈ ਅਭਿਵਿਅਕਤੀ ਮੂਲਕ (Expressive) ਅਤੇ ਦੂਸਰੀ ਹੈ ਪ੍ਰਗਤੀਮੂਲਕ (Progressive) ਅਭਿਵਿਅਕਤੀਮੂਲਕ ਸਭਿਆਚਾਰਕ ਪ੍ਰਵਿਰਤੀ ਉਸਨੂੰ ਕਿਹਾ ਜਾ ਸਕਦਾ ਹੈ, ਜਿਸ ਵਿਚ ਧਾਰਮਿਕ ਅਤੇ ਸੁਹਜ ਚੇਤਨਾ-ਮੁੱਖ ਸਰੋਕਾਰ ਪ੍ਰਮੁੱਖ ਰੂਪ ਵਿਚ ਕੰਮ ਕਰਦੇ ਹਨ। ਇਸਦੇ ਉਲਟ ਪ੍ਰਗਤੀਮੂਲਕ ਸਭਿਆਚਾਰਕ ਪ੍ਰਵਿਰਤੀ ਵਿਚ ਗਿਆਨ ਦੇ ਸਿਧਾਂਤਕ ਪੱਖ ਪ੍ਰਮੁੱਖ ਰਹਿੰਦੇ ਹਨ ਅਤੇ ਜੀਵਨ ਅਤੇ ਜਗਤ ਨੂੰ ਸਮਝਣ ਲਈ ਆਰਥਕ ਪ੍ਰਵਿਰਤੀ ਪ੍ਰਮੁੱਖ ਰੂਪ ਵਿਚ ਕਾਰਜਸ਼ੀਲ ਰਹਿੰਦੀ ਹੈ। ਇਸ ਦ੍ਰਿਸ਼ਟੀ ਤੋਂ ਜੇ ਆਧੁਨਿਕੀਕਰਨ

ਨੂੰ ਵਿਚਾਰੀਏ ਤਾਂ 'ਅੱਜ' ਦੇ ਪ੍ਰਸੰਗ ਵਿਚ ਇਹ ਅਭਿਵਿਅਕਤੀਮੂਲਕ ਸਭਿਆਚਾਰਕ ਪ੍ਰਵਿਰਤੀ ਦੇ ਪ੍ਰਗਤੀਮੂਲਕ ਸਭਿਆਚਾਰਕ ਪ੍ਰਵਿਰਤੀ ਵਿਚ ਰੂਪਾਂਤਰਣ ਦੀ ਵਿਧੀ ਹੈ। ਦੂਸਰੇ ਸ਼ਬਦਾਂ ਵਿਚ ਕਹੀਏ ਤਾਂ ਇਹ ਧਾਰਮਕ ਅਤੇ ਸੁਹਜ ਚੇਤਨਾ-ਮੁੱਖ ਬਿਰਤੀ ਨੂੰ ਗਿਆਨਮੂਲਕ ਅਤੇ ਆਰਥਕ ਬਿਰਤੀ ਵਿਚ ਢਾਲਣ ਦੀ ਸਮਾਜ-ਸਭਿਆਚਾਰਕ ਪ੍ਰਕਿਰਿਆ ਹੈ। ਇਹ ਉਹੀ ਵਿਧੀ ਹੈ, ਜਿਸ ਵਿਚੋਂ ਮੱਧਕਾਲੀ ਯੂਰਪ ਲੰਘ ਕੇ ਵਰਤਮਾਨ ਯੁੱਗ ਵਿਚ ਪਹੁੰਚਿਆ ਹੈ।

ਇਸ ਵਿਚ ਸੰਦੇਹ ਨਹੀਂ ਕਿ ਭਾਸ਼ਾ ਦੇ ਆਧੁਨਿਕੀਕਰਨ ਦੀ ਸਮੱਸਿਆ ਸਮਾਜ ਦੇ ਆਧੁਨਿਕੀਕਰਨ ਤੇ ਵਿਕਾਸ ਦੀ ਪ੍ਰਕਿਰਿਆ ਨਾਲ ਜੁੜੀ ਹੋਈ ਹੈ। ਆਧੁਨਿਕੀਕਰਨ ਦੇ ਰਾਹ 'ਤੇ ਪਈ ਭਾਸ਼ਾ ਦਾ ਮਿਆਰੀਕਰਨ ਵੱਲ ਵਧਣਾ ਵੀ ਸੁਭਾਵਕ ਕਿਰਿਆ ਹੈ। ਆਧੁਨਿਕੀਕਰਨ ਅਤੇ ਭਾਸ਼ਾ ਦੇ ਆਪਸੀ ਸੰਬੰਧ ਨੂੰ ਹੇਠਲੇ ਰੇਖਾ ਚਿੱਤਰ ਰਾਹੀਂ ਵੀ ਪ੍ਰਗਟਾਇਆ ਜਾ ਸਕਦਾ ਹੈ:



ਭਾਸ਼ਾ ਦੀ ਅੰਦਰੂਨੀ ਪ੍ਰਕਿਰਤੀ 'ਤੇ ਧਿਆਨ ਦੇਣ 'ਤੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਸ਼ਾ ਦਾ ਸੰਬੰਧ ਇਕ ਪਾਸੇ ਬਾਹਰੀ ਜਗਤ ਦੇ ਪ੍ਰਤੱਖ ਗਿਆਨ ਨਾਲ ਰਹਿੰਦਾ ਹੈ ਅਤੇ ਦੂਸਰੇ ਪਾਸੇ ਭਾਸ਼ਾਈ ਸਮੁਦਾਏ (Speech Community) ਦੀ ਚਿੰਤਨ ਪ੍ਰਕਿਰਿਆ ਨਾਲ। ਇਸ ਲਈ ਉਹ ਸਮਾਜ ਤੇ ਸਭਿਆਚਾਰ ਦੇ ਹਰ ਪਰਿਵਰਤਨ ਨੂੰ ਪ੍ਰਗਟ ਕਰਨ ਦੇ ਸਮਰੱਥ ਹੈ ਅਤੇ ਸਮਾਜਕ ਤੇ ਸਭਿਆਚਾਰਕ ਪੱਧਰ 'ਤੇ ਪੈਂਦੀ ਹਰ ਜ਼ਿੰਮੇਵਾਰੀ ਨੂੰ ਨਿਭਾਉਣ ਪੱਖੋਂ ਨਿਪੁੰਨ ਹੈ। ਸੰਚਾਰ ਦੇ ਹੋਰ ਮਾਧਿਅਮਾਂ ਨਾਲ ਜੇ ਭਾਸ਼ਾ ਦੀ ਤੁਲਨਾ ਕਰੀਏ ਤਾਂ ਇਹ ਨਾ ਕੇਵਲ ਆਪਣੇ ਵਰਤਣਹਾਰੇ ਦੇ ਜੀਵਨ ਵਿਚ ਆਉਣ ਵਾਲੇ ਹਰ ਸੂਖ਼ਮ ਪਰਿਵਰਤਨ ਨੂੰ ਸ਼ਕਤੀਸ਼ਾਲੀ ਢੰਗ ਨਾਲ ਪ੍ਰਗਟਾਉਂਦੀ ਹੈ, ਸਗੋਂ ਉਹਦੇ ਜੀਵਨ ਵਿਹਾਰ ਵਿਚ ਆਉਣ ਵਾਲੇ ਹਰੇਕ ਮੋੜ 'ਤੇ ਉਹਦੀ ਸਾਖੀ ਵੀ ਬਣ ਜਾਂਦੀ ਹੈ। ਇਹੀ ਕਾਰਣ ਹੈ ਕਿ ਸਮਾਜਕ ਵਿਹਾਰ ਅਤੇ ਸਭਿਆਚਾਰਕ ਮੁੱਲਾਂ ਵਿਚ ਆਉਣ ਵਾਲੇ ਪਰਿਵਰਤਨ ਦੇ ਨਾਲ ਨਾਲ ਭਾਸ਼ਾ ਆਪਣੀ ਬਣਤਰ ਵਿਚ ਦਵੰਦਤਾਮਕਤਾ ਨੂੰ ਵੀ ਝਲਦੀ ਹੈ, ਜਿਸਦੇ ਪ੍ਰਭਾਵ ਨੂੰ ਅੰਦਰੂਨੀ ਬਣਤਰ ਦੇ ਹਰ ਪੱਧਰ 'ਤੇ ਦੇਖਿਆ ਜਾ ਸਕਦਾ ਹੈ। ਸ਼ਬਦ ਬਣਤਰ, ਵਾਕ ਬਣਤਰ, ਧੁਨੀ, ਅਰਥ ਵਿਗਿਆਨ, ਭਾਵਾਂਸ਼ ਪੱਧਰ ਆਦ ਸਾਰੇ ਪੱਧਰਾਂ ਤੇ ਭਾਸ਼ਾ ਸਮਾਜਕ ਪਰਿਵਰਤਨ ਦੇ ਨਾਲ ਨਾਲ ਨਵੇਂ ਰੂਪ ਵਿਚ ਸੰਚਾਰਿਤ ਹੁੰਦੀ ਹੈ।

ਭਾਸ਼ਾ ਵਿਕਾਸ ਬਾਰੇ ਇਕ ਆਮ ਜਿਹੀ ਧਾਰਨਾ ਹੈ ਕਿ, ਜਿਸ ਭਾਸ਼ਾ ਵਿਚ ਜਿੰਨੀ ਪਾਏਦਾਰੀ ਹੋਵੇਗੀ, ਉਹ ਭਾਸ਼ਾ ਓਨੀ ਵਿਕਾਸਸ਼ੀਲ ਹੋਵੇਗੀ। ਜਿਹੜੀਆਂ ਭਾਸ਼ਾਵਾਂ ਜਿੰਨੀਆਂ ਪੁਰਾਣੀਆਂ ਹੋ ਜਾਂਦੀਆਂ, ਓਨੀਆਂ ਹੀ ਵਿਕਾਸ ਵੱਲ ਵਧੇਰੇ ਰੁਚਿਤ ਹੁੰਦੀਆਂ ਹਨ। ਪਾਏਦਾਰੀ ਤੋਂ ਇਥੇ ਭਾਵ ਉਹ ਵੱਖ ਵੱਖ ਸਮਾਜਕ ਪ੍ਰਸੰਗ ਹਨ, ਜਿਨ੍ਹਾਂ ਵਿਚ ਇਕ ਭਾਸ਼ਾ ਸੰਚਾਰ ਦੇ ਸਾਰੇ ਪ੍ਰਕਾਰਜ ਨਿਭਾਉਂਦੀ ਹੈ ਅਤੇ ਸਾਹਿਤ, ਵਿਗਿਆਨ ਤੇ ਤਕਨਾਲੋਜੀ ਦੇ ਖੇਤਰ ਵਿਚ ਭਾਸ਼ਾਈ ਵਰਤੋਂ ਵਿਹਾਰ ਨੂੰ ਸਰਲ ਤੇ ਸੁਯੋਗ ਬਣਾਉਂਦੀ ਹੈ। ਆਪਣੇ ਵਿਨਾਸ਼ ਦੀ ਸੁਭਾਵਕ ਪ੍ਰਕਿਰਿਆ ਵਿਚ ਅਭਿਵਿਅਕਤੀਮੂਲਕ ਸਭਿਆਚਾਰਕ ਪ੍ਰਵਿਰਤੀ ਨਾਲ ਸੰਬੰਧਤ ਭਾਸ਼ਾ ਕਿਸ ਪ੍ਰਕਾਰ ਪ੍ਰਗਤੀਮੂਲਕ ਸਭਿਆਚਾਰਕ ਪ੍ਰਵਿਰਤੀ ਦੇ ਮੁੱਲਾਂ ਨੂੰ ਤੇ ਜੀਵਨ ਦ੍ਰਿਸ਼ਟੀ ਨੂੰ ਅਪਨਾਉਂਦੀ ਹੈ, ਇਸਦੇ ਕੁਝ ਉਦਾਹਰਣ ਵੇਖੇ ਜਾ ਸਕਦੇ ਹਨ : ਆਕਾਸ਼ਬਾਣੀ ਤੇ ਦੂਰਦਰਸ਼ਨ। ਇਨ੍ਹਾਂ ਦੋਨਾਂ ਸ਼ਬਦਾਂ ਦਾ ਪ੍ਰਯੋਗ ਪੰਜਾਬੀ ਵਿਚ ਹੋ ਰਿਹਾ ਹੈ। ਆਕਾਸ਼ਬਾਣੀ ਸ਼ਬਦ ਜੋ ਮੂਲ ਰੂਪ ਵਿਚ ਅਰਥ ਦੇਂਦਾ ਹੈ ਉਸ ਤੋਂ ਭਿੰਨ ਅਰਥ ਸੰਚਾਰਤ ਕਰ ਰਿਹਾ ਹੈ। ਹੁਣ ਇਹ ਰੇਡੀਓ ਟਰਾਂਸਮੀਟਰ ਤੋਂ ਛੱਡੀਆਂ ਜਾ ਰਹੀਆਂ ਤਰੰਗਾਂ ਦਾ ਭਾਵ ਦੇਂਦਾ ਹੈ। ਏਸੇ ਤਰ੍ਹਾਂ ਦੂਰਦਰਸ਼ਨ ਟੈਲੀਵੀਜ਼ਨ ਦਾ ਪਰਿਆਏ ਬਣ ਗਿਆ ਹੈ। ਇਹ ਸ਼ਬਦ ਦੋ ਸ਼ਬਦਾਂ ਦੂਰ+ਦਰਸ਼ਨ ਤੋਂ ਮਿਲ ਕੇ ਬਣਿਆ ਹੈ। ਦੂਰ ਅਜਿਹਾ ਸ਼ਬਦ ਹੈ, ਜਿਸ ਤੋਂ ਕਈ ਸ਼ਬਦ ਬਣਦੇ ਹਨ ਜਿਵੇਂ ਦੂਰਗਾਮੀ,

ਦੂਰ ਦ੍ਰਿਸ਼ਟੀ, ਦੂਰਬੀਨ, ਦੂਰਦਰਸ਼ੀ ਆਦ ਏਸੇ ਤਰ੍ਹਾਂ ਦੂਰ ਸੰਚਾਰ, ਦੂਰ-ਚਿਤਰ ਆਦ ਸ਼ਬਦ ਹਨ। ਜੇਕਰ ਇਨ੍ਹਾਂ ਦੋਹਾਂ ਵਰਗਾਂ ਦੇ ਸ਼ਬਦਾਂ ਨੂੰ ਵਾਚੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਦੋਹਾਂ ਦੇ ਨਿਰਮਾਣ ਦੀ ਪ੍ਰਕਿਰਿਆ ਭਾਸ਼ਾ ਵਿਗਿਆਨਕ ਹੈ। ਜਦੋਂ ਕਿ ਦੂਰ ਦ੍ਰਿਸ਼ਟੀ, ਦੂਰਦਰਸ਼ੀ ਆਦ ਦਾ ਆਧਾਰ ਅਭਿਵਿਅਕਤੀਮੂਲਕ ਸਭਿਆਚਾਰਕ ਪ੍ਰਕਿਰਿਆ ਹੈ ਜਦ ਕਿ ਦੂਰਦਰਸ਼ਨ ਦੂਰਬੀਨ ਆਦ ਵਰਗ ਦੇ ਸ਼ਬਦ ਪ੍ਰਗਤੀਮੂਲਕ ਸਭਿਆਚਾਰਕ ਪ੍ਰਕਿਰਿਆ ਦੇ ਸੂਚਕ ਹਨ।

ਇੰਜ ਹੀ 'ਕਾਲਾ' ਸ਼ਬਦ ਦੀ ਉਦਾਹਰਣ ਲਈ ਜਾ ਸਕਦੀ ਹੈ। 'ਕਾਲਾ' ਸ਼ਬਦ ਨਾਲ ਕਾਲੇਪਣ ਜਾਂ ਕਲੱਤਣ ਦਾ ਭਾਵ ਜੁੜਿਆ ਹੋਇਆ ਹੈ ਜਿਵੇਂ ਕਾਲਾ ਚੋਰ, ਕਾਲਾ ਪਹਾੜ, ਕਾਲਾ ਨਾਗ, ਕਾਲੀ ਜ਼ਬਾਨ, ਕਾਲਾ ਕੁੱਤਾ, ਕਾਲੀ ਘੋੜੀ, ਕਾਲੀ ਰਾਤ ਆਦ। ਇਨ੍ਹਾਂ ਸ਼ਬਦਾਂ ਵਿਚ ਕਾਲਾ/ਕਾਲੀ ਦਾ ਭਾਵ ਅਭਿ-ਵਿਕਅਤੀਮੂਲਕ ਸਭਿਆਚਾਰਕ ਪ੍ਰਵਿਰਤੀ ਨਾਲ ਜੁੜਿਆ ਹੋਇਆ ਹੈ, ਜਦ ਕਿ ਕਾਲਾ ਧਨ, ਕਾਲਾ ਬਾਜ਼ਾਰ, ਕਾਲਾ ਧੰਦਾ, ਕਾਲਾ ਕਾਨੂੰਨ, ਆਦ ਵਿਚ ਕਾਲਾ ਸ਼ਬਦ ਪ੍ਰਗਤੀਮੂਲਕ ਸਭਿਆਚਾਰਕ ਪ੍ਰਵਿਰਤੀ ਦਾ ਸੂਚਕ ਹੈ ਜੋ ਆਰਥਕਤਾ ਤੇ ਸਮਾਜਕਤਾ ਨੂੰ ਪ੍ਰਗਟਾਉਂਦਾ ਹੈ। ਦੂਸਰੇ ਵਰਗ ਦੇ ਸ਼ਬਦ ਮੂਲ ਰੂਪ ਵਿਚ ਅੰਗਰੇਜ਼ੀ ਦੇ ਪ੍ਰਚਲਤ ਸ਼ਬਦ ਬਲੈਕ ਮਨੀ, ਬਲੈਕ ਮਾਰਕੀਟ, ਬਲੈਕ ਡੀਡਸ, ਬਲੈਕ ਲਾੱਅ ਆਦ ਦੇ ਸ਼ਬਦੀ ਅਨੁਵਾਦ ਹਨ।

ਭਾਸ਼ਾ ਵਿਕਾਸ ਦੀ ਇਹ ਸੁਭਾਵਕ ਪ੍ਰਕਿਰਿਆ ਹੈ, ਜੋ ਸਮਾਜਕ ਦਬਾਵਾਂ ਅਤੇ ਲੋੜਾਂ ਤੋਂ ਪ੍ਰੇਰਤ ਹੁੰਦੀ ਹੈ। ਇਹ ਵਿਭਿੰਨ ਸਮਾਜਕ ਤੇ ਸਭਿਆਚਾਰਕ ਪ੍ਰਸੰਗਾਂ ਵਿਚ ਲੋੜ ਅਨੁਸਾਰ ਆਪਣੀ ਸਾਮੱਗਰੀ ਖ਼ਾਸ ਕਰਕੇ ਸ਼ਾਬਦਿਕ ਪੱਖ ਦੀ ਪੁਨਰ ਵਿਆਖਿਆ ਕਰਦੀ ਹੈ। ਵਿਹਾਰ ਦੇ ਪੱਖ ਤੋਂ ਸ਼ਬਦਾਂ ਵਿਚ ਨਵੀਨ ਅਰਥ ਸੰਚਾਰਤ ਹੁੰਦੇ ਹਨ। ਉਦਾਹਰਣ ਲਈ 'ਬਿਜਲੀ' ਸ਼ਬਦ ਲਿਆ ਜਾ ਸਕਦਾ ਹੈ, ਜੋ ਨਵੇਂ ਸੰਦਰਭ ਵਿਚ ਅੰਗਰੇਜ਼ੀ ਦੇ ਇਲੈਕਟਰੀਸਿਟੀ ਦਾ ਪਰਿਆਏ ਹੈ। ਇਸ ਤੋਂ ਬਿਜਲੀ ਘਰ, ਬਿਜਲੀ ਦਾ ਖੰਭਾ, ਬਿਜਲੀ ਆਨ ਕਰਨੀ, ਬਿਜਲੀ ਮਾਫ਼ ਕਰਨੀ, ਬਿਜਲੀ ਚਲੀ ਗਈ, ਬਿਜਲੀ ਦਾ ਮੀਟਰ, ਬਿਜਲੀ ਵਾਲਾ, ਬਿਜਲੀ ਚਮਕਣੀ, ਬਿਜਲੀ ਦਾ ਸ਼ਾਕ, ਬਿਜਲੀ ਸ਼ਾਟ ਕਰਦੀ ਏ, ਬਿਜਲੀ ਦਾ ਸਵਿਚ, ਬਿਜਲੀ ਦੀ ਤਾਰ, ਆਦ ਅਨੇਕਾਂ ਸ਼ਬਦ ਬਿਜਲੀ ਦੇ ਵਿਸਥਾਰ ਦੇ ਸੂਚਕ ਹਨ।

ਭਾਸ਼ਾ ਆਪਣੇ ਬੋਲਣਹਾਰਿਆਂ ਦੇ ਸੰਚਾਰ ਸੰਬੰਧੀ ਕਿਸੇ ਵੀ ਲੋੜ ਦੀ ਅਣਗਹਿਲੀ ਨਹੀਂ ਕਰਦੀ ਤੇ ਨਾ ਹੀ ਉਸਦੀਆਂ ਜ਼ਰੂਰਤਾਂ ਨੂੰ ਧੋਖਾ ਦਿੰਦੀ ਹੈ। ਉਹ ਤਾਂ ਹਰ ਸਥਿਤੀ ਤੇ ਸੰਦਰਭ ਵਿਚ ਸਫ਼ਲਤਾ ਨਾਲ ਲੋੜਾਂ ਦਾ ਮੁਕਾਬਲਾ ਕਰਨ ਦੇ ਆਹਰ ਵਿਚ ਰਹਿੰਦੀ ਹੈ। ਇਸੇ ਕਰਕੇ ਭਾਸ਼ਾ ਵਿਗਿਆਨੀ ਮੰਨਦੇ ਹਨ ਕਿ ਭਾਸ਼ਾ ਆਪਣੀ ਅੰਦਰੂਨੀ ਪ੍ਰਕਿਰਤੀ ਵਿਚ ਨਾ ਤਾਂ ਪੂਰਨ ਹੁੰਦੀ ਹੈ, ਨਾ ਹੀ ਅਪੂਰਨ, ਨਾ ਆਪਣੇ ਵਿਹਾਰ ਵਿਚ ਅਵਿਕਸਤ ਤੇ ਨਾ ਵਿਕਸਤ ਹੁੰਦੀ ਹੈ।

ਪੂਰਨ ਜਾਂ ਅਪੂਰਨ ਹੁੰਦੇ ਹਨ ਉਸਦੇ ਬੋਲਣਹਾਰੇ। ਭਾਸ਼ਾ ਨੂੰ ਤਾਂ ਉਹਦਾ ਉਚਿਤ ਸਥਾਨ ਤੇ ਸੰਦਰਭ ਮਿਲਣਾ ਚਾਹੀਦਾ ਹੈ, ਉਹ ਆਪਣੇ ਆਪ ਇਨ੍ਹਾਂ ਵਿਚ ਨਿਖਰ ਕੇ ਸਾਹਮਣੇ ਆ ਜਾਵੇਗੀ।

ਭਾਸ਼ਾ ਵਿਕਾਸ ਤੇ ਆਧੁਨਿਕੀਕਰਨ ਦੇ ਨਾਲ ਨਾਲ ਤਕਨੀਕੀ ਸ਼ਬਦਾਵਲੀ ਦੀ ਸਮੱਸਿਆ ਵੀ ਸਾਹਮਣੇ ਆਉਂਦੀ ਹੈ। ਭਾਰਤ ਵਿਚ ਪਰਿਭਾਸ਼ਕ ਸ਼ਬਦ ਪਰੰਪਰਾ ਬਹੁਤ ਪ੍ਰਾਚੀਨ ਹੈ। ਏਥੇ ਅਨੇਕਾਂ ਵਿਭਿੰਨ ਦਰਸ਼ਨਾਂ, ਸ਼ਾਸਤਰਾਂ ਤੇ ਗਿਆਨ ਪਰੰਪਰਾਵਾਂ ਨਾਲ ਸੰਬੰਧਤ ਕਈ ਸ਼ਬਦ ਲੜੀਆਂ ਮਿਲਦੀਆਂ ਹਨ। ਇਨ੍ਹਾਂ ਵਿਚ ਵਧੇਰੇ ਸ਼ਬਦ ਸੰਸਕ੍ਰਿਤ-ਮੂਲਕ ਹਨ। ਇਨ੍ਹਾਂ ਤੋਂ ਇਲਾਵਾ ਪ੍ਰਾਕਿਰਤ, ਅਰਧ ਮਾਗਧੀ ਆਦ ਦੇ ਪਰਿਭਾਸ਼ਕ ਸ਼ਬਦਾਂ ਦਾ ਆਪਣਾ ਮਹੱਤਵ ਹੈ। ਸਮੇਂ ਦੇ ਨਾਲ ਨਾਲ ਪਾਲੀ ਆਦ ਭਾਸ਼ਾਵਾਂ ਦੇ ਸ਼ਬਦ ਵੀ ਇਸ ਵਿਚ ਜੁੜ ਗਏ। ਇਨ੍ਹਾਂ ਸਾਰੀਆਂ ਭਾਸ਼ਾਵਾਂ ਦਾ ਵਿਕਾਸ ਭਾਰਤ ਵਿਚ ਅਤੇ ਭਾਰਤੀ ਸਭਿਆਚਾਰ ਦੀ ਪਿੱਠ-ਭੂਮੀ ਵਿਚ ਹੋਇਆ ਹੈ।

ਭਾਰਤ ਵਿਚ ਪਰਿਭਾਸ਼ਕ ਸ਼ਬਦਾਵਲੀ ਸੰਬੰਧੀ ਵਿਵਾਦ ਉਸ ਸਮੇਂ ਸ਼ੁਰੂ ਹੋਇਆ, ਜਦੋਂ ਇਥੇ ਮੁਗ਼ਲਾਂ ਦਾ ਸ਼ਾਸਨ ਸਥਾਪਤ ਹੋਣ ਦੇ ਨਾਲ ਨਾਲ ਇਕ ਵਿਦੇਸ਼ੀ ਭਾਸ਼ਾ ਦਾ ਆਗਮਨ ਹੋਇਆ। ਮੁਗ਼ਲਾਂ ਦੀ ਭਾਸ਼ਾ ਸੰਸਕ੍ਰਿਤ ਅਤੇ ਹੋਰ ਭਾਰਤੀ ਭਾਸ਼ਾਵਾਂ ਨਾਲੋਂ ਬਿਲਕੁਲ ਭਿੰਨ ਸੀ। ਉਨ੍ਹਾਂ ਦੀ ਲਿੱਪੀ, ਵਿਆਕਰਨ ਅਤੇ ਸਰੋਤਾਂ ਦੀ ਪਿੱਠ-ਭੂਮੀ ਵੀ ਬਿਲਕੁਲ ਵੱਖਰੀ ਸੀ। ਮੁਗ਼ਲ ਕਾਲ ਵਿਚ ਸ਼ਾਸਨ ਦੀ ਭਾਸ਼ਾ ਫ਼ਾਰਸੀ ਸੀ। ਮੁਸਲਮਾਨਾਂ ਦੇ ਧਾਰਮਕ ਕਾਨੂੰਨਾਂ ਅਨੁਸਾਰ ਨਿਆਂ ਕਰਨ ਵਾਲੀਆਂ ਅਦਾਲਤਾਂ ਦੀ ਮੰਜ਼ੂਰ ਭਾਸ਼ਾ ਸੀ।

ਭਾਸ਼ਾ ਦੀ ਸਮੱਸਿਆ ਸੁਚੇਤ ਰੂਪ ਵਿਚ ਅੰਗਰੇਜ਼ੀ ਸ਼ਾਸਨ ਦੌਰਾਨ ਪੈਦਾ ਹੋਈ, ਜਿਸ ਵਕਤ ਈਸਟ ਇੰਡੀਆ ਕੰਪਨੀ ਨੇ ਭਾਰਤ ਦੀ ਵਾਗਡੋਰ ਸੰਭਾਲੀ, ਉਸਦੇ ਸਾਹਮਣੇ ਚਾਰ ਭਾਸ਼ਾਵਾਂ ਸਨ। ਅੰਗਰੇਜ਼ੀ ਕੰਪਨੀ ਸਰਕਾਰ ਦੀ ਆਪਣੀ ਨਿੱਜੀ ਭਾਸ਼ਾ ਸੀ। ਫ਼ਾਰਸੀ ਰਾਜ ਭਾਸ਼ਾ ਜ਼ਰੂਰ ਸੀ ਪਰ ਆਮ ਜਨਤਾ ਵਿਚ ਇਸਦੀ ਬਹੁਤੀ ਸਾਖ਼ ਨਹੀਂ ਸੀ। ਹਿੰਦੋਸਤਾਨੀ ਲੋਕ ਭਾਸ਼ਾ ਦੇ ਰੂਪ ਵਿਚ ਸਮਝੀ ਤੇ ਬੋਲੀ ਜਾਂਦੀ ਸੀ। ਬੰਗਲਾ ਕੰਪਨੀ ਸਰਕਾਰ ਦੇ ਕੇਂਦਰ ਦੀ ਭਾਸ਼ਾ ਸੀ।

ਕੰਪਨੀ ਸਰਕਾਰ ਸ਼ਾਹੀ ਅਰਥਾਤ ਫ਼ਾਰਸੀ ਲਈ ਵਚਨਬੱਧ ਹੋ ਚੁੱਕੀ ਸੀ, ਫਿਰ ਵੀ ਭਾਸ਼ਾ (ਹਿੰਦੋਸਤਾਨੀ) ਨਾਲ ਉਹਦਾ ਪਰੰਪਰਾਗਤ ਵਿਰੋਧ ਨਹੀਂ ਸੀ। ਕੰਪਨੀ ਸਰਕਾਰ ਦੇ ਆਦੇਸ਼, ਸੂਚਨਾ ਅਤੇ ਸਰਕਾਰੀ ਕਾਗਜ਼ਾਂ ਉਪਰ ਫ਼ਾਰਸੀ ਵਿਚ ਤੇ ਹੇਠਾਂ ਹਿੰਦੋਸਤਾਨੀ ਵਿਚ ਲਿਖੇ ਹੁੰਦੇ ਸਨ। ਇਨ੍ਹਾਂ ਵਿਚ ਦੋਹਾਂ ਲਿੱਪੀਆਂ ਫ਼ਾਰਸੀ ਤੇ ਦੇਵ ਨਾਗਰੀ ਦੀ ਵਰਤੋਂ ਹੁੰਦੀ ਸੀ। ਪਰ ਰਾਜ ਭਾਸ਼ਾ ਦੇ ਰੂਪ ਵਿਚ ਅੰਗਰੇਜ਼ੀ ਨੂੰ ਸਰਬਉੱਚਤਾ ਹਾਸਲ ਸੀ, ਜੋ ਬਾਅਦ ਵਿਚ ਸਮੁੱਚੇ ਭਾਰਤ ਵਿਚ ਰਾਜ ਭਾਸ਼ਾ ਤੇ ਸਿੱਖਿਆ ਦਾ ਮਾਧਿਅਮ ਬਣੀ। ਭਾਵੇਂ ਕਿ ਫ਼ਾਰਸੀ ਤੋਂ ਵੀ

ਜ਼ਿਆਦਾ, ਅੰਗਰੇਜ਼ੀ ਸਾਡੇ ਲਈ ਓਪਰੀ ਭਾਸ਼ਾ ਸੀ। ਇਹਦੀ ਲਿੱਪੀ, ਸ਼ਬਦਾਵਲੀ, ਵਿਆਕਰਣ ਅਤੇ ਸਭਿਆਚਾਰ ਸਾਰਾ ਕੁਝ ਸਾਡੇ ਲਈ ਨਵਾਂ ਸੀ। ਕੁਝ ਲੋਕਾਂ ਦੀ ਭਾਸ਼ਾ ਹੋਣ ਕਾਰਣ ਅੰਗਰੇਜ਼ੀ ਜਾਨਣ ਵਾਲਿਆਂ ਅਤੇ ਭਾਰਤੀ ਭਾਸ਼ਾਵਾਂ ਦੇ ਜਾਣਕਾਰਾਂ ਵਿਚ ਦੂਰੀ ਦਿਨੋਂ ਦਿਨ ਵਧਣ ਲੱਗੀ। ਇਕ ਸਮਾਂ ਆਇਆ ਜਦੋਂ ਅੰਗਰੇਜ਼ੀ ਭਾਸ਼ਾ ਵਰਗ ਸਮਾਜ ਦਾ ਵਿਸ਼ਿਸ਼ਟ ਵਰਗ ਬਣ ਗਿਆ, ਜੋ ਆਜ਼ਾਦੀ ਤੋਂ ਪੰਜਾਹ ਸਾਲ ਬਾਅਦ ਵੀ ਜਿਓਂ ਦਾ ਤਿਓਂ ਹੈ। ਓਧਰ ਆਧੁਨਿਕ ਵਿਗਿਆਨਾਂ ਦੇ ਵਿਕਾਸ ਦੀ ਵਾਗਡੋਰ ਪੱਛਮੀ ਦੇਸ਼ਾਂ ਦੇ ਹੱਥਾਂ ਵਿਚ ਹੋਣ ਕਰਕੇ ਹਰ ਰੋਜ਼ ਨਿਕਲ ਰਹੀਆਂ ਨਵੀਆਂ ਕਾਢਾਂ ਲਈ ਵਿਕਾਸਸ਼ੀਲ ਦੇਸ਼ਾਂ ਦੀ ਨਿਰਭਰਤਾ ਅੰਗਰੇਜ਼ੀ 'ਤੇ ਵਧ ਗਈ ਹੈ। ਅੱਜ ਅੰਗਰੇਜ਼ੀ ਸਾਡੇ ਲਈ ਨਵਚੇਤਨਾ ਤੇ ਨਵੇਂ ਗਿਆਨ ਵਿਗਿਆਨ ਤੇ ਤਕਨਾਲੋਜੀ ਦੇ ਪ੍ਰਸਾਰ ਦੀ ਭਾਸ਼ਾ ਬਣ ਗਈ ਹੈ।

ਉਪਰੋਕਤ ਸਥਿਤੀਆਂ ਵਿਚ ਭਾਰਤੀ ਭਾਸ਼ਾਵਾਂ ਦੇ ਸਾਹਮਣੇ ਮੁੱਖ ਰੂਪ ਵਿਚ ਤਿੰਨ ਵਿਚਾਰਧਾਰਾਵਾਂ ਹਨ:

1. ਅੰਗਰੇਜ਼ੀ ਦੀ ਪ੍ਰਤੀਕਿਰਿਆ ਦੇ ਰੂਪ ਵਿਚ ਰਾਸ਼ਟਰੀ ਪੱਧਰ 'ਤੇ ਇਕ ਸ਼ਬਦਾਵਲੀ ਬਣਾਉਣ ਦੀ ਪ੍ਰੇਰਣਾ ਤੋਂ ਪ੍ਰਭਾਵਤ ਹੋ ਕੇ ਕੁਝ ਵਿਦਵਾਨ ਸ਼ੁੱਧ ਰੂਪ ਵਿਚ ਤਕਨੀਕੀ ਤੇ ਪਰਿਭਾਸ਼ਕ ਸ਼ਬਦਾਂ ਦੀ ਘਾੜਤ ਜਾਂ ਲੈਣ ਦੇਣ ਲਈ ਸੰਸਕ੍ਰਿਤ ਦੀ ਸ਼ਬਦਾਵਲੀ ਨੂੰ ਪਹਿਲ ਦੇਣ ਦੇ ਹੱਕ ਵਿਚ ਹਨ।
2. ਦੂਸਰੇ ਪੱਛਮ ਵਿਚ ਪੈਦਾ ਹੋ ਰਹੇ ਨਵੇਂ ਗਿਆਨ-ਵਿਗਿਆਨ ਤੇ ਤਕਨਾਲੋਜੀ ਨੂੰ ਧਿਆਨ ਵਿਚ ਰਖਦਿਆਂ ਅੰਗਰੇਜ਼ੀ ਸ਼ਬਦਾਵਲੀ ਨੂੰ ਗ੍ਰਹਿਣ ਕਰਨ ਦੇ ਹੱਕ ਵਿਚ ਹਨ।
3. ਤੀਸਰੇ ਹਿੰਦੁਸਤਾਨੀ ਦੇ ਨਾਂ 'ਤੇ ਉਰਦੂ ਫ਼ਾਰਸੀ ਅਤੇ ਹੋਰ ਬੋਲੀਆਂ ਦੀ ਸ਼ਬਦਾਵਲੀ ਵਰਤਣ ਦੇ ਹੱਕ ਵਿਚ ਹਨ।

ਅਜਿਹੀਆਂ ਸਥਿਤੀਆਂ ਵਿਚ ਭਾਰਤੀ ਭਾਸ਼ਾਵਾਂ ਦੀ ਬਹੁਤੀ ਟੇਕ ਦੂਸਰੀ ਵਿਚਾਰਧਾਰਾ ਅਰਥਾਤ ਅੰਗਰੇਜ਼ੀ ਦੇ ਹੱਕ ਵਿਚ ਭੁਗਤੀ ਹੈ ਕਿਉਂਕਿ ਹੁਣ ਤਕ ਜਿੰਨੀਆਂ ਤਕਨੀਕੀ ਸ਼ਬਦਾਵਲੀਆਂ ਤਿਆਰ ਕੀਤੀਆਂ ਜਾ ਚੁੱਕੀਆਂ ਹਨ, ਉਨ੍ਹਾਂ ਦਾ ਆਧਾਰ ਅੰਗਰੇਜ਼ੀ ਭਾਸ਼ਾ ਹੈ। ਇਹ ਭਾਸ਼ਾ ਲੋੜ ਵੀ ਹੈ ਅਤੇ ਮਜਬੂਰੀ ਵੀ। ਇਸ ਪ੍ਰਸੰਗ ਵਿਚ ਹੇਠਾਂ ਅਸੀਂ ਅਜਿਹੀਆਂ ਸ਼ਬਦਾਵਲੀਆਂ ਦਾ ਸੰਖੇਪ ਅਧਿਐਨ ਪੇਸ਼ ਕਰਨ ਦਾ ਜਤਨ ਕਰਾਂਗੇ।

ਆਧੁਨਿਕੀਕਰਨ ਦੇ ਪ੍ਰਸੰਗ ਵਿਚ ਹਰ ਭਾਸ਼ਾ ਵਿਚ ਸਮਾਜਕ, ਸਭਿਆਚਾਰਕ ਪ੍ਰਸੰਗਾਂ ਵਿਚ ਅਨੇਕਾਂ ਸ਼ੈਲੀਆਂ ਪ੍ਰਚੱਲਿਤ ਹੋ ਜਾਂਦੀਆਂ ਹਨ। ਪੰਜਾਬੀ ਵਿਚ ਇਸ ਪੱਖੋਂ ਅੰਗਰੇਜ਼ੀ ਦੇ ਅਨੇਕਾਂ ਸ਼ਬਦ ਹਨ ਜੋ ਰੱਚ-ਮਿੱਚ ਗਏ ਹਨ ਜਿਵੇਂ ਟਿਕਟ, ਪਲੇਟਫ਼ਾਰਮ, ਸਟੇਸ਼ਨ, ਜੰਕਸ਼ਨ, ਗਾਰਡ, ਬਰਥ, ਲਾਈਨ, ਟੀ.ਟੀ., ਇੰਜਨ, ਬੱਸ,

ਕੰਡਕਟਰ, ਡਰਾਈਵਰ, ਚੈਕਰ, ਰੂਟ, ਪਰਮਿਟ, ਪੈਟਰੋਲ, ਓਵਰਲੋਡ, ਹੈਲੀਕਾਪਟਰ, ਬਾਈਏਅਰ, ਟੈਕਸੀ, ਬਾਈਪਾਸ, ਰੋਡ, ਕਾਰ, ਜੀਪ, ਟਰੱਕ, ਰੈਫ਼ਰੀ, ਕੋਚ, ਮੈਡਲ, ਚੈਂਪੀਅਨ, ਗੋਲ, ਹਾਫ਼ ਟਾਈਮ, ਟੂਰਨਾਮੈਂਟ, ਟੀਮ, ਮੈਚ, ਕਿੱਕ, ਜੰਪ, ਹਿਟ, ਬਾਲ, ਸਟਿਕ, ਰਨ, ਵਿਕਟ, ਸੈਂਚਰੀ, ਕੈਚ, ਬੈਟ, ਗਰਾਊਂਡ, ਕਾਰਨਰ, ਸਿਕਸਰ, ਰੇਸ, ਥਰੋ, ਨੈਕਲਸ, ਈਅਰ, ਰਿੰਗ, ਰਿਮਾਂਡ, ਓਵਰਫਲੋ, ਕੋਰਟ, ਕੋਰਟ ਫ਼ੀਸ, ਮੈਜਿਸਟ੍ਰੇਟ, ਜੱਜ, ਰਜਿਸਟਰੀ, ਅਪੀਲ, ਟੀ.ਵੀ., ਨਰਸ, ਡਾਕਟਰ, ਮਿਕਸਚਰ, ਐਕਸਰੇ, ਟੈਸਟ, ਉਪਰੇਸ਼ਨ, ਡੋਜ਼, ਹਾਰਟ ਫੇਲ੍ਹ, ਕੈਮਿਸਟ, ਸਟਰੇਚਰ, ਕੰਪਾਊਡਰ, ਐਲੋਪੈਥੀ, ਟਾਇਫਾਈਡ, ਡੈਸਕ, ਬਲੈਕ ਬੋਰਡ, ਚਾਕ, ਰਜਿਸਟਰ, ਡਸਟਰ, ਪਿੰਨ, ਪੈਂਸਿਲ, ਕਾਪੀ, ਟੀਚਰ, ਫ਼ੀਸ, ਸਕੂਲ, ਕਾਲਜ, ਪ੍ਰੋਫ਼ੈਸਰ, ਪ੍ਰਿੰਸੀਪਲ, ਲੈਕਚਰ, ਲੈਕਚਰਾਰ, ਪੀਰੀਅਡ, ਸਿਲੇਬਸ, ਕੋਰਸ, ਮਾਸਟਰ, ਕਲਾਸ, ਡਿਵੀਜ਼ਨ, ਨੰਬਰ, ਸਟੇਸ਼ਨਰੀ, ਸਾਇੰਸ, ਰਿਜ਼ਲਟ, ਇਲੈਕਸ਼ਨ, ਵੋਟ, ਵੋਟਰ, ਸੀਟ, ਰਿਜ਼ਰਵ ਸੀਟ, ਅਸੈਂਬਲੀ, ਪਾਰਲੀਮੈਂਟ, ਹਾਊਸ, ਐਮ.ਪੀ., ਐਮ.ਐਲ.ਏ., ਸਪੀਕਰ, ਅਪੋਜੀਸ਼ਨ, ਬਿੱਲ, ਐਕਟ, ਬਾਈ ਇਲੈਕਸ਼ਨ, ਪਾਰਟੀ, ਕੋਰਸ, ਮੇਅਰ, ਰਿਟ, ਐਮ.ਸੀ., ਕੋਆਪਟ, ਗਲਾਸ, ਕੱਪ, ਪੈੱਗ, ਫਰਾਈ, ਗੈਸਟ, ਟੂਰ, ਡਾਂਸ, ਫਲੈਸ਼, ਸਵੀਪ, ਮਿਊਜ਼ਿਕ, ਆਰਕੈਸਟਰਾ, ਕੈਫ਼ੇ, ਵਿਸਕੀ, ਬਰਾਂਡੀ, ਸ਼ੈਂਪੇਨ, ਟੋਸਟ, ਕਾਕਟੇਲ, ਲੰਚ, ਡਿਨਰ, ਬਰੇਕਫ਼ਾਸਟ, ਟੀ ਪਾਰਟੀ, ਗਾਰਡਨ ਪਾਰਟੀ, ਵਾਰ, ਅਟੈਕ, ਫਰੰਟ, ਆਰਮੀ, ਕਮਿਸ਼ਨ, ਮੈਡਲ, ਵਾਇਰਲੈਸ, ਲਾਈਟ ਆਊਟ, ਬਲੈਕ ਆਊਟ, ਟੈਂਕ, ਰਾਡਾਰ, ਗਰਨੇਡ, ਬਾਰਡਰ, ਕੈਂਪ, ਆਦ ਅਨੇਕਾਂ ਸ਼ਬਦ ਲੜੀਆਂ ਹਨ ਜੋ ਅੰਗਰੇਜ਼ੀ ਤੋਂ ਆ ਕੇ ਸਾਡੇ ਜੀਵਨ ਤੇ ਭਾਸ਼ਾ ਦਾ ਅੰਗ ਬਣ ਗਈਆਂ ਹਨ।

ਕੁਝ ਅਜਿਹੇ ਅੰਗਰੇਜ਼ੀ ਸ਼ਬਦ ਵੀ ਹਨ, ਜਿਨ੍ਹਾਂ ਦੇ ਪੰਜਾਬੀ ਰੂਪਾਂਤਰ ਵਰਤੇ ਜਾਂਦੇ ਹਨ, ਜਿਵੇਂ ਬਲਬ ਲਈ ਲਾਟੂ, ਸਾਈਕਲ ਦੇ ਰਿਮ ਲਈ ਚੱਕਾ, ਸਕਰੀਊ ਡਰਾਈਵਰ ਲਈ ਪੇਚਕਸ, ਪੰਪਿੰਗ ਸੈੱਟ ਲਈ ਬੰਬੀ, ਟਰੈਕਟਰ ਦੇ ਹੈਰੋਜ਼ ਲਈ ਤਵੀਆਂ, ਕਿਲੋਗਰਾਮ ਲਈ ਕਿਲੋ, ਰੇਲਵੇ ਲਈ ਪੱਟੜੀ, ਪਲਾਇਰਜ਼ ਲਈ ਪਲਾਸ, ਸਪੈਨਰ ਲਈ ਪਾਨਾ, ਟੈਲੀਗਰਾਮ ਲਈ ਤਾਰ, ਫ਼ੈਨ ਲਈ ਪੱਖਾ, ਮੈਟਰਨਿਟੀ ਹੋਮ ਲਈ ਪ੍ਰਸੂਤੀ ਘਰ, ਡਿਟੈਨਸ਼ਨ ਲਈ ਨਜ਼ਰਬੰਦ ਆਦ। ਕੁਝ ਅਜਿਹੇ ਸ਼ਬਦ ਵੀ ਹਨ, ਜਿਥੇ ਕੋਡ ਮਿਸ਼ਰਨ ਕੀਤਾ ਗਿਆ ਹੈ, ਜਿਵੇਂ ਕਪੜਾ ਮਿੱਲ, ਸ਼ੇਅਰਧਾਰੀ, ਬੋਨਸ ਭੁਗਤਾਨ, ਲੇਖਾ-ਮਸ਼ੀਨ, ਦਾਖ਼ਲਾ ਰਜਿਸਟਰ, ਦਾਖ਼ਲਾ ਫਾਰਮ, ਦਾਖ਼ਲਾ ਫ਼ੀਸ, ਸਲਾਹਕਾਰ ਬੋਰਡ, ਡਿਸਪੈਚ-ਸੂਚਨਾ, ਹਵਾਈ ਕੰਪਨੀ, ਐਂਗਲੋ ਭਾਰਤੀ, ਬੈਂਕ ਦਰ, ਆਦ ਅਨੇਕਾਂ ਸ਼ਬਦ ਦੇਖੇ ਜਾ ਸਕਦੇ ਹਨ।

ਆਧੁਨਿਕੀਕਰਨ ਅਤੇ ਅਨੁਵਾਦ ਦੇ ਨਾਂ 'ਤੇ ਪਿਛਲੇ ਕੁਝ ਦਹਾਕਿਆਂ ਵਿਚ ਸਰਕਾਰੀ ਏਜੰਸੀਆਂ ਨੇ ਜਿਹੜੀਆਂ ਵੱਖ-ਵੱਖ ਸ਼ਬਦ ਸੂਚੀਆਂ ਤਿਆਰ ਕੀਤੀਆਂ ਹਨ, ਉਨ੍ਹਾਂ ਦਾ ਵੇਰਵਾ ਤੇ ਅਧਿਐਨ ਇਥੇ ਸੰਭਵ ਨਹੀਂ। ਪਰ ਇਨ੍ਹਾਂ ਵਿਚ ਇਹੋ

ਜਿਹੇ ਤਕਨੀਕੀ ਤੇ ਪਰਿਭਾਸ਼ਕ ਸ਼ਬਦ ਘੜੇ ਗਏ ਹਨ, ਜੋ ਵਿਹਾਰ ਵਿਚ ਸੰਭਵ ਨਹੀਂ, ਇਨ੍ਹਾਂ ਵਿਚੋਂ ਕੁਝ ਸ਼ਬਦ ਹੀ ਦਫ਼ਤਰੀ ਜਾਂ ਹੋਰ ਸਮਾਜਕ ਲੋੜਾਂ ਵਿਚ ਪ੍ਰਚਲਿਤ ਹੋ ਸਕੇ ਹਨ, ਜਿਨ੍ਹਾਂ ਵਿਚ ਵੀ ਅੱਗੇ ਵਧੇਰੇ ਤਾਦਾਦ ਅੰਗਰੇਜ਼ੀ ਤਕਨੀਕੀ ਸ਼ਬਦਾਵਲੀ ਦੀ ਹੈ।

ਇਸ ਸ਼ਬਦਾਵਲੀ ਨੂੰ ਰਜਿਸਟਰ ਦੀ ਸੰਕਲਪਨਾ ਦੇ ਪੱਖੋਂ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

ੳ) ਵਾਰਤਾ ਦੇ ਖੇਤਰ

ਅ) ਵਾਰਤਾ ਦੇ ਪ੍ਰਕਾਰ

ੲ) ਵਾਰਤਾ ਦੀ ਸ਼ੈਲੀ

ੳ) ਵਾਰਤਾ ਦੇ ਖ਼ੇਤਰ ਵਿਚ ਭਾਸ਼ਾ ਰੂਪਾਂ ਵਿਚ ਵਿਸ਼ੇ ਦੇ ਤਕਨੀਕੀ ਜਾਂ ਗ਼ੈਰ-ਤਕਨੀਕੀ ਹੋਣ ਕਾਰਨ ਜੋ ਵਰਤੋਂ-ਗਤ ਭੇਦ ਪੈਦਾ ਹੋ ਜਾਂਦੇ ਹਨ, ਉਨ੍ਹਾਂ ਦੇ ਆਧਾਰ 'ਤੇ ਹੀ ਰਜਿਸਟਰ ਨੂੰ ਤਕਨੀਕੀ ਜਾਂ ਗ਼ੈਰ-ਤਕਨੀਕੀ ਰੂਪਾਂ ਵਿਚ ਵੰਡਿਆ ਜਾ ਸਕਦਾ ਹੈ। ਅਜਿਹੇ ਵਿਸ਼ਿਆਂ ਦੀ ਭਾਸ਼ਾ ਵਿਚ ਵਿਸ਼ੇ ਦੇ ਸਿਧਾਂਤ ਦੀ ਲੋੜ ਅਨੁਸਾਰ ਤਕਨੀਕੀ ਸ਼ਬਦਾਵਲੀ ਦੀ ਵਰਤੋਂ ਹੁੰਦੀ ਹੈ। ਅਜਿਹੀ ਸ਼ਬਦਾਵਲੀ, ਰੇਡੀਓ ਭਾਸ਼ਾ, ਦਫ਼ਤਰੀ ਭਾਸ਼ਾ, ਖੇਤੀ ਬਾੜੀ ਤੇ ਹੋਰ ਕਿੱਤਿਆਂ ਦੇ ਤਕਨੀਕੀ ਪੱਖ ਨਾਲ ਸੰਬੰਧਿਤ ਹੁੰਦੀ ਹੈ।

ਅ) ਵਾਰਤਾ ਪ੍ਰਕਾਰ ਦੇ ਅੰਤਰਗਤ ਭਾਸ਼ਾ ਨੂੰ ਮੌਖਿਕ ਅਤੇ ਲਿਖਤ ਰਜਿਸਟਰਾਂ ਵਿਚ ਵੰਡਿਆ ਜਾਂਦਾ ਹੈ। ਲਿਖਤ ਭਾਸ਼ਾ ਨੂੰ ਦੁਬਾਰਾ ਵਿਸ਼ੇ ਜਾਂ ਸਥਿਤੀ ਦੇ ਆਧਾਰ 'ਤੇ ਵੰਡਿਆ ਜਾ ਸਕਦਾ ਹੈ, ਜਿਵੇਂ ਪੱਤਰਕਾਰੀ ਤੇ ਵਿਗਿਆਪਨਾਂ ਦੀ ਭਾਸ਼ਾ ਲਿਖਤ ਭਾਸ਼ਾ ਦੇ ਅੰਤਰਗਤ ਆਏਗੀ। ਰੇਡੀਓ ਸਮਾਚਾਰਾਂ ਦੀ ਭਾਸ਼ਾ ਮੌਖਿਕ ਹੁੰਦੇ ਹੋਏ ਵੀ ਲਿਖਤ ਦਾ ਉਚਾਰਨ ਰੂਪ ਹੋਵੇਗੀ।

ੲ) ਵਾਰਤਾ ਸ਼ੈਲੀ ਅਨੁਸਾਰ ਭਾਸ਼ਾ ਵਿਹਾਰ ਦੇ ਆਧਾਰ ਨਾਲ ਜੁੜੇ ਵਿਅਕਤੀਆਂ ਦੇ ਆਧਾਰ 'ਤੇ ਉਪਚਾਰਕ (formal) ਅਤੇ ਅਨਉਪਚਾਰਕ (informal) ਭਾਸ਼ਾ ਰੂਪ ਨਿਸ਼ਚਿਤ ਕੀਤਾ ਜਾ ਸਕਦਾ ਹੈ, ਜਿਵੇਂ ਰੇਡੀਓ ਜਾਂ ਬਿਜਲਈ ਸੰਚਾਰ ਮਾਧਿਅਮਾਂ 'ਤੇ ਵਾਰਤਾ ਸ਼ੈਲੀ ਨੂੰ ਵੱਧ ਤੋਂ ਵੱਧ ਉਪਚਾਰਕ ਪੱਧਰ 'ਤੇ ਰਖਿਆ ਜਾਂਦਾ ਹੈ ਪਰ ਇਸ ਉਪਚਾਰਕ ਦਾ ਰੁਖ ਹਮੇਸ਼ਾ ਅਨਉਪਚਾਰਕ ਵੱਲ ਹੁੰਦਾ ਹੈ। ਸੰਦਰਭ ਤੇ ਸਥਿਤੀ ਦੇ ਅੰਤਰਗਤ ਉਪਚਾਰਕ ਤੇ ਅਨਉਪਚਾਰਕ ਦੇ ਪੱਧਰ ਬਦਲਦੇ ਰਹਿੰਦੇ ਹਨ।

ਹੇਠਾਂ ਅਸੀਂ ਕੁਝ ਮਾਡਲਾਂ ਦੀ ਸਹਾਇਤਾ ਨਾਲ ਵਿਭਿੰਨ ਪ੍ਰਸੰਗਾਂ ਵਿਚ ਵਰਤੋਂ ਵਿਚ ਆਉਣ ਵਾਲੀ ਤਕਨੀਕੀ ਸ਼ਬਦਾਵਲੀ ਨੂੰ ਵਾਚਣ ਦਾ ਜਤਨ ਕਰਾਂਗੇ:

ਟਾਈਪ-1 : ਗ੍ਰਹਿਣ ਕਰਨ ਵਾਲੀ ਭਾਸ਼ਾ ਵਿਚ ਪਹਿਲਾਂ ਹੀ ਕੁਝ ਸ਼ਬਦ ਇਸ ਪ੍ਰਕਾਰ ਦੇ ਮੌਜੂਦ ਹਨ ਜੋ ਦਾਤੀ ਭਾਸ਼ਾ (Donor language) ਤੋਂ ਪ੍ਰਭਾਵਤ

ਹੁੰਦੇ ਹਨ। ਸਿੱਟੇ ਵਜੋਂ ਉਨ੍ਹਾਂ ਸ਼ਬਦਾਂ ਦੀ ਵਰਤੋਂ ਨਵੇਂ ਪ੍ਰਸੰਗਾਂ ਵਿਚ ਉਨ੍ਹਾਂ ਦੇ ਅਰਥ-ਵਿਸਥਾਰ ਦਾ ਕਾਰਣ ਬਣਦੀ ਹੈ। ਜਿਵੇਂ:

ਸਾਮੱਗਰੀ : ਪ੍ਰਾਪਤ ਭਾਸ਼ਾ + ਮੌਜੂਦ ਅਭਿਵਿਅਕਤੀ
ਭਾਸ਼ਾਈ ਢਾਂਚਾ : ਦੇਸੀ
ਪ੍ਰਕਿਰਿਆ : ਵਰਤੋਂ ਵਿਹਾਰ ਦਾ ਵਿਸਥਾਰ

ਮਾਡਲ	**ਅਭਿਵਿਅਕਤੀ ਮੂਲਕ ਸੰਕੋਚ**	**ਮੌਜੂਦ ਅਭਿਵਿਅਕਤੀ**
ਇਲੈਕਟਰੀਸਿਟੀ	ਬਿਜਲੀ	ਵਿਧੁਤ (ਹਿ.)
ਆਲ ਇੰਡੀਆ ਰੇਡੀਓ	ਅਕਾਸ਼ਬਾਣੀ	ਦੇਵਬਾਣੀ
ਰੀਲੀਜ਼	ਵਿਮੋਚਨ/ਘੁੰਡ ਚੁਕਾਈ	ਮੁਕਤ ਕਰਨਾ
ਓਥ	ਸਹੁੰ	ਕਸਮ
ਸਟਾਰ	ਸਿਤਾਰਾ	ਤਾਰਾ

ਟਾਈਪ-2 : ਇਹ ਪਹਿਲੀ ਟਾਈਪ ਤੋਂ ਬਿਲਕੁਲ ਉਲਟ ਹੁੰਦੀ ਹੈ। ਇਸ ਵਿਚ ਸਾਮੱਗਰੀ ਦਾ ਸੂਤਰ ਤਾਂ ਪ੍ਰਾਪਤ ਭਾਸ਼ਾ ਵਿਚ ਹੀ ਹੁੰਦਾ ਹੈ ਪਰ ਵਿਸਥਾਰ ਦੀ ਬਜਾਏ ਅਰਥ-ਸੰਕੋਚ ਹੁੰਦਾ ਹੈ। ਸ਼ਬਦ, ਪਹਿਲਾਂ ਵਧੇਰੇ ਪ੍ਰਸੰਗਾਂ ਵਿਚ ਵਰਤਿਆ ਜਾਂਦਾ ਸੀ, ਹੁਣ ਉਸਦੀ ਵਰਤੋਂ ਵਿਹਾਰ ਨੂੰ ਸੀਮਤ ਕਰ ਦਿੱਤਾ ਜਾਂਦਾ ਹੈ:

ਸਾਮੱਗਰੀ : ਪ੍ਰਾਪਤ ਭਾਸ਼ਾ + ਮੌਜੂਦ ਅਭਿਵਿਅਕਤੀ
ਭਾਸ਼ਾਈ ਢਾਂਚਾ : ਦੇਸੀ
ਪ੍ਰਕਿਰਿਆ : ਵਰਤੋਂ ਵਿਹਾਰ ਦਾ ਸੰਕੋਚ

ਮਾਡਲ	**ਅਭਿਵਿਅਕਤੀ ਮੂਲਕ ਸੰਕੋਚ**	**ਮੌਜੂਦ ਅਭਿਵਿਅਕਤੀ**
ਮਨਿਸਟਰ	ਮੰਤਰੀ	ਵਿਭਾਗ ਦਾ ਮੁਖੀ, ਮੰਤਰੀ
ਸੈਕਰੇਟਰੀ	ਸਕੱਤਰ	ਸਲਾਹਕਾਰ
ਸੈਂਸਜ਼	ਮਰਦਮਸ਼ੁਮਾਰੀ	ਗਿਣਤੀ
ਪਾਰਲੀਆਮੈਂਟ	ਸੰਸਦ	ਪਰੀਸ਼ਦ, ਧਾਰਮਕ ਸੰਸਥਾ
ਕਮਿਸ਼ਨ	ਕਮਿਸ਼ਨਰ	ਜੁੜਿਆ ਹੋਇਆ

ਟਾਈਪ-3 : ਇਸ ਟਾਈਪ ਵਿਚ ਦਾਤੀ ਭਾਸ਼ਾ ਕੋਲੋਂ ਕਈ ਨਵੇਂ ਸੰਕਲਪਾਂ ਸੰਬੰਧੀ ਸ਼ਬਦ ਦੂਸਰੀ ਭਾਸ਼ਾ ਗ੍ਰਹਿਣ ਕਰਕੇ ਉਸਦੇ ਬਰਾਬਰ ਦੇ ਸ਼ਬਦ ਘੜਨ ਦੀ ਕੋਸ਼ਿਸ਼ ਕਰਦੀ ਹੈ:

ਸਾਮੱਗਰੀ : ਪ੍ਰਾਪਤ ਭਾਸ਼ਾ + ਗ਼ੈਰ-ਹਾਜ਼ਰ ਅਭਿਵਿਅਕਤੀ

ਭਾਸ਼ਾਈ ਢਾਂਚਾ : ਦੇਸੀ
ਪ੍ਰਕਿਰਿਆ : ਨਿਰਮਾਣ

ਮਾਡਲ	ਸਿਰਜਤ ਅਭਿਵਿਅਕਤੀ
ਸਟੈਂਡਰਡ	ਮਿਆਰੀ
ਨੈਪੋਟਿਜ਼ਮ	ਭਾਈ-ਭਤੀਜਾਵਾਦ
ਸਟੈਰੇਲਾਇਜੇਸ਼ਨ	ਨਸਬੰਦੀ
ਲਿਟਰੇਸੀ	ਸਾਖਰਤਾ
ਰੈੱਡ-ਟੇਪਇਜ਼ਮ	ਲਾਲਫੀਤਾਸ਼ਾਹੀ
ਟੋਕਨ	ਨਿਸ਼ਾਨੀ
ਟਰੈਫ਼ਿਕ	ਆਵਾਜਾਈ

ਟਾਇਪ-4 : ਇਸ ਟਾਇਪ ਵਿਚ ਦਾਤੀ ਭਾਸ਼ਾ ਦੇ ਸ਼ਬਦ ਜਾਂ ਅਭਿਵਿਅਕਤੀ ਦੇ ਅਰਥ ਅਤੇ ਭਾਵ ਦੇ ਆਧਾਰ 'ਤੇ ਪ੍ਰਾਪਤ ਭਾਸ਼ਾ ਵਿਚ ਦੁਬਾਰਾ ਪੇਸ਼ਕਾਰੀ ਹੁੰਦੀ ਹੈ:

ਸਾਮੱਗਰੀ : ਪ੍ਰਾਪਤ ਭਾਸ਼ਾ + ਗ਼ੈਰ-ਹਾਜ਼ਰ ਅਭਿਵਿਅਕਤੀ
ਭਾਸ਼ਾਈ ਢਾਂਚਾ : ਦੇਸੀ
ਪ੍ਰਕਿਰਿਆ : ਦੁਬਾਰਾ ਪੇਸ਼ਕਾਰੀ

ਮਾਡਲ	ਦੁਬਾਰਾ ਪੇਸ਼ ਅਭਿਵਿਅਕਤੀ
ਡੈਥ ਐਨੀਵਰਸਿਰੀ	ਬਰਸੀ
ਟਗ-ਆਫ-ਵਾਰ	ਰੱਸਾਕਸ਼ੀ
ਨਾਨ-ਐਲਾਇਨ	ਗੁੱਟ ਨਿਰਲੇਪ
ਪਰੋਲੇਤਾਰਿਅਤ	ਸਰਬਹਾਰਾ
ਕਾਮਾ	ਅਲਪਵਿਰਾਮ
ਫੁੱਲ ਸਟਾਪ	ਪੂਰਨ ਵਿਰਾਮ

ਟਾਇਪ-5 : ਇਸ ਟਾਇਪ ਵਿਚ ਪ੍ਰਾਪਤ ਭਾਸ਼ਾ ਦਾਤੀ ਭਾਸ਼ਾ ਦੀ ਅਭਿਵਿਅਕਤੀ ਦੇ ਇਕ ਇਕ ਅੰਸ਼ ਦਾ ਸ਼ਾਬਦਿਕ ਅਨੁਵਾਦ ਕਰਕੇ ਦਾਤੀ ਭਾਸ਼ਾ ਦੇ ਸਮਾਨੰਤਰ ਨਵੀਆਂ ਇਕਾਈਆਂ ਦਾ ਨਿਰਮਾਣ ਕਰਦੀ ਹੈ:

ਮਾਡਲ	ਅਨੁਵਾਦਤ ਅਭਿਵਿਅਕਤੀ
ਸੋਸ਼ਲ ਵੈਲਫੇਅਰ	ਸਮਾਜ ਕਲਿਆਣ
ਪੀਸ ਕਾਨਫ਼ਰੰਸ	ਸ਼ਾਂਤੀ ਸੰਮੇਲਨ
ਸਿਕਿਉਰਿਟੀ ਕੌਂਸਲ	ਸੁਰੱਖਿਆ ਪ੍ਰੀਸ਼ਦ
ਸੋਲਰ ਐਨਰਜੀ	ਸੂਰਜੀ ਸ਼ਕਤੀ

ਰੈਡ ਟੇਪਇਜ਼ਮ	ਲਾਲ ਫੀਤਾ-ਸ਼ਾਹੀ
ਏਅਰ ਪਲਿਊਸ਼ਨ	ਹਵਾਈ ਪ੍ਰਦੂਸ਼ਨ
ਸਿਕਿਉਰਿਟੀ ਬਾਂਡ	ਜ਼ਮਾਨਤਨਾਮਾ
ਸੈਟੂਟਰੀ ਪਾਵਰ	ਕਾਨੂੰਨੀ ਅਖ਼ਤਿਆਰ
ਇੰਡਸਟਰੀਅਲ ਡਿਵੈਲਪਮੈਂਟ	ਉਦਯੋਗਿਕ ਵਿਕਾਸ

ਟਾਇਪ-6 : ਇਸ ਟਾਇਪ ਵਿਚ ਦਾਤੀ ਭਾਸ਼ਾ ਦੇ ਸੰਯੁਕਤ ਸ਼ਬਦ ਦੇ ਇਕ ਹਿੱਸੇ ਦੀ ਦੁਬਾਰਾ ਪੇਸ਼ਕਾਰੀ ਅਤੇ ਦੂਸਰੇ ਹਿੱਸੇ ਦਾ ਅਨੁਵਾਦ ਕਰਕੇ ਪ੍ਰਾਪਤ ਭਾਸ਼ਾ ਵਿਚ ਇਕ ਨਵੇਂ ਸ਼ਬਦ ਦੀ ਰਚਨਾ ਹੁੰਦੀ ਹੈ:

ਸਾਮੱਗਰੀ : ਪ੍ਰਾਪਤ ਭਾਸ਼ਾ
ਭਾਸ਼ਾਈ ਢਾਂਚਾ : ਵਿਦੇਸ਼ੀ
ਪ੍ਰਕਿਰਿਆ : ਮਿਲਾਉਣਾ

ਮਾਡਲ	**ਮਿਸ਼ਰਤ ਸ਼ਬਦ**
ਰੀਵਾਈਜ਼ਡ ਬਜਟ	ਸੋਧਿਆ ਬਜਟ
ਕਾਂਸਟੀਚਿਊਸ਼ਨਲ ਰੀਫਾਰਮ	ਸੰਵਿਧਾਨਕ ਰੀਫਾਰਮ
ਕਾਪਿੰਗ ਫੀਸ	ਨਕਲਫੀਸ
ਡੇਲੀ ਡਾਇਰੀ	ਰੋਜ਼ਾਨਾ ਡਾਇਰੀ
ਡਿਸਓਨਰਡ ਚੈੱਕ	ਅਸਵੀਕ੍ਰਿਤ ਚੈੱਕ
ਡਿਸਟ੍ਰਿਕਟ ਬੋਰਡ	ਜ਼ਿਲ੍ਹਾ ਬੋਰਡ
ਇੰਸਪੈਕਸ਼ਨ ਕਮੇਟੀ	ਨਿਰੀਖਣ ਕਮੇਟੀ
ਮੀਟਰ ਬੁਕ	ਮੀਟਰ ਪੁਸਤਕ

ਟਾਇਪ-7 : ਇਸ ਟਾਇਪ ਵਿਚ ਦਾਤੀ ਭਾਸ਼ਾ ਨਾਲ ਸੰਬੰਧਤ ਵਸਤ ਜਾਂ ਵਿਹਾਰ ਨੂੰ ਗ੍ਰਹਿਣ ਕਰਨ ਦੇ ਨਾਲ ਨਾਲ ਉਹਦੀ ਪ੍ਰਗਟਾਊ ਵਿਧੀ ਨੂੰ ਪ੍ਰਾਪਤ ਭਾਸ਼ਾ ਅਪਨਾ ਲੈਂਦੀ ਹੈ। ਇਹ ਪ੍ਰਕਿਰਿਆ ਬਿਨਾਂ ਕਿਸੇ ਉਚਾਰਨ-ਪਰਿਵਰਤਨ ਦੇ ਹੁੰਦੀ ਹੈ:

ਸਾਮੱਗਰੀ : ਦਾਤੀ ਭਾਸ਼ਾ
ਭਾਸ਼ਾਈ ਢਾਂਚਾ : ਵਿਦੇਸ਼ੀ
ਪ੍ਰਕਿਰਿਆ : ਧੁਨੀ ਰੂਪਾਂਤਰ

ਮਾਡਲ	**ਪ੍ਰਾਪਤ ਕੀਤੀ ਪੇਸ਼ਕਾਰੀ**
ਨੋਟਿਸ	ਨੋਟਿਸ
ਲਾਇਸੈਂਸ	ਲਾਇਸੈਂਸ

ਬੋਨਸ	ਬੋਨਸ
ਕੰਪਿਊਟਰ	ਕੰਪਿਊਟਰ
ਸੈਂਟੀਮੀਟਰ	ਸੈਂਟੀਮੀਟਰ
ਕਰਫ਼ਿਊ	ਕਰਫ਼ਿਊ
ਡੇਰੀ	ਡੇਰੀ
ਡੀਪੂ ਹੋਲਡਰ	ਡੀਪੂ ਹੋਲਡਰ

ਟਾਇਪ-8 : ਇਸ ਟਾਇਪ ਵਿਚ ਵੀ ਪਿਛਲੀ ਪ੍ਰਕਿਰਿਆ ਵਾਂਗ ਸ਼ਬਦਾਂ ਨੂੰ ਬਿਨਾਂ ਕਿਸੇ ਅਨੁਵਾਦ ਦੇ ਦਾਤੀ ਭਾਸ਼ਾ ਤੋਂ ਗ੍ਰਹਿਣ ਕੀਤਾ ਜਾਂਦਾ ਹੈ। ਫਰਕ ਸਿਰਫ਼ ਏਨਾ ਹੈ ਕਿ ਇਸ ਪ੍ਰਕਿਰਿਆ ਵਿਚ ਪ੍ਰਾਪਤ ਭਾਸ਼ਾ ਦੀਆਂ ਧੁਨੀਆਂ ਅਤੇ ਲੋਕਾਂ ਦੇ ਉਚਾਰਨ ਵਿਚ ਪਰਿਵਰਤਨ ਹੁੰਦਾ ਹੈ:

ਮਾਡਲ	**ਰੂਪਾਂਤਰਿਤ ਪੇਸ਼ਕਾਰੀ**
ਅਕੈਡਮੀ	ਅਕਾਡਮੀ/ਅਕਾਦਮੀ
ਟੇਕਨੀਕ	ਤਕਨੀਕ
ਟ੍ਰੈਜਡੀ	ਤ੍ਰਾਸਦੀ
ਇੰਟਰਿਮ	ਅੰਤਰਮ
ਕਾਮੇਡੀ	ਕਾਮਦੀ
ਲਾਇਸੈਂਸ	ਲਸੈਂਸ
ਰਾਈਫ਼ਲ	ਰਫ਼ਲ
ਰਿਪੋਰਟ	ਰਪੋਟ
ਹਾਸਪੀਟਲ	ਹਸਪਤਾਲ

ਟਾਇਪ-9 : ਕਈ ਵਾਰ ਕਿਸੇ ਵਸਤੂ ਜਾਂ ਸੰਕਲਪ ਸੰਬੰਧੀ ਪ੍ਰਾਪਤ ਭਾਸ਼ਾ ਵਿਚ ਸ਼ਬਦ ਹੁੰਦੇ ਹੋਏ ਵੀ ਉਹ ਦਾਤੀ ਭਾਸ਼ਾ ਵਿਚ ਮੌਜੂਦ ਪੇਸ਼ਕਾਰੀ ਦੇ ਸਮਾਨੰਤਰ ਇਕ ਨਵੀਂ ਇਕਾਈ ਘੜ ਲੈਂਦੀ ਹੈ। ਇਸ ਤਰ੍ਹਾਂ ਪ੍ਰਾਪਤ ਭਾਸ਼ਾ ਵਿਚ ਦੋ ਦੋ ਪੇਸ਼ਕਾਰੀਆਂ ਦੀ ਵਰਤੋਂ ਹੋਣ ਲਗਦੀ ਹੈ:

ਸਾਮੱਗਰੀ : ਪ੍ਰਾਪਤ ਭਾਸ਼ਾ
ਭਾਸ਼ਾਈ ਢਾਂਚਾ : ਦੇਸੀ/ਵਿਦੇਸ਼ੀ
ਪ੍ਰਕਿਰਿਆ : ਦੋਹਰੀ

ਮਾਡਲ	**ਦੋਹਰੀ**
ਹੰਗਰ ਸਟਰਾਈਕ	ਆਨਸ਼ਨ/ਭੁੱਖ ਹੜਤਾਲ
ਰੇਜ਼ੀਗਨੇਸ਼ਨ	ਅਸਤੀਫ਼ਾ/ਤਿਆਗ ਪੱਤਰ
ਮੈਟਿਰਨਟੀ ਹੋਮ	ਪ੍ਰਸੂਤੀ ਘਰ/ਜੱਚਾ ਘਰ

ਅੰਡਰਗਰਾਊਂਡ	ਅਗਿਆਤਵਾਸ/ਇਕਾਂਤਵਾਸ
ਬਲੈਡਰ	ਮਸਾਨਾ/ਬਲੈਡਰ
ਕਾਊਂਟਰ ਪਾਰਟ	ਪ੍ਰਤਿ ਵਸਤੂ/ਪ੍ਰਤਿ ਰੂਪ
ਐਨਡੋਰਸਮੈਂਟ	ਪਿੱਠ ਅੰਕਣ/ਪ੍ਰੋੜਤਾ

ਉਪਰੋਕਤ ਅਧਿਐਨ ਤੋਂ ਪਤਾ ਲਗਦਾ ਹੈ ਕਿ ਆਧੁਨਿਕੀਕਰਨ ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ 'ਤੇ ਵੀ ਹੋਰ ਭਾਰਤੀ ਭਾਸ਼ਾਵਾਂ ਵਾਂਗ ਅੰਗਰੇਜ਼ੀ ਭਾਸ਼ਾ ਦਾ ਦਬਾਅ ਹੈ, ਜਿਸ ਕਾਰਨ ਉਸ ਕੋਲੋਂ ਬਹੁਤ ਸਾਰੇ ਸ਼ਬਦ ਉਧਾਰੇ ਲਏ ਗਏ ਹਨ। ਪਰ ਪੰਜਾਬੀ ਭਾਸ਼ਾ ਕੋਲ ਇਕ ਹੋਰ ਸਰੋਤ ਹਿੰਦੀ ਭਾਸ਼ਾ ਦਾ ਵੀ ਹੈ, ਜੋ ਕਿ ਰਾਸ਼ਟਰੀ ਭਾਸ਼ਾ ਹੈ। ਇਸ ਲਈ ਪੰਜਾਬੀ ਕੋਲ ਆਧੁਨਿਕੀਕਰਨ ਲਈ ਦੋ ਸਰੋਤ ਹਨ, ਜਿਨ੍ਹਾਂ ਕੋਲੋਂ ਅਸੀਂ ਆਪਣੀਆਂ ਵਰਤਮਾਨ ਲੋੜਾਂ ਲਈ ਸ਼ਬਦ-ਸਾਮੱਗਰੀ ਗ੍ਰਹਿਣ ਕਰ ਸਕਦੇ ਹਾਂ। ਪਰ ਇਥੇ ਇਸ ਗੱਲ ਦਾ ਧਿਆਨ ਰਖਣਾ ਬਹੁਤ ਜ਼ਰੂਰੀ ਹੈ ਕਿ ਕੇਵਲ ਉਹੀ ਸ਼ਬਦ ਅਪਨਾਏ ਜਾਣ ਜੋ ਪੰਜਾਬੀ ਭਾਸ਼ਾ ਸਮੁਦਾਏ ਨੂੰ ਪ੍ਰਵਾਨ ਹੋਣ ਤੇ ਜਿਨ੍ਹਾਂ ਨੂੰ ਆਪਣੀ ਭਾਸ਼ਾ ਵਿਚ ਆਪਣੀ ਲੋੜ ਮੁਤਾਬਕ ਸਮਾਇਆ ਜਾ ਸਕੇ। ਅੰਧਾਧੁੰਦ ਨਕਲ ਜਾਂ ਹੂ-ਬ-ਹੂ ਸ਼ਬਦੀ ਅਨੁਵਾਦ, ਜਿਥੇ ਇਸ ਪ੍ਰਕਿਰਿਆ ਵਿਚ ਵਿਹਾਰਕ ਪੱਖ ਤੋਂ ਮੁਸ਼ਕਲਾਂ ਪੈਦਾ ਕਰਨਗੇ, ਉਥੇ ਭਾਸ਼ਾ ਦੀ ਆਪਣੀ ਸੰਰਚਨਾ ਵਿਚ ਵੀ ਘੁਸਪੈਠ ਕਰਕੇ ਦਖ਼ਲ-ਅੰਦਾਜ਼ੀ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਲਈ ਇਨ੍ਹਾਂ ਤੋਂ ਬਚਣਾ ਆਧੁਨਿਕੀਕਰਨ ਦੀ ਪ੍ਰਕਿਰਿਆ ਲਈ ਬਹੁਤ ਲਾਜ਼ਮੀ ਹੈ।

ਪੁਸਤਕ ਸੂਚੀ

ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਤ ਸ਼ਬਦਾਵਲੀਆਂ :

1. ਅੰਗਰੇਜ਼ੀ-ਪੰਜਾਬੀ ਪ੍ਰਬੰਧਕੀ ਸ਼ਬਦਾਵਲੀ – 1990.
2. ਅੰਗਰੇਜ਼ੀ-ਪੰਜਾਬੀ ਪਦਨਾਮ ਸ਼ਬਦਾਵਲੀ – 1990
3. ਅੰਗਰੇਜ਼ੀ-ਪੰਜਾਬੀ ਲਾਇਬ੍ਰੇਰੀ ਵਿਗਿਆਨ ਸ਼ਬਦਾਵਲੀ – 1995
4. ਅੰਗਰੇਜ਼ੀ-ਪੰਜਾਬੀ ਵਣ-ਵਿਗਿਆਨ ਸ਼ਬਦਾਵਲੀ – 1995
5. ਅੰਗਰੇਜ਼ੀ-ਪੰਜਾਬੀ ਸਾਹਿਤ ਸ਼ਬਦਾਵਲੀ – 1988
6. ਅੰਗਰੇਜ਼ੀ-ਪੰਜਾਬੀ ਇੰਜੀਨੀਅਰਿੰਗ ਸ਼ਬਦਾਵਲੀ – 1995
7. ਸਰਕਾਰੀ ਪੱਤਰ-ਵਿਹਾਰ – 1994

ਪਾਕਿਸਤਾਨ ਦੇ ਭਾਸ਼ਾਈ ਸਰੋਕਾਰ ਤੇ ਪੰਜਾਬੀ

ਪਾਕਿਸਤਾਨ ਦੀ ਭਾਸ਼ਾਈ ਸਮੱਸਿਆ ਵੀ ਭਾਰਤ ਵਾਂਗ ਪੇਚੀਦਾ ਅਤੇ ਗੁੰਝਲਦਾਰ ਹੈ। ਪਾਕਿਸਤਾਨ ਵਿਚ ਭਾਸ਼ਾਵਾਂ ਦਾ ਮਸਲਾ ਕੋਈ ਛੇ ਦਹਾਕੇ ਦੇ ਲਗਪਗ ਪੁਰਾਣਾ ਹੈ। ਦਰਅਸਲ ਜਿੰਨੀ ਦੇਰ ਤੱਕ ਪਾਕਿਸਤਾਨ ਦੀ ਕਾਇਮੀ ਨਹੀਂ ਸੀ ਹੋਈ, ਤਦ ਤੱਕ ਬਰੇ ਸਗੀਰ ਵਿਚ ਭਾਸ਼ਾਵਾਂ ਦਾ ਮਸਲਾ ਬਸਤੀਵਾਦੀ ਪਹੁੰਚ ਕਾਰਣ ਦੱਬਿਆ ਹੋਇਆ ਸੀ ਤੇ ਇਹ ਬਸਤੀਵਾਦੀ ਹਕੂਮਤ ਦੀ ਪਾਲਿਸੀ ਅਤੇ ਪ੍ਰੋਗਰਾਮ ਅਨੁਸਾਰ ਹੀ ਤਹਿ ਕੀਤਾ ਜਾਂਦਾ ਸੀ ਪਰ ਦੋਹਾਂ ਦੇਸ਼ਾਂ ਦੀ ਆਜ਼ਾਦੀ ਤੋਂ ਬਾਅਦ ਇਹ ਮਸਲਾ ਵਿਕਰਾਲ ਰੂਪ ਵਿਚ ਉਦੇ ਹੋਇਆ। ਬਸਤੀਵਾਦੀ ਹਕੂਮਤ ਨੇ ਭਾਸ਼ਾਵਾਂ ਨੂੰ ਸੰਚਾਰ ਦੀ ਪਹਿਲੀ ਸ਼ਰਤ ਨਾਲੋਂ ਤੋੜ ਕੇ ਇਸਨੂੰ ਧਾਰਮਿਕ ਪਛਾਣ ਵਜੋਂ ਉਭਾਰਿਆ, ਜਿਸਦਾ ਸਿੱਟਾ ਪਾਕਿਸਤਾਨ ਦੀ ਕਾਇਮੀ ਦੇ ਰੂਪ ਵਿਚ ਨਿਕਲਿਆ। ਇੰਜ ਉੱਤਰੀ ਖਿੱਤੇ ਵਿਚ ਹਿੰਦੀ ਹਿੰਦੂਆਂ ਦੀ ਭਾਸ਼ਾ, ਉਰਦੂ ਮੁਸਲਮਾਨਾਂ ਦੀ ਭਾਸ਼ਾ ਤੇ ਪੰਜਾਬੀ ਸਿੱਖਾਂ ਦੀ ਜ਼ੁਬਾਨ ਵਜੋਂ ਧਾਰਮਕ ਪਛਾਣਾਂ ਲੈ ਕੇ ਵਿਵਾਦ ਵਜੋਂ ਉਭਰੀਆਂ। ਏਸੇ ਪਛਾਣ ਨੂੰ ਮਿਸਟਰ ਜਿਨਾਹ ਨੇ ਭਾਸ਼ਾਵਾਦ (linguism) ਕਿਹਾ ਸੀ।

ਪਾਕਿਸਤਾਨ ਦੀ ਕਾਇਮੀ ਤੋਂ ਬਾਅਦ ਏਸੇ ਨੀਤੀ ਅਧੀਨ ਉਰਦੂ ਨੂੰ ਮਹੱਤਵਪੂਰਨ ਰੁਤਬਾ ਪ੍ਰਾਪਤ ਹੋ ਗਿਆ ਤੇ ਇਸਨੂੰ ਪੱਛਮੀ ਪਾਕਿਸਤਾਨ ਵਿਚ ਜ਼ਿਲ੍ਹਾ ਪੱਧਰ ਦੀਆਂ ਸਾਰੀਆਂ ਇਕਾਈਆਂ ਵਿਚ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ। ਇਸਨੂੰ ਵਿਕਾਸ ਕਰਨ ਲਈ, ਜਿਥੇ ਸਰਕਾਰ ਨੇ ਬੇਹਤਰ ਮੌਕੇ ਦਿੱਤੇ ਉਥੇ ਹਰ ਮੁਮਕਿਨ ਕੋਸ਼ਿਸ਼ ਵੀ ਕੀਤੀ। ਜਿਸਦੇ ਨਤੀਜੇ ਵਜੋਂ ਦੂਸਰੀਆਂ ਪ੍ਰਮੁੱਖ ਭਾਸ਼ਾਵਾਂ ਪੰਜਾਬੀ, ਪਸ਼ਤੋ ਤੇ ਸਿੰਧੀ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ। ਉਰਦੂ ਨੂੰ ਇਕੋ ਇਕ ਕੌਮੀ ਭਾਸ਼ਾ ਵਜੋਂ ਪ੍ਰਚਾਰਨ ਤੇ ਪ੍ਰਸਾਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਗਿਆ। ਇਸਦੇ ਕੌਮੀ ਭਾਸ਼ਾ ਬਣਨ ਵਿਚ ਸਭ ਤੋਂ ਵੱਡਾ ਰੋਲ ਮੁਸਲਿਮ ਲੀਗ ਦਾ ਸੀ, ਜਿਸਨੇ ਪਾਕਿਸਤਾਨ ਦੀ ਜਦੋ-ਜਹਿਦ ਵੇਲੇ ਇਸਨੂੰ ਮੁਸਲਮਾਨਾਂ ਦੀ ਧਾਰਮਿਕ ਭਾਸ਼ਾ ਵਜੋਂ ਪ੍ਰਵਾਨ ਕਰਕੇ ਹੋਮਲੈਂਡ ਦੀ ਮੰਗ ਨੂੰ ਉਭਾਰਿਆ ਸੀ।[1]

ਇਹ ਵੀ ਇਕ ਵਿਡੰਬਨਾ ਹੀ ਹੈ ਕਿ ਉਰਦੂ ਪਾਕਿਸਤਾਨ ਦੇ ਕਿਸੇ ਵੀ ਖਿਤੇ ਦੀ ਜ਼ਬਾਨ ਨਹੀਂ। ਉਰਦੂ ਦੇ ਹੱਕ ਵਿਚ ਇਸਦੇ ਪ੍ਰਬਲ ਸਮਰਥਕ ਆਈ.ਐੱਚ.

ਕੁਰੈਸ਼ੀ ਨੇ 1951 ਵਿਚ ਕਿਹਾ ਸੀ ਕਿ ਕੇਵਲ ਉਰਦੂ ਹੀ ਪਾਕਿਸਤਾਨ ਦੀ ਇਕੋ ਇਕ ਲਿੰਗੂਆ ਫਰੈਂਕਾ ਹੈ, ਜਦ ਕਿ ਉਰਦੂ ਕੇਵਲ ਉਨ੍ਹਾਂ ਮੁਹਾਜਰਾਂ ਦੀ ਜ਼ਬਾਨ ਸੀ, ਜੋ ਭਾਰਤ ਤੋਂ ਵੰਡ ਵੇਲੇ ਹਿਜਰਤ ਕਰਕੇ ਪਾਕਿਸਤਾਨ ਚਲੇ ਗਏ ਸਨ।[2] ਪੰਜਾਬੀ, ਰਾਜਸਥਾਨੀ, ਗੁਜਰਾਤੀ ਅਤੇ ਬੰਗਾਲੀ ਮੁਸਲਮਾਨ, ਜਿਹੜੇ ਹਿਜਰਤ ਕਰਕੇ ਪਾਕਿਸਤਾਨ ਚਲੇ ਗਏ ਸਨ, ਤੇ ਜਿਨ੍ਹਾਂ ਦੀ ਗਿਣਤੀ ਵੀ ਕਾਫ਼ੀ ਵੱਡੀ ਸੀ ਕਦੇ ਵੀ ਉਰਦੂ ਉਨ੍ਹਾਂ ਦੀ ਜ਼ਬਾਨ ਨਹੀਂ ਰਹੀ। ਇਹ ਕੇਵਲ ਉਨ੍ਹਾਂ ਮੁਸਲਮਾਨਾਂ ਦੀ ਭਾਸ਼ਾ ਸੀ ਜਿਹੜੇ ਹਿੰਦੀ ਬੋਲਣ ਵਾਲੇ ਇਲਾਕੇ ਦਿੱਲੀ, ਯੂ.ਪੀ., ਬਿਹਾਰ ਆਦ ਵਿਚੋਂ ਗਏ ਸਨ ਜਾਂ ਫਿਰ ਹੈਦਰਾਬਾਦ ਦੇ ਇਲਾਕੇ ਵਿਚੋਂ।[3]

1951 ਦੀ ਮਰਦਮਸ਼ੁਮਾਰੀ ਵਿਚ ਸਪਸ਼ਟ ਤੌਰ 'ਤੇ ਦੱਸਿਆ ਗਿਆ ਹੈ ਕਿ ਪੂਰਬੀ ਅਤੇ ਪੱਛਮੀ ਪਾਕਿਸਤਾਨ ਵਿਚ ਬੰਗਾਲੀ ਬੋਲਣਹਾਰਿਆਂ ਦੀ ਗਿਣਤੀ 54.5%, ਪੰਜਾਬੀ 28.4%, ਸਿੰਧੀ 5.6%, ਪਸ਼ਤੋ 7.2%, ਉਰਦੂ 7.2%, ਇੰਗਲਿਸ਼ 1.8% ਹੈ। ਇਨ੍ਹਾਂ ਭਾਸ਼ਾਵਾਂ ਤੋਂ ਇਲਾਵਾ ਬਹੁਤ ਸਾਰੀਆਂ ਉਪ-ਭਾਸ਼ਾਵਾਂ ਤੇ ਉਪ-ਬੋਲੀਆਂ ਬੋਲਣਹਾਰੇ ਵੱਡੀ ਗਿਣਤੀ ਵਿਚ ਹਨ। ਜਿਵੇਂ ਪੰਜਾਬ ਵਿਚ ਪੋਠੋਹਾਰੀ, ਮੁਲਤਾਨੀ ਆਦ ਬੋਲੀਆਂ ਬੋਲਣ ਵਾਲੇ। ਜਿਵੇਂ ਮੁਲਤਾਨੀ ਦੱਖਣ-ਪੱਛਮੀ ਪੰਜਾਬ ਅਤੇ ਬਹਾਵਲਪੁਰ ਦੇ ਇਲਾਕੇ ਵਿਚ ਬੋਲੀ ਜਾਂਦੀ ਹੈ।[4]

ਏਸੇ ਤਰ੍ਹਾਂ ਪੋਠੋਹਾਰੀ, ਜੋ ਪ੍ਰਧਾਨ ਅਯੂਬ ਖ਼ਾਨ ਦੀ ਭਾਸ਼ਾ ਸੀ, ਜਿਹੜੀ ਰਾਵਲਪਿੰਡੀ ਮੌਜੂਦਾ ਇਸਲਾਮਾਬਾਦ ਅਤੇ ਅਜ਼ਾਦ ਕਸ਼ਮੀਰ ਦੇ ਇਲਾਕਿਆਂ ਵਿਚ ਬੋਲੀ ਜਾਂਦੀ ਹੈ, ਉਸਦੀ ਆਪਣੀ ਵੱਖਰੀ ਪਛਾਣ ਹੈ। ਏਸੇ ਤਰ੍ਹਾਂ ਪਸ਼ਤੋ ਦੀਆਂ ਬਲੋਚੀ, ਉੜਪੁੜੀ, ਜਟਕੀ, ਖੋਵਾਰ ਅਤੇ ਬਰੂਹੀ ਆਦ ਬੋਲੀਆਂ ਬਲੂਚਿਸਤਾਨ, ਚਿਤਰਾਲ, ਗਿਲਗਿਤ ਅਤੇ ਹੁੰਜਾ ਇਲਾਕੇ ਵਿਚ ਬੋਲੀਆਂ ਜਾਂਦੀਆਂ ਹਨ। ਇਨ੍ਹਾਂ ਉਪਬੋਲੀਆਂ ਨੂੰ ਟੇਕ ਬਣਾ ਕੇ ਹੀ ਉਰਦੂ ਵਾਲਿਆਂ ਪੰਜਾਬੀ ਤੇ ਪਸ਼ਤੋ ਦਾ ਕੇਸ ਕਮਜ਼ੋਰ ਕਰ ਦਿੱਤਾ ਕਿ ਇਹ ਬੋਲੀਆਂ ਕਈ ਭਾਗਾਂ ਵਿਚ ਵੰਡੀਆਂ ਹੋਈਆਂ ਹਨ ਤੇ ਇਨ੍ਹਾਂ ਕੋਲ ਮਿਆਰੀ ਸ਼ਬਦਾਵਲੀ ਜਾਂ ਮਿਆਰੀ ਭਾਸ਼ਾ ਨਹੀਂ ਹੈ। ਏਸੇ ਕਰਕੇ ਪਾਕਿਸਤਾਨ ਵਿਚ ਉਰਦੂ ਦੇ ਰਖਵਾਲੇ, ਜਿਨ੍ਹਾਂ ਵਿਚ ਆਈ.ਐੱਚ. ਕੁਰੈਸ਼ੀ, ਮੌਲਾਨਾ ਸਲਾਹੁਦੀਨ ਅਤੇ ਮੌਲਵੀ ਡਾ. ਅਬਦੁਲ ਹੱਕ ਪ੍ਰਮੁਖ ਸਨ, ਹਮੇਸ਼ਾ ਇਹ ਦਾਅਵਾ ਕਰਦੇ ਸਨ ਕਿ ਪੱਛਮੀ ਪਾਕਿਸਤਾਨ ਵਿਚ ਉਰਦੂ ਸਾਰੀਆਂ ਭਾਸ਼ਾਵਾਂ ਦੀ ਮਾਂ ਬੋਲੀ ਹੈ।[5]

ਪੱਛਮੀ ਪਾਕਿਸਤਾਨ ਵਿਚ ਭਾਸ਼ਾਵਾਂ ਦੇ ਮਸਲੇ ਵਿਚ ਇਕ ਗੱਲ ਇਹ ਵੀ ਕੀਤੀ ਜਾਂਦੀ ਹੈ ਕਿ ਪੰਜਾਬੀ, ਪਸ਼ਤੋ ਅਤੇ ਸਿੰਧੀ ਦੀਆਂ ਬਹੁਤ ਸਾਰੀਆਂ ਬੋਲੀਆਂ ਹਨ ਤੇ ਇਨ੍ਹਾਂ ਨੂੰ ਲਿਖਣ ਲਈ ਅਰਬੀ ਲਿੱਪੀ ਵੱਖ-ਵੱਖ ਤਰ੍ਹਾਂ ਲਿਖੀ ਜਾਂਦੀ ਹੈ।[6] ਏਥੇ ਇਹ ਗੱਲ ਅੱਖੋਂ ਓਹਲੇ ਕਰ ਦਿੱਤੀ ਜਾਂਦੀ ਹੈ ਕਿ ਉਰਦੂ ਨਾਸਤਾਲੀਕ ਸ਼ੈਲੀ ਵਿਚ ਲਿਖੀ ਜਾਂਦੀ ਹੈ, ਜੋ ਬਾਅਦ ਵਾਲੀ ਫ਼ਾਰਸੀ ਲਿੱਪੀ ਹੈ, ਜਦਕਿ ਪਸ਼ਤੋ

ਤੇ ਸਿੰਧੀ ਮੱਧਕਾਲੀ ਅਰਬੀ ਨਾਲ ਨੇੜਤਾ ਰਖਦੀਆਂ ਹਨ ਤੇ ਇਹ ਏਨੀਆਂ ਵੱਖਰੀਆਂ ਵੀ ਹਨ ਕਿ ਉਰਦੂ ਜਾਨਣਹਾਰਾ ਸੌਖੀ ਤਰ੍ਹਾਂ ਇਸਨੂੰ ਨਹੀਂ ਪੜ੍ਹ ਸਕਦਾ।

ਉਰਦੂ ਦੇ ਹੱਕ ਵਿਚ ਭੁਗਤਣ ਵਾਲੀ ਸਭ ਤੋਂ ਤੇਜ਼ ਤਰਾਰ ਜਮਾਤ ਅੰਜਮਨ-ਤਰੀਕੇ-ਉਰਦੂ ਸੀ, ਜਿਸਨੇ ਪਾਕਿਸਤਾਨ ਦੇ ਲੋਕਾਂ ਨੂੰ ਆਪਣੀ ਮਾਂ-ਬੋਲੀ ਉਰਦੂ ਲਿਖਾਉਣ ਲਈ ਪ੍ਰੇਰਿਆ। ਇਸ ਪ੍ਰੇਰਨਾ ਦੇ ਬਾਵਜੂਦ ਬਹੁਤ ਥੋੜ੍ਹੇ ਲੋਕਾਂ ਨੇ ਉਰਦੂ ਜ਼ੁਬਾਨ ਨੂੰ ਮਾਂ-ਬੋਲੀ ਸਵੀਕਾਰਿਆ, ਜਿਨ੍ਹਾਂ ਦੀ ਗਿਣਤੀ ਕੁਝ ਸੈਂਕੜੇ ਹੀ ਸੀ। ਇਕ ਤਿਹਾਈ ਲੋਕਾਂ ਨੇ ਦੱਸਿਆ ਕਿ ਉਹ ਉਰਦੂ ਤਾਂ ਜਾਣਦੇ ਹਨ ਪਰ ਇਹ ਮਾਂ-ਬੋਲੀ ਹੈ, ਇਸਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ। ਇੰਜ ਉਰਦੂ ਬਤੌਰ ਮਾਤਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ 5% ਤੋਂ ਵੀ ਘੱਟ ਬਣਦੀ ਹੈ। ਜੇਕਰ ਗਿਣਤੀਆਂ 'ਚ ਦੇਖਿਆ ਜਾਵੇ ਤਾਂ ਬਾਕੀ ਭਾਸ਼ਾਵਾਂ ਦੇ ਮੁਕਾਬਲੇ ਉਰਦੂ ਦੀ ਸਥਿਤੀ ਕੇਵਲ ਅੰਗਰੇਜ਼ੀ ਤੋਂ ਬੇਹਤਰ ਹੈ। (ਦੇਖੋ ਪ੍ਰਿਸ਼ਿਸ਼ਟ-I ਪਾਕਿਸਤਾਨ ਵਿਚ ਭਾਸ਼ਾਵਾਂ ਦੀ ਵੰਡ)

ਜੇਕਰ ਇਲਾਕਿਆਂ ਅਨੁਸਾਰ ਦੇਖਿਆ ਜਾਵੇ ਤਾਂ ਕਰਾਚੀ ਵਿਚ ਉਰਦੂ ਬੋਲਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ। ਅੰਕੜਿਆਂ ਅਨੁਸਾਰ 33%। ਜਿਥੋਂ ਤੱਕ ਲਾਹੌਰ ਦਾ ਸੰਬੰਧ ਹੈ, ਇਸਨੂੰ ਪਰੰਪਰਕ ਤੋਰ 'ਤੇ ਉਰਦੂ ਪੱਤਰਕਾਰੀ ਅਤੇ ਸਾਹਿਤ ਦਾ ਗੜ੍ਹ ਮੰਨਿਆ ਜਾਂਦਾ ਹੈ। ਉਥੇ ਉਰਦੂ ਨੂੰ ਮਾਂ-ਬੋਲੀ ਵਜੋਂ ਸਵੀਕਾਰਨ ਵਾਲਿਆਂ ਦੀ ਗਿਣਤੀ 25% ਤੋਂ ਘੱਟ ਹੈ। ਪੂਰਬੀ ਪਾਕਿਸਤਾਨ, ਜੋ ਬਾਅਦ ਵਿਚ ਬੰਗਲਾ ਦੇਸ਼ ਵਜੋਂ ਅਜ਼ਾਦ ਹੋਇਆ, ਵਿਚ ਇਹ ਗਿਣਤੀ ਬਹੁਤ ਹੀ ਅਲਪ ਸੀ। ਪਹਿਲਾਂ ਉਥੇ ਕੇਵਲ 3% ਲੋਕ ਹੀ ਉਰਦੂ ਨੂੰ ਪੜ੍ਹਨਾ ਲਿਖਣਾ ਜਾਣਦੇ ਸਨ।

ਪਾਕਿਸਤਾਨ ਦੀ ਕਾਇਮੀ ਤੋਂ ਬਾਅਦ ਉਰਦੂ ਨੂੰ ਕੌਮੀ ਭਾਸ਼ਾ ਦਾ ਦਰਜਾ ਦੇ ਦਿੱਤਾ ਗਿਆ।[7] ਪਰ 1948 ਵਿਚ ਹੀ ਬੰਗਾਲੀਆਂ ਨੇ, ਜਿਨ੍ਹਾਂ ਦੀ ਪਾਕਿਸਤਾਨ 'ਚ ਹਿੱਸੇਦਾਰੀ 55% ਸੀ, ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਸ ਸੰਬੰਧੀ ਫਰਵਰੀ 1948 ਵਿਚ ਪਾਕਿਸਤਾਨ ਅਸੈਂਬਲੀ ਵਿਚ ਇਕ ਬੰਗਾਲੀ ਹਿੰਦੂ ਮੈਂਬਰ ਨੇ ਇਹ ਮਤਾ ਪੇਸ਼ ਕੀਤਾ ਕਿ ਉਰਦੂ ਤੇ ਅੰਗਰੇਜ਼ੀ ਦੇ ਨਾਲ ਨਾਲ ਬੰਗਾਲੀ ਨੂੰ ਵੀ ਕੌਮੀ ਭਾਸ਼ਾ ਵਜੋਂ ਮਾਨਤਾ ਦਿੱਤੀ ਜਾਵੇ, ਪਰ ਉਦੋਂ ਦੇ ਪ੍ਰਧਾਨ ਮੰਤਰੀ ਲਿਆਕਤ ਅਲੀ ਖ਼ਾਂ ਨੇ ਇਸ ਮੰਗ ਨੂੰ ਨਕਾਰ ਦਿੱਤਾ ਤੇ ਜੁਆਬ ਦੇਂਦੇ ਹੋਏ ਕਿਹਾ :

> Pakistan is a Muslim State, and it must have as its lingua franca, a language of the Muslim Nation. The mover should realise that Pakistan has been created because of the demand of a hundred million Muslims in this sub-continent, and the language of a hundred

million Muslims is Urdu. It is necessary for a nation to have one language and that language can only be Urdu and no other language.[8]

ਏਸੇ ਸੰਬੰਧ ਵਿਚ ਇਕ ਮਹੀਨੇ ਬਾਅਦ ਜਿਨਾਹ ਦੀ ਢਾਕੇ ਵਿਚ ਜਾ ਕੇ ਦਿੱਤੀ ਸਟੇਟਮੈਂਟ ਦੇਖੀ ਜਾ ਸਕਦੀ ਹੈ:

> Let me make it very clear to you that the State language of Pakistan is going to be Urdu and no other language. Anyone, who tried to mislead you is really the enemy of Pakistan. Without one state language, no nation can remain tied up solidly together and function.[9]

ਉਰਦੂ ਦੇ ਖ਼ਿਲਾਫ਼ ਬਗ਼ਾਵਤ ਦੀ ਗੱਲ ਕਰਦਿਆਂ ਖ਼ਾਲਿਦ ਵੀ. ਸਈਦ ਨੇ ਆਪਣੀ ਪੁਸਤਕ 'Pakistan - The Formativ Phase' ਵਿਚ ਲਿਖਿਆ ਹੈ ਕਿ ਪੂਰਬੀ ਪਾਕਿਸਤਾਨ ਵਿਚ ਉਰਦੂ ਦੇ ਖ਼ਿਲਾਫ਼ ਬਗ਼ਾਵਤ ਅਸਲ ਵਿਚ ਅਗਸਤ 1947 ਵਿਚ ਵਿੱਢੀ ਜਾ ਚੁੱਕੀ ਸੀ। ਸਭ ਤੋਂ ਪਹਿਲਾਂ ਪੂਰਬੀ ਪਾਕਿਸਤਾਨ ਵਿਚ ਮਨੀ ਆਰਡਰਾਂ ਦੀ ਉਰਦੂ ਦੀ ਛਪਾਈ ਤੋਂ ਵਿਵਾਦ ਛਿੜਿਆ। ਪੱਛਮੀ ਪਾਕਿਸਤਾਨ ਦੇ ਜਿਹੜੇ ਮੁਲਾਜ਼ਮ ਪੂਰਬੀ ਪਾਕਿਸਤਾਨ ਵਿਚ ਸਨ, ਉਹ ਉਰਦੂ ਤਾਂ ਠੋਸਣਾ ਚਾਹੁੰਦੇ ਸਨ ਪਰ ਆਪ ਬੰਗਾਲੀ ਲਿਖਣ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਦੀ ਇਹ ਇੱਛਾ ਸੀ ਕਿ ਪੂਰਬੀ ਪਾਕਿਸਤਾਨ ਦੇ ਬੰਗਾਲੀ ਬੋਲਣਹਾਰੇ ਉਰਦੂ ਤੇ ਅੰਗਰੇਜ਼ੀ ਹੀ ਲਿਖਣ। ਇਸ ਨੀਤੀ ਦੇ ਤਹਿਤ ਪੋਸਟਲ ਅਧਿਕਾਰੀਆਂ ਨੇ ਮਨੀ ਆਰਡਰ ਫ਼ਾਰਮ ਉਰਦੂ ਤੇ ਅੰਗਰੇਜ਼ੀ ਵਿਚ ਛਾਪ ਦਿੱਤੇ, ਜਿਸਦਾ ਬੰਗਾਲੀਆਂ ਨੇ ਜ਼ਬਰਦਸਤ ਵਿਰੋਧ ਕੀਤਾ ਅਤੇ ਕਿਹਾ ਕਿ ਭਾਸ਼ਾ ਦੇ ਮਸਲੇ ਵਿਚ ਉਨ੍ਹਾਂ ਨਾਲ ਬਸਤੀਵਾਦੀ ਹਕੂਮਤ ਨਾਲੋਂ ਵੀ ਭੈੜਾ ਵਿਹਾਰ ਕੀਤਾ ਜਾ ਰਿਹਾ ਹੈ।[10] ਜੇਕਰ ਪੂਰਬੀ ਪਾਕਿਸਤਾਨ ਵਿਚ ਬੰਗਾਲੀ ਦੇ ਹੱਕ ਵਿਚ ਦੇਖਿਆ ਜਾਵੇ ਤਾਂ ਮੁਸਲਿਮ ਲੀਗ ਦੇ ਸਥਾਨਕ ਨੌਜਵਾਨ ਨੇਤਾ, ਜਿਨ੍ਹਾਂ ਵਿਚ ਮੋਹੰਮਦ ਅਲੀ (ਬੋਗਰਾ), ਤਫ਼ੱਜ਼ਲ ਅਲੀ ਅਤੇ ਖ਼ਵਾਜ਼ਾ ਨਜ਼ੀਮੁਦੀਨ ਪ੍ਰਮੁਖ ਸਨ, ਨੇ ਬੰਗਾਲੀ ਲਹਿਰ ਨੂੰ ਪੂਰਾ ਸਮਰਥਨ ਦਿੱਤਾ। ਪਰ ਮਿਸਟਰ ਜਿਨਾਹ ਨੇ ਲਹਿਰ ਨੂੰ ਕਮਜ਼ੋਰ ਕਰਨ ਹਿੱਤ ਮੋਹੰਮਦ ਅਲੀ ਨੂੰ ਬਰਮਾ ਵਿਚ ਪਾਕਿਸਤਾਨ ਦਾ ਰਾਜਦੂਤ ਨਿਯੁਕਤ ਕਰ ਦਿੱਤਾ ਅਤੇ ਤਫ਼ੱਜ਼ਲ ਅਲੀ ਨੂੰ ਸਥਾਨਕ ਅਸੈਂਬਲੀ ਵਿਚ ਮੰਤਰੀ ਦਾ ਅਹੁਦਾ ਦੇ ਦਿੱਤਾ।[11] ਇਸ ਤਰ੍ਹਾਂ ਬੰਗਾਲੀ ਦੇ ਹੱਕ ਵਿਚ ਚਲੀ ਲਹਿਰ ਨੂੰ ਕਮਜ਼ੋਰ ਲੀਡਰਸ਼ਿਪ ਕਰਕੇ ਵੱਡਾ ਝਟਕਾ ਲਗਿਆ। ਪ੍ਰਧਾਨ ਮੰਤਰੀ ਲਿਆਕਤ ਅਲੀ ਵਰਗਿਆਂ ਲਈ ਇਹ ਕਹਿਣਾ ਸੌਖਾ ਹੋ ਗਿਆ ਕਿ ਇਸ ਲਹਿਰ ਨੂੰ ਭਾਰਤ

ਵਿਚਲੀਆਂ ਹਿੰਦੂ ਸ਼ਾਵਨਵਾਦੀ ਜਥੇਬੰਦੀਆਂ ਦਾ ਸਮਰਥਨ ਹਾਸਲ ਹੈ ਤੇ ਕਲਕੱਤੇ ਤੋਂ ਆਏ ਹੁਕਮਾਂ ਦੀ ਪਾਲਣਾ ਹਿੱਤ ਇਹ ਬੰਗਾਲੀ ਲਹਿਰ ਚਲ ਰਹੀ ਹੈ।

ਬੰਗਾਲੀ ਲਹਿਰ ਉਦੋਂ ਹੋਰ ਭੱਖ ਗਈ ਜਦੋਂ ਫ਼ਰਵਰੀ 1952 ਵਿਚ ਖ਼ਵਾਜ਼ਾ ਨਜ਼ੀਮੁਦੀਨ, ਜੋ ਕਿ ਉਦੋਂ ਪ੍ਰਧਾਨ ਮੰਤਰੀ ਸਨ, ਨੇ ਢਾਕੇ ਵਿਚ ਉਰਦੂ ਦੇ ਹੱਕ ਵਿਚ ਸਟੇਟਮੈਂਟ ਦਿੱਤੀ, ਜਿਸਦੇ ਵਿਰੋਧ ਵਿਚ ਢਾਕਾ ਯੂਨੀਵਰਸਿਟੀ ਵਿਚ ਭੜਕੇ ਹੋਏ ਵਿਦਰੋਹੀ ਵਿਦਿਆਰਥੀਆਂ ਨੇ ਇਸਦੇ ਖ਼ਿਲਾਫ਼ ਰੋਹਪੂਰਨ ਮੁਜ਼ਾਹਰਾ ਕਰਦੇ ਹੋਏ ਬੰਗਾਲੀ ਨੂੰ ਇਸਦਾ ਬਣਦਾ ਹੱਕ ਦੇਣ ਦੀ ਮੰਗ ਕੀਤੀ। ਪੁਲਿਸ ਦੁਆਰਾ ਚਲਾਈ ਗਈ ਗੋਲੀ ਕਾਰਣ 12 ਵਿਦਿਆਰਥੀ ਇਸ ਭਾਸ਼ਾ ਲਹਿਰ ਦੀ ਜਦੋ ਜਹਿਦ ਲਈ ਸ਼ਹੀਦ ਹੋ ਗਏ। ਇਹ ਦੁਨੀਆਂ ਵਿਚ ਭਾਸ਼ਾ ਲਈ ਸ਼ਹੀਦ ਹੋਣ ਵਾਲੇ ਪਹਿਲੇ ਵਿਅਕਤੀ ਹਨ, ਜਿਨ੍ਹਾਂ ਦੀ ਯਾਦ ਹਰ ਵਰ੍ਹੇ 21 ਫ਼ਰਵਰੀ ਨੂੰ ਮਨਾਈ ਜਾਂਦੀ ਹੈ। ਹੁਣ ਯੂ.ਐਨ.ਓ. ਨੇ ਇਕੀ ਫ਼ਰਵਰੀ ਦਾ ਦਿਨ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਵਜੋਂ ਰਾਖਵਾਂ ਕਰ ਦਿੱਤਾ ਹੈ।

ਇਸ ਲਹਿਰ ਦੇ ਦਬਾਅ ਵਜੋਂ ਮੁੱਖ ਮੰਤਰੀ ਨੇ ਸਟੇਟ ਅਸੈਂਬਲੀ ਵਿਚ ਇਕ ਮਤਾ ਲਿਆਂਦਾ, ਜਿਸਦੇ ਤਹਿਤ ਬੰਗਾਲੀ ਨੂੰ ਰਾਜ ਭਾਸ਼ਾ ਦਾ ਦਰਜਾ ਦਿੱਤਾ ਗਿਆ। ਇਸ ਤੋਂ ਬਾਅਦ ਹੋਈਆਂ ਚੋਣਾਂ ਵਿਚ ਭਾਸ਼ਾ ਮੁਖ ਮੁੱਦਾ ਬਣ ਗਈ। ਬੰਗਾਲੀ ਵਿਦਿਆਰਥੀਆਂ ਅਤੇ ਮੁਲਾਜ਼ਮਾਂ ਨੇ ਰਲ ਕੇ ਉਰਦੂ ਪੱਖੀਆਂ ਨੂੰ ਕਰਾਰੀ ਹਾਰ ਦਿੱਤੀ, ਜਿਸ ਦੇ ਸਿੱਟੇ ਵਜੋਂ 1954 ਵਿਚ ਉਰਦੂ ਦੇ ਨਾਲ ਬੰਗਾਲੀ ਨੂੰ ਵੀ ਰਾਜ ਭਾਸ਼ਾ ਦਾ ਦਰਜਾ ਦੇ ਦਿੱਤਾ ਗਿਆ।

1956 ਦੇ ਸੰਵਿਧਾਨ ਵਿਚ ਰਾਜ ਭਾਸ਼ਾਵਾਂ ਸੰਬੰਧੀ ਚੈਪਟਰ-V ਦੇ ਫੁਟਕਲ ਸਿਰਲੇਖ ਹੇਠ ਆਰਟੀਕਲ 214 ਵਿਚ ਕਿਹਾ ਗਿਆ ਹੈ, 'That State languages of Pakistan are Urdu & Bengali.' ਇਸਦੇ ਨਾਲ ਅੰਗਰੇਜ਼ੀ ਨੂੰ ਭਾਰਤ ਵਾਂਗ ਅਗਲੇ ਵੀਹ ਵਰ੍ਹਿਆਂ ਲਈ ਜਾਰੀ ਰਖਣ ਦੀ ਗੱਲ ਵੀ ਕੀਤੀ ਗਈ। ਪਾਕਿਸਤਾਨ ਦੇ ਸੰਵਿਧਾਨ ਦੇ ਲਾਗੂ ਹੋਣ ਤੋਂ 10 ਵਰ੍ਹੇ ਬਾਅਦ ਇਕ ਭਾਸ਼ਾਈ ਕਮਿਸ਼ਨ ਕਾਇਮ ਕਰਨ ਦੀ ਗੱਲ ਕੀਤੀ ਗਈ, ਜਿਹੜਾ ਇਹ ਪਤਾ ਲਾਏਗਾ ਕਿ ਕੌਮੀ ਭਾਸ਼ਾਵਾਂ ਅੰਗਰੇਜ਼ੀ ਦੀ ਥਾਂ ਲੈਣ ਲਈ ਕੀ ਕਰ ਸਕਦੀਆਂ ਹਨ। 1960 ਦੇ ਸੰਵਿਧਾਨ ਵਿਚ ਇਹ ਗੱਲ ਹੋਰ ਸਪਸ਼ਟ ਕਰ ਦਿੱਤੀ ਗਈ ਕਿ ਅੰਗਰੇਜ਼ੀ ਓਨੀ ਦੇਰ ਤਕ ਚਲਦੀ ਰਹੇਗੀ, ਜਿੰਨੀ ਦੇਰ ਤੱਕ ਇਸ ਲਈ ਬਦਲਵੇਂ ਪ੍ਰਬੰਧ ਆਪਣੀ ਥਾਂ ਨਹੀਂ ਲੈ ਲੈਂਦੇ।

ਇਸ ਤਰ੍ਹਾਂ ਅੰਗਰੇਜ਼ੀ ਰਾਜ ਭਾਸ਼ਾ ਵਜੋਂ ਲੰਬੇ ਸਮੇਂ ਤੱਕ ਸਰਕਾਰੀ ਕਾਰ-ਵਿਹਾਰ ਤੇ ਵਿੱਦਿਆ ਦਾ ਮਾਧਿਅਮ ਬਣੀ ਰਹੀ, ਜੋ ਹੁਣ ਤੱਕ ਜਾਰੀ ਹੈ। ਉਰਦੂ ਤੇ ਬੰਗਾਲੀ ਜ਼ਿਲ੍ਹਾ ਪੱਧਰਾਂ 'ਤੇ, ਵੱਖ-ਵੱਖ ਪੱਧਰਾਂ 'ਤੇ ਵਿਚਰਦੀਆਂ ਰਹੀਆਂ ਹਨ। ਸੈਸ਼ਨ ਕੋਰਟਾਂ ਅਤੇ ਦੋ ਹਾਈਕੋਰਟਾਂ ਅਤੇ ਸੁਪਰੀਮ ਕੋਰਟ ਵਿਚ ਅੰਗਰੇਜ਼ੀ ਭਾਸ਼ਾ

ਨੂੰ ਬਰਕਰਾਰ ਰਖਿਆ ਗਿਆ। ਸ਼ੈਸ਼ਨ ਕੋਰਟਾਂ ਵਿਚ ਵਕੀਲਾਂ ਨੂੰ ਛੋਟ ਦਿੱਤੀ ਗਈ ਕਿ ਉਹ ਸਥਾਨਕ ਭਾਸ਼ਾਵਾਂ ਵਿਚ ਜਿਰਾਹ ਕਰ ਸਕਦੇ ਹਨ, ਜਦ ਕਿ ਨੈਸ਼ਨਲ ਅਸੈਂਬਲੀ ਦੇ ਮੈਂਬਰ ਕੇਵਲ ਅੰਗਰੇਜ਼ੀ, ਉਰਦੂ ਤੇ ਬੰਗਾਲੀ ਵਿਚ ਹੀ ਬੋਲ ਸਕਦੇ ਹਨ। ਇਨ੍ਹਾਂ ਤਿੰਨਾਂ ਭਾਸ਼ਾਵਾਂ ਵਿਚ ਨਾਲੋਂ ਨਾਲ ਅਨੁਵਾਦ ਦੀ ਸੁਵਿਧਾ ਵੀ ਸੀ। ਮੁਕਾਬਲੇ ਦੀਆਂ ਪਰੀਖਿਆਵਾਂ ਅਤੇ ਸੈਨਿਕ ਸੇਵਾਵਾਂ ਵਿਚ ਅੰਗਰੇਜ਼ੀ ਭਾਸ਼ਾ ਨੂੰ ਬਰਕਰਾਰ ਰਖਿਆ ਗਿਆ। ਸਿਵਿਲ ਅਤੇ ਸੈਨਿਕ ਸੇਵਾਵਾਂ ਵਿਚ ਜਦੋਂ ਸਥਾਨਕ ਭਾਸ਼ਾਵਾਂ ਲਾਗੂ ਕਰਨ ਦੀ ਮੰਗ ਕੀਤੀ ਗਈ ਤਾਂ ਇਸਨੂੰ ਸਿਰੇ ਤੋਂ ਨਕਾਰਦਿਆਂ ਇਹ ਦਲੀਲ ਦਿੱਤੀ ਗਈ ਕਿ ਸਥਾਨਕ ਭਾਸ਼ਾਵਾਂ ਅਜੇ ਏਨੀਆਂ ਸਮਰੱਥ ਨਹੀਂ ਹੋਈਆਂ ਕਿ ਅੰਗਰੇਜ਼ੀ ਵਰਗੀ ਉੱਨਤ ਭਾਸ਼ਾ ਦਾ ਮੁਕਾਬਲਾ ਕਰ ਸਕਣ।

ਸਿਵਿਲ ਸੇਵਾਵਾਂ ਵਿਚ ਟ੍ਰੇਨਿੰਗ ਸਮੇਂ ਅਫ਼ਸਰਾਂ ਨੂੰ ਉਰਦੂ ਜਾਂ ਬੰਗਾਲੀ ਵਿਚੋਂ ਇਕ ਭਾਸ਼ਾ ਨੂੰ ਚੁਨਣ ਲਈ ਕਿਹਾ ਜਾਂਦਾ ਸੀ, ਜਿਹੜੀ ਕਿ ਉਨ੍ਹਾਂ ਦੇ ਇਲਾਕੇ ਦੀ ਭਾਸ਼ਾ ਨਹੀਂ ਸੀ ਹੋ ਸਕਦੀ। ਲਾਹੌਰ ਵਿਚ ਇਕ ਸਾਲ ਦੀ ਟ੍ਰੇਨਿੰਗ ਤੋਂ ਬਾਅਦ ਨੌਕਰੀ 'ਤੇ ਹਾਜ਼ਰ ਹੋਣ ਤੋਂ ਪਹਿਲਾਂ ਅਫ਼ਸਰ ਅਕਸਰ ਇਹ ਸ਼ਿਕਾਇਤ ਕਰਦੇ ਸਨ ਕਿ ਬੰਗਾਲੀ ਉਨ੍ਹਾਂ ਲਈ ਅਜਨਬੀ ਭਾਸ਼ਾ ਹੈ।[12]

ਓਧਰ ਪੂਰਬੀ ਪਾਕਿਸਤਾਨ ਵਿਚ ਅਕਸਰ ਇਹ ਸ਼ਿਕਾਇਤ ਕੀਤੀ ਜਾਂਦੀ ਸੀ ਕਿ ਉਰਦੂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ। ਉਰਦੂ ਦੀਆਂ ਪਾਠ ਪੁਸਤਕਾਂ ਦੀ ਘਾਟ ਨੂੰ ਵੀ ਮੁੱਦਾ ਬਣਾਇਆ ਜਾਂਦਾ ਸੀ। ਬੰਗਾਲੀ ਅਖ਼ਬਾਰਾਂ ਇਤਫ਼ਾਕ ਤੇ ਸੰਗਬਾਦ ਅਕਸਰ ਇਹ ਸ਼ਿਕਾਇਤ ਕਰਦੀਆਂ ਸਨ ਕਿ ਪੱਛਮੀ ਪਾਕਿਸਤਾਨ ਵਿਚ ਬੰਗਾਲੀ ਦੀ ਸਥਿਤੀ ਪੂਰਬੀ ਪਾਕਿਸਤਾਨ ਵਿਚ ਉਰਦੂ ਦੇ ਬਨਿਸਪਤ ਬਹੁਤ ਮਾੜੀ ਹੈ।[13]

ਸਿੱਖਿਆ ਮੰਤਰਾਲੇ ਨੇ ਇਹ ਸਹੂਲਤ ਦਿੱਤੀ ਹੋਈ ਸੀ ਕਿ ਨਿਸ਼ਚਿਤ ਵਿਦਿਆਰਥੀਆਂ ਦੀ ਗਿਣਤੀ ਜੇਕਰ ਦੋਹਾਂ ਪੂਰਬੀ ਤੇ ਪੱਛਮੀ ਪਾਕਿਸਤਾਨਾਂ ਵਿਚ ਉਰਦੂ ਜਾਂ ਬੰਗਾਲੀ ਪੜ੍ਹਨਾ ਚਾਹੇ ਤਾਂ ਇਸਦਾ ਪ੍ਰਬੰਧ ਕੀਤਾ ਜਾਵੇਗਾ ਤੇ ਸਿੱਖਿਆ ਦਾ ਮਾਧਿਅਮ ਸਥਾਨਕ ਭਾਸ਼ਾ ਹੋਵੇਗੀ, ਜਦ ਕਿ ਸੈਕੰਡਰੀ ਪੱਧਰ 'ਤੇ ਦੂਸਰੀ ਭਾਸ਼ਾ ਅਖ਼ਤਿਆਰੀ ਮਜ਼ਬੂਨ ਵਜੋਂ ਲੈਣੀ ਪਵੇਗੀ।[13]

ਇਸ ਸੰਬੰਧ ਵਿਚ ਵੀ ਕਈ ਸ਼ੰਕਾਵਾਂ ਪੇਸ਼ ਕੀਤੀਆਂ ਗਈਆਂ। ਵਿਰੋਧੀ ਧਿਰ ਦੇ ਨੇਤਾ ਅੱਤਾ-ਉਰ-ਰਹਿਮਾਨ ਨੇ ਦੋਸ਼ ਲਾਇਆ ਕਿ ਪੂਰਬੀ ਪਾਕਿਸਤਾਨ ਵਿਚ ਜਿਹੜਾ ਰੁੱਤਬਾ ਉਰਦੂ ਨੂੰ ਦਿੱਤਾ ਗਿਆ ਹੈ, ਪੱਛਮੀ ਪਾਕਿਸਤਾਨ ਵਿਚ ਉਹ ਰੁਤਬਾ ਬੰਗਾਲੀ ਨੂੰ ਨਹੀਂ ਦਿੱਤਾ ਗਿਆ। ਅਜਿਹੇ ਭਾਸ਼ਾਈ ਸ਼ੰਕਿਆਂ ਨਾਲ ਭਾਸ਼ਾਈ ਕੁੜੱਤਣ ਹੋਰ ਵਧ ਗਈ। ਇੰਜ ਪਾਕਿਸਤਾਨ ਵਿਚ ਤਿੰਨ ਭਾਸ਼ਾਈ ਫਾਰਮੂਲਾ ਆਪਣੀ ਪੱਧਰ 'ਤੇ ਕਾਮਯਾਬ ਨਾ ਹੋ ਸਕਿਆ।

1954 ਵਿਚ ਕੁਝ ਉਲਮਾ ਅਤੇ ਰੂੜ੍ਹੀਵਾਦੀ ਜਮਾਤ-ਏ-ਇਸਲਾਮੀ ਨੇ ਇਹ ਸੁਝਾਅ ਦਿੱਤਾ ਕਿ ਅਰਬੀ ਨੂੰ, ਜੋ ਕਿ ਪਵਿੱਤਰ ਭਾਸ਼ਾ ਹੈ, ਪਾਕਿਸਤਾਨ ਵਿਚ ਸੁਪਰ ਕੌਮੀ ਭਾਸ਼ਾ (Super National Language) ਦਾ ਦਰਜਾ ਦਿੱਤਾ ਜਾਵੇ। ਇਸਨੂੰ ਬੰਗਾਲੀ ਮੁਸਲਿਮ ਲੀਗ ਦੇ ਕੁਝ ਮੈਂਬਰਾਂ ਨੇ ਵੀ ਮੰਨ ਲਿਆ ਪਰ ਉਨ੍ਹਾਂ ਨੂੰ ਇਸ ਗੱਲ ਦਾ ਡਰ ਸੀ ਕਿ ਇਸ ਨਾਲ ਉਰਦੂ ਦਾ ਕੌਮੀ ਭਾਸ਼ਾ ਵਾਲਾ ਦਰਜਾ ਖੁੱਸ ਜਾਵੇਗਾ। ਪਰ ਇਸ ਮੱਤ ਨੂੰ ਬਹੁਤਾ ਸਮਰਥਨ ਨਾ ਮਿਲਿਆ ਕਿ ਅਰਬੀ ਨੂੰ ਲਿੰਗੂਆ ਫਰੈਂਕਾ ਬਣਾਇਆ ਜਾ ਸਕੇ ਕਿਉਂਕਿ ਦੋਹਾਂ ਹਿੱਸਿਆਂ ਵਿਚ ਕੇਵਲ 1% ਵੱਸੋਂ ਹੀ ਚੰਗੀ ਤਰ੍ਹਾਂ ਅਰਬੀ ਭਾਸ਼ਾ ਦਾ ਗਿਆਨ ਰਖਦੀ ਸੀ।

ਦੂਸਰਾ ਸੁਝਾਅ ਇਹ ਦਿੱਤਾ ਗਿਆ ਕਿ ਬੰਗਾਲੀ ਨੂੰ ਅਰਬੀ ਲਿੱਪੀ ਵਿਚ ਲਿਖਿਆ ਜਾਵੇ।[14] ਪਰ ਇਸਨੂੰ ਪੂਰਬੀ ਪਾਕਿਸਤਾਨ ਵਿਚ ਰੱਦ ਕਰ ਦਿੱਤਾ ਗਿਆ। ਅਵਾਮੀ ਲੀਗ ਵਰਕਿੰਗ ਕਮੇਟੀ ਨੇ ਇਸ ਸੁਝਾਅ ਦਾ ਡੱਟ ਕੇ ਵਿਰੋਧ ਕੀਤਾ। ਦਰਅਸਲ ਇਹ ਸੁਝਾਅ ਢਾਕਾ ਹਾਈਕੋਰਟ ਦੇ ਜਸਟਿਸ ਹਮੀਦੁਰ ਰਹਿਮਾਨ ਨੇ ਦਿੱਤਾ ਸੀ, ਪਰ ਅਵਾਮੀ ਲੀਗ ਨੇ ਇਸਨੂੰ ਪਿਛਲੇ ਦਰਵਾਜ਼ੇ ਰਾਹੀਂ ਉਰਦੂ ਨੂੰ ਲਾਗੂ ਕਰਨ ਦਾ ਇਕ ਹਰਬਾ ਕਰਾਰ ਦਿੱਤਾ। ਅਰਬੀ ਤੋਂ ਬਾਅਦ ਰੋਮਨ ਲਿੱਪੀ ਨੂੰ ਦੋਹਾਂ ਭਾਸ਼ਾਵਾਂ ਦੀ ਸਾਂਝੀ ਲਿੱਪੀ ਵਜੋਂ ਸਵੀਕਾਰਨ ਦਾ ਸੁਝਾਅ ਵੀ ਦਿੱਤਾ ਗਿਆ। 1961 ਵਿਚ ਰਾਸ਼ਟਰਪਤੀ ਅਯੂਬ ਖ਼ਾਂ ਨੇ ਇਹ ਸੁਝਾਅ ਦਿੱਤਾ ਸੀ ਕਿ ਦੋਹਾਂ ਜ਼ਬਾਨਾਂ ਦੀ ਸਾਂਝੀ ਰੋਮਨ ਲਿੱਪੀ ਸਵੀਕਾਰ ਕਰ ਲਈ ਜਾਵੇ ਅਤੇ ਉਰਦੂ ਤੇ ਬੰਗਾਲੀ ਦੀ ਸਾਂਝੀ ਸ਼ਬਦਾਵਲੀ ਤਿਆਰ ਕਰ ਲਈ ਜਾਵੇ, ਜਿਸਨੂੰ ਉਨ੍ਹਾਂ ਨੇ 'Burdu' ਨਾਂ ਦਿੱਤਾ। ਪਰ ਦੋਹਾਂ ਪਾਸਿਆਂ ਤੋਂ ਵਿਰੋਧ ਕਾਰਣ ਇਸ ਨੀਤੀ ਦਾ ਤਿਆਗ ਕਰ ਦਿੱਤਾ ਗਿਆ।

ਏਸੇ ਤਰ੍ਹਾਂ ਉਨ੍ਹਾਂ ਦੇ ਦੂਜੇ ਸੁਝਾਅ ਕਿ ਉਰਦੂ ਨੂੰ ਵਰਤਮਾਨ ਨਾਸਤਾਲੀਕ ਲਿੱਪੀ ਦੀ ਬਜਾਏ ਅਰਬੀ ਲਿੱਪੀ ਵਿਚ ਲਿਖਿਆ ਜਾਵੇ, ਨੂੰ ਵੀ ਉਰਦੂ ਪ੍ਰੇਮੀਆਂ ਨੇ ਨਕਾਰ ਦਿੱਤਾ ਤੇ ਇਸਦੇ ਹੱਕ ਵਿਚ ਸਥਾਨਕ ਭਾਸ਼ਾਵਾਂ ਦੇ ਬੋਲਣਹਾਰਿਆਂ ਜਿਵੇਂ ਪਸ਼ਤੋ ਤੇ ਪੰਜਾਬੀਆਂ ਨੇ ਵੀ ਇਸਦਾ ਸਮਰਥਨ ਕੀਤਾ।[15]

ਉਰਦੂ 'ਤੇ ਜਿਸ ਪ੍ਰਕਾਰ ਦਾ ਦਬਾਅ ਵਧਦਾ ਜਾ ਰਿਹਾ ਸੀ, ਉਸਤੋਂ ਉਰਦੂ ਪ੍ਰੇਮੀਆਂ ਨੂੰ ਖ਼ਦਸ਼ਾ ਪੈਦਾ ਹੋ ਗਿਆ ਕਿ ਹਵਾ ਉਨ੍ਹਾਂ ਦੇ ਹੱਕ ਵਿਚ ਨਹੀਂ। ਇਸ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਨੇ ਉਰਦੂ ਦੇ ਹੱਕ ਵਿਚ ਮੁਜ਼ਾਹਰੇ, ਮੌਨ ਜਲੂਸ ਕੱਢੇ। ਅੰਜੁਮਨ-ਤਾਰਿਕੇ-ਉਰਦੂ ਵਰਗੀਆਂ ਜਮਾਤਾਂ ਨੇ ਇਨ੍ਹਾਂ ਦੀ ਅਗਵਾਈ ਕੀਤੀ। ਉਨ੍ਹਾਂ ਨੇ ਅੰਗਰੇਜ਼ੀ ਵਿਚ ਲਿਖੇ ਸਾਈਨ ਬੋਰਡਾਂ ਨੂੰ ਉਰਦੂ ਵਿਚ ਬਦਲ ਦਿੱਤਾ। ਕੇਟਰਜ਼ ਤੇ ਹੋਟਲਾਂ ਵਾਲਿਆਂ ਨੂੰ ਕਿਹਾ ਗਿਆ ਕਿ ਉਹ ਆਪਣੀਆਂ ਵਸਤਾਂ ਦੇ ਮੀਨੂ ਅੰਗਰੇਜ਼ੀ ਦੀ ਬਜਾਏ ਉਰਦੂ ਵਿਚ ਛਪਵਾਉਣ ਅਤੇ ਹੋਟਲਾਂ ਵਾਲਿਆਂ ਨੂੰ ਕਿਹਾ ਗਿਆ ਕਿ ਉਹ ਆਪਣੇ ਅਕਾਊਂਟਸ ਅੰਗਰੇਜ਼ੀ ਦੀ ਥਾਂ

ਉਰਦੂ ਵਿਚ ਬਨਾਉਣ। ਪਰ ਅੰਜੁਮਨ ਦੇ ਪ੍ਰਧਾਨ ਦਾ ਹੀ ਇਹ ਕਥਨ ਸੀ ਕਿ ਉਰਦੂ ਦੀ ਇਸ ਮੁਹਿੰਮ ਨੂੰ ਲੋਕ-ਸਮਰਥਨ ਨਹੀਂ ਮਿਲਿਆ। ਇਕ ਵਾਰ ਅਜਿਹਾ ਵੀ ਹੋਇਆ ਕਿ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਕਾਨਵੋਕੇਸ਼ਨ ਸਮੇਂ ਜਿਉਂ ਹੀ ਚਾਂਸਲਰ ਨੇ ਅੰਗਰੇਜ਼ੀ ਵਿਚ ਬੋਲਣਾ ਸ਼ੁਰੂ ਕੀਤਾ ਤਾਂ ਬਹੁਤ ਸਾਰੇ ਅਧਿਆਪਕ ਤੇ ਵਿਦਿਆਰਥੀ ਵਾਕ ਆਊਟ ਕਰ ਗਏ।

ਏਸੇ ਤਰ੍ਹਾਂ ਦਾ ਨਜ਼ਾਰਾ ਕੌਮੀ ਅਸੈਂਬਲੀ ਵਿਚ ਵੀ ਵਾਪਰਿਆ। ਪੱਛਮੀ ਪਾਕਿਸਤਾਨ ਦੇ ਕੁਝ ਮੈਂਬਰਾਂ ਨੇ, ਜੋ ਕਿ ਵਿਰੋਧੀ ਧਿਰ ਦੇ ਅਤੇ ਕੁਝ ਸਰਕਾਰੀ ਵੀ ਸਨ, ਚੇਅਰ ਦੇ ਰੂਲਿੰਗ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਜਦੋਂ ਤੱਕ ਉਹ ਉਰਦੂ ਦੀ ਵਰਤੋਂ ਨਹੀਂ ਕਰਦਾ। ਜਦ ਕਿ ਪੂਰਬੀ ਪਾਕਿਸਤਾਨ ਦੇ ਮੈਂਬਰਾਂ ਨੇ ਸਪੀਕਰ ਨੂੰ ਕਿਹਾ ਕਿ ਉਹ ਪਾਕਿਸਤਾਨੀ ਭਾਸ਼ਾ ਵਿਚ ਰੂਲਿੰਗ ਦੇਣ ਤੇ ਉਸ ਤੋਂ ਬਾਅਦ ਬੰਗਾਲੀ ਵਿਚ, ਕਿਉਂਕਿ ਇਹ ਨਾ ਸਿਰਫ਼ ਬਹੁਗਿਣਤੀ ਦੀ ਭਾਸ਼ਾ ਹੈ ਸਗੋਂ ਉਹਦੀ ਆਪਣੀ ਮਾਂ-ਬੋਲੀ ਵੀ ਹੈ। ਸਮੱਸਿਆ ਉਦੋਂ ਹੱਲ ਹੋਈ ਜਦੋਂ ਸਪੀਕਰ ਨੇ ਆਪਣਾ ਭਾਸ਼ਣ ਬੰਗਾਲੀ ਵਿਚ ਦਿੱਤਾ ਤੇ ਡਿਪਟੀ ਨੇ ਉਸਨੂੰ ਉਰਦੂ ਵਿਚ ਅਨੁਵਾਦ ਕੀਤਾ।

ਹੇਠਲੇ ਪੱਧਰ 'ਤੇ ਪੜ੍ਹਨ ਪੜ੍ਹਾਉਣ ਲਈ ਉਰਦੂ ਨੂੰ ਲਾਗੂ ਕੀਤਾ ਗਿਆ, ਜਦਕਿ ਵਿਗਿਆਨ ਤੇ ਉੱਚ ਸਿੱਖਿਆ ਲਈ ਅੰਗਰੇਜ਼ੀ ਨੂੰ ਸਵੀਕਾਰ ਕੀਤਾ ਗਿਆ। ਸਰਕਾਰੀ ਕੰਮਕਾਜ ਵਿਚ ਕਈ ਪੱਧਰਾਂ 'ਤੇ ਅੰਗਰੇਜ਼ੀ ਦੀ ਸਥਿਤੀ ਬਰਕਰਾਰ ਰਹੀ। ਫੈਮਿਲੀ ਪਲਾਨਿੰਗ ਦੇ ਬੋਰਡ ਉਰਦੂ ਵਿਚ ਤਿਆਰ ਕੀਤੇ ਗਏ। ਮਾਲ ਦਾ ਉਰਦੂਕਰਨ ਕੀਤਾ ਗਿਆ। ਰਜਿਸਟ੍ਰੇਸ਼ਨ, ਮਨੀਆਰਡਰਜ਼ ਅਤੇ ਹੋਰ ਕਈ ਫ਼ਾਰਮਾਂ ਲਈ ਉਰਦੂ ਨੂੰ ਲਾਗੂ ਕੀਤਾ ਗਿਆ, ਪਰ ਅਜਿਹਾ ਕੋਈ ਜਤਨ ਨਜ਼ਰ ਨਹੀਂ ਆਉਂਦਾ ਕਿ ਅੰਗਰੇਜ਼ੀ ਦੀ ਥਾਂ ਲੈਣ ਲਈ ਕੌਮੀ ਭਾਸ਼ਾਵਾਂ ਦੀ ਸਮਰੱਥਾ ਬਾਰੇ ਕੁਝ ਕੀਤਾ ਗਿਆ ਹੋਵੇ।

ਉਰਦੂ ਦੀਆਂ ਖ਼ਬਰਾਂ ਵਿਚ ਕੁਝ ਹਿੰਦੀ-ਨੁਮਾ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ। ਰੇਡੀਓ ਤੋਂ ਕੁਝ ਬੰਗਾਲੀ ਸ਼ਬਦਾਂ ਦੀ ਵਰਤੋਂ ਵੀ ਕੀਤੀ ਜਾਂਦੀ ਰਹੀ ਹੈ। ਜਿਵੇਂ ਮਸ਼ਰਕ ਦੀ ਥਾਂ ਪੁਰਬੋ, ਮਗਰਬ ਦੀ ਥਾਂ ਪੱਛਿਮ, ਸ਼ੁਮਾਲ ਦੀ ਥਾਂ ਉਤਰ, ਜਨੂਬ ਦੀ ਥਾਂ ਦੱਖਣ। ਇੰਜ ਹੀ ਅੰਗਰੇਜ਼ੀ ਦੇ ਕੁਝ ਸ਼ਬਦਾਂ ਦੀ ਵਰਤੋਂ ਅਰਬੀ ਪਸ਼ਤੋ ਦੇ ਬਰਾਬਰ ਕੀਤੀ ਜਾਂਦੀ ਰਹੀ ਹੈ ਜਿਵੇਂ ਸਦਰ ਦੀ ਥਾਂ ਪ੍ਰੈਜ਼ੀਡੈਂਟ, ਕਰਾਰਦਾਤ ਦੀ ਥਾਂ ਰੈਜ਼ੂਲਿਊਸ਼ਨ। ਇਹ ਭਾਸ਼ਾ ਮਿਸ਼ਰਨ (code-mixing) ਦੀ ਨੀਤੀ ਅਸਲ ਵਿਚ ਆਲ ਇੰਡੀਆ ਰੇਡੀਓ ਦਾ ਮੁਕਾਬਲਾ ਕਰਨ ਲਈ ਸੀ, ਜਿਸਦੀ ਉਰਦੂ ਸਰਵਿਸ ਬਰੇ ਸਗੀਰ ਵਿਚ ਕਾਫ਼ੀ ਜ਼ਿਅਦਾ ਮਕਬੂਲ ਹੋ ਰਹੀ ਸੀ। ਬੰਗਾਲੀ ਬੁਲਿਟਨਾਂ ਵਿਚ ਉਰਦੂ ਦਾ ਪ੍ਰਯੋਗ ਵੀ ਏਸੇ ਮੀਡੀਆ ਪਾਲਿਸੀ ਦੇ ਤਹਿਤ ਕੀਤਾ ਜਾ ਰਿਹਾ ਸੀ। ਏਸੇ ਤਰ੍ਹਾਂ ਆਰਮਡ ਫ਼ੋਰਸਿਜ਼ ਨੇ ਇੰਗਲਿਸ਼

ਤੋਂ ਬੰਗਾਲੀ ਤੇ ਉਰਦੂ ਵੱਲ ਭਾਸ਼ਾ ਬਦਲੀ (code-switching) ਦਾ ਵਿਰੋਧ ਕੀਤਾ। ਉਨ੍ਹਾਂ ਨੇ ਕਮਾਂਡ ਤੇ ਹਥਿਆਰਾਂ ਨਾਲ ਸੰਬੰਧਿਤ ਅੰਗਰੇਜ਼ੀ ਸ਼ਬਦਾਵਲੀ ਨੂੰ ਬਦਲਣ ਤੋਂ ਇਨਕਾਰ ਕਰ ਦਿੱਤਾ। ਏਸੇ ਤਰ੍ਹਾਂ ਇਲੈਕਟਰੌਨਿਕਸ, ਪਰੋਟੀਨ, ਵਿਟਾਮਿਨ ਵਰਗੇ ਅਨੇਕਾਂ ਅੰਤਰ-ਰਾਸ਼ਟਰੀ ਸ਼ਬਦਾਂ ਨੂੰ ਜਿਉਂ ਦਾ ਤਿਉਂ ਅਪਨਾਇਆ ਜਾ ਰਿਹਾ ਹੈ।

ਰਾਸ਼ਟਰਪਤੀ ਅਯੂਬ ਖ਼ਾਂ ਨੇ ਆਪਣੀ ਪੁਸਤਕ 'Friends, Not Masters' ਵਿਚ ਕਿਹਾ ਸੀ ਕਿ ਪਾਕਿਸਤਾਨ ਦੀ ਇਕ ਹੀ ਕੌਮੀ ਭਾਸ਼ਾ ਹੋਵੇਗੀ ਪਰ ਉਹ ਇਹ ਨਹੀਂ ਦਸ ਸਕੇ ਕਿ ਇਹ ਭਾਸ਼ਾ ਕਿਹੜੀ ਹੋਵੇਗੀ ਤੇ ਕਿਵੇਂ ਬਣੇਗੀ:

> It seems obvious that such a language would have to be an amalgam of all the languages being used in the country.

ਇਨ੍ਹਾਂ ਸਤਰਾਂ ਤੋਂ ਸਰਕਾਰੀ ਭਾਸ਼ਾ ਨੀਤੀ ਦੀ ਝਲਕ ਪੈਂਦੀ ਹੈ।

1960 ਵਿਚ ਰਾਸ਼ਟਰਪਤੀ ਅਯੂਬ ਖ਼ਾਂ ਨੇ ਲਾਹੌਰ ਵਿਚ ਇਕ ਪਬਲਿਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਪਣੀ ਪਸ਼ਤੋਨੁਮਾ ਪੰਜਾਬੀ ਵਿਚ ਭਾਸ਼ਨ ਦਿੱਤਾ, ਜਿਸਨੂੰ ਸੁਣ ਕੇ ਸੁਣਨ ਵਾਲੇ ਤਾਂ ਸਿਰਸ਼ਾਰ ਹੋ ਗਏ, ਪਰ ਉਰਦੂ ਪ੍ਰੇਮੀਆਂ ਮੌਲਾਨਾ ਅਬਦੁਲ ਹੱਕ, ਮੌਲਾਨਾ ਸਲਾਹੁਦੀਨ ਅਹਿਮਦ ਵਰਗਿਆਂ ਨੇ ਇਸਨੂੰ ਪਾਕਿਸਤਾਨ ਦੀ ਆਤਮਾ ਨਾਲ ਗੱਦਾਰੀ ਕਿਹਾ।[16]

ਇਸ ਤਰ੍ਹਾਂ ਪਾਕਿਸਤਾਨ ਵਿਚ ਭਾਸ਼ਾਵਾਂ ਦੀ ਸਥਿਤੀ ਬੜੀ ਹੀ ਜਟਿਲ ਤੇ ਉਲਝੀ ਹੋਈ ਨਜ਼ਰ ਆਉਂਦੀ ਹੈ। ਉਰਦੂ ਦੇ ਹੱਕ ਵਿਚ ਹਮੇਸ਼ਾ ਹੀ ਸਰਕਾਰੀ ਤੰਤਰ ਨੇ ਜਿੰਨਾ ਜ਼ੋਰ ਲਾਇਆ ਹੈ, ਉਸ ਤੋਂ ਵਧੇਰੇ ਇਸਲਾਮ ਨਾਲ ਜੁੜੀਆਂ ਕੱਟੜ ਜਥੇਬੰਦੀਆਂ ਨੇ ਤਾਣ ਲਾਇਆ ਹੈ। ਇਹ ਵੀ ਵਿਡੰਬਨਾ ਹੀ ਹੈ ਕਿ ਜਿਨਾਹ ਨੇ ਉਰਦੂ ਨੂੰ ਕੌਮੀ ਭਾਸ਼ਾ ਬਨਾਉਣ 'ਤੇ ਸਭ ਤੋਂ ਵੱਧ ਜ਼ੋਰ ਲਾਇਆ ਪਰ ਆਪ ਉਸਨੇ ਵਧੇਰੇ ਭਾਸ਼ਣ ਅੰਗਰੇਜ਼ੀ ਵਿਚ ਹੀ ਦਿੱਤੇ, ਜਿਨ੍ਹਾਂ ਨੂੰ ਲੋੜ ਅਨੁਸਾਰ ਉਰਦੂ, ਬੰਗਾਲੀ ਤੇ ਪਸ਼ਤੋ ਵਿਚ ਅਨੁਵਾਦ ਕੀਤਾ ਗਿਆ। ਵੀਰੇਂਦਰ ਕੁਮਾਰ ਬਰਨਵਾਲ ਦੀ ਜਿਨਾਹ ਬਾਰੇ ਹੁਣੇ ਪ੍ਰਕਾਸ਼ਤ ਹੋਈ ਪੁਸਤਕ ਵਿਚ ਵੀ ਇਹ ਖੁਲਾਸਾ ਕੀਤਾ ਗਿਆ ਹੈ ਕਿ ਜਿਨਾਹ ਨੇ ਮੁਸਲਿਮ ਲੀਗ ਦੀਆਂ ਸਾਲਾਨਾ ਕਾਨਫ਼ਰੰਸਾਂ ਯੂ.ਪੀ. ਵਿਚ ਇਸ ਲਈ ਰਖੀਆਂ ਕਿਉਂਕਿ ਇਹ ਮੁਸਲਮਾਨਾਂ ਤੇ ਤਗੜੇ ਗੜ੍ਹ ਸਨ ਨਾ ਕਿ ਉਰਦੂ ਹਿਤੈਸ਼ੀ ਹੋਣ ਲਈ। ਅਜਿਹੀਆਂ ਸਥਿਤੀਆਂ ਅਤੇ ਰਾਜਨੀਤਕ ਤਾਕਤਾਂ ਦੇ ਵਿਗੜਦੇ ਸੰਤੁਲਨ ਤੇ ਫ਼ੌਜੀ ਹਕੂਮਤ ਦੇ ਕਠੋਰ ਜਾਬਤੇ ਦੇ ਮੱਦੇਨਜ਼ਰ 1971 ਵਿਚ ਪਾਕਿਸਤਾਨ ਦਾ ਇਕ ਹਿੱਸਾ ਵੱਖਰੇ ਦੇਸ਼ ਵਜੋਂ ਅਜ਼ਾਦ ਹੋ ਕੇ ਬੰਗਲਾਦੇਸ਼ ਬਣ ਗਿਆ।

ਪਾਕਿਸਤਾਨ ਵਿਚ ਭਾਸ਼ਾਵਾਂ ਦੀ ਉਪਰੋਕਤ ਸਥਿਤੀ ਵਿਚ ਜੇਕਰ ਪੰਜਾਬੀ ਭਾਸ਼ਾ, ਜੋ ਕਿ ਇਕ ਬਹੁਤ ਵੱਡੇ ਖਿੱਤੇ ਦੀ ਭਾਸ਼ਾ ਹੈ, ਤੇ ਜਿਸਨੂੰ ਬਹੁਗਿਣਤੀ ਮਾਤ ਭਾਸ਼ਾ ਵਜੋਂ ਬੋਲਦੀ ਹੈ, ਵਿਚਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਇਸਦਾ ਮਿਲਦਾ ਹੱਕ ਨਹੀਂ ਦਿੱਤਾ ਗਿਆ। (ਦੇਖੋ ਪ੍ਰਿਸ਼ਿਸ਼ਟ–I) ਇਸ ਸੰਬੰਧ ਵਿਚ ਜਿਹੋ ਜਿਹੀ ਜਦੋਜਹਿਦ ਬੰਗਾਲੀ ਲਈ ਕੀਤੀ ਗਈ, ਤੇ ਅੰਤ ਬੰਗਾਲੀ ਨੂੰ ਕੌਮੀ ਭਾਸ਼ਾ ਬਣਾ ਦਿੱਤਾ ਗਿਆ, ਉਹੋ ਜਿਹੀ ਪੰਜਾਬੀ ਲਈ ਨਹੀਂ ਕੀਤੀ ਗਈ। ਜੇਕਰ ਪੰਜਾਬੀ ਭਾਸ਼ਾ ਦੀ ਸਥਿਤੀ ਦੇਖੀਏ ਤਾਂ ਹੇਠ ਲਿਖੇ ਕੁਝ ਨੁਕਤੇ ਉਭਰਦੇ ਹਨ :

1. ਪ੍ਰਾਇਮਰੀ ਸਕੂਲਾਂ ਤੋਂ ਲੈ ਕੇ ਹਾਈ ਸਕੂਲਾਂ ਤੱਕ ਕਿਸੇ ਵੀ ਪੱਧਰ 'ਤੇ ਪੰਜਾਬੀ ਦੀ ਪੜ੍ਹਾਈ ਦੀ ਕੋਈ ਵਿਵਸਥਾ ਨਹੀਂ।
2. ਗਿਣਤੀ ਦੇ ਕਾਲਜਾਂ ਵਿਚ ਪੰਜਾਬੀ ਨੂੰ ਬਤੌਰ ਆਪਸ਼ਨ ਵਿਸ਼ੇ ਦੇ ਤੌਰ 'ਤੇ ਪੜ੍ਹਾਇਆ ਜਾਂਦਾ ਹੈ ਪਰ ਏਥੇ ਵਿਦਿਆਰਥੀਆਂ ਦੀ ਬਹੁ-ਗਿਣਤੀ ਦੇ ਬਾਵਜੂਦ ਅਧਿਆਪਕਾਂ ਦੀ ਗਿਣਤੀ ਬਹੁਤ ਘੱਟ ਹੈ।
3. ਕਿਸੇ ਵੀ ਪੱਧਰ 'ਤੇ ਸਰਕਾਰੀ ਕੰਮ ਕਾਜ ਵਿਚ ਪੰਜਾਬੀ ਦੀ ਵਰਤੋਂ ਨਹੀਂ ਕੀਤੀ ਜਾਂਦੀ।
4. ਪੰਜਾਬ ਦੀ ਅਸੈਂਬਲੀ ਵਿਚ, ਜਿਥੇ ਨੁਮਾਇੰਦਿਆਂ ਨੇ ਕਾਨੂੰਨ ਬਨਾਉਣ ਤੇ ਸਰਕਾਰ ਨੂੰ ਸੇਧ ਦੇਣੀ ਹੁੰਦੀ ਹੈ, ਉਥੇ ਕਿਸੇ ਮੈਂਬਰ ਨੂੰ ਪੰਜਾਬੀ ਵਿਚ ਆਪਣੇ ਵਿਚਾਰ ਪ੍ਰਗਟ ਕਰਨ ਦੀ ਇਜਾਜ਼ਤ ਨਹੀਂ।
5. ਕੋਈ ਵੀ ਸਰਕਾਰੀ ਅਦਾਰਾ ਅਜਿਹਾ ਨਹੀਂ ਜਿਹੜਾ ਪੰਜਾਬੀ ਦੀ ਉੱਨਤੀ ਲਈ ਜਤਨ ਕਰ ਰਿਹਾ ਹੋਵੇ।
6. ਪੰਜਾਬੀ ਵਿਚ ਛਪਣ ਵਾਲੀਆਂ ਪੁਸਤਕਾਂ ਦੀ ਗਿਣਤੀ ਬਹੁਤ ਘੱਟ ਹੈ।
7. ਟੈਲੀਵਿਜ਼ਨ ਅਤੇ ਰੇਡੀਓ 'ਤੇ ਪੰਜਾਬੀ ਪ੍ਰੋਗਰਾਮ ਨਾ ਹੋਣ ਦੇ ਬਰਾਬਰ ਹਨ। ਸਿੰਧ ਵਿਚ ਸਿੰਧੀ ਜ਼ੁਬਾਨ ਦੇ ਡਰਾਮਿਆਂ ਤੇ ਪ੍ਰੋਗਰਾਮਾਂ ਲਈ 50% ਏਅਰ ਟਾਈਮ ਦਿੱਤਾ ਜਾਂਦਾ ਹੈ ਜਦਕਿ ਪੰਜਾਬੀ ਵਿਚ ਇਹ ਨਾ ਹੋਣ ਦੇ ਬਰਾਬਰ ਹੈ।
8. ਉੱਚ ਸਿੱਖਿਆ, ਵਿਗਿਆਨ ਤੇ ਤਕਨਾਲੋਜੀ ਵਿਚ ਕਿਸੇ ਪੱਧਰ 'ਤੇ ਪੰਜਾਬੀ ਨੂੰ ਵਰਤਣਾ ਕੁਫ਼ਰ ਦੇ ਬਰਾਬਰ ਗਿਣਿਆ ਜਾਂਦਾ ਹੈ।

ਉਪਰੋਕਤ ਨੁਕਤਿਆਂ ਨੂੰ ਜੇ ਧਿਆਨ ਨਾਲ ਵੇਖੀਏ ਤਾਂ ਸਪਸ਼ਟ ਹੈ ਕਿ ਪੰਜਾਬੀ ਦੀ ਪਾਕਿਸਤਾਨ ਵਿਚ ਕੋਈ ਪੁਜੀਸ਼ਨ ਨਹੀਂ ਤੇ ਇਸਨੂੰ ਭਾਰਤ ਵਿਚਲੇ ਪੰਜਾਬੀ ਹਿੰਦੀ ਦੇ ਵਿਰੋਧ ਦੇ ਤੁਲ ਪੰਜਾਬੀ ਉਰਦੂ ਦੇ ਵਿਰੋਧ ਵਿਚ ਰੱਖ ਕੇ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ। ਇਸ ਦੇ ਨਾਲ ਕੁਝ ਵਿਰੋਧ ਅੰਦਰੋਂ ਪੈਦਾ ਕਰਨ ਦੇ ਜਤਨ

ਕੀਤੇ ਗਏ ਹਨ ਜਿਵੇਂ ਪੰਜਾਬੀ ਸਰਾਇਕੀ ਦਾ ਵਿਰੋਧ। ਜੇਕਰ ਸਰਾਇਕੀ ਦੇ ਪਿਛੋਕੜ ਵਲ ਝਾਤ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸਰਾਇਕੀ ਮੁੱਢ ਤੋਂ ਹੀ ਪੰਜਾਬੀ ਦੀ ਉਪਬੋਲੀ ਰਹੀ ਹੈ ਨਾ ਕਿ ਸੁਤੰਤਰ ਭਾਸ਼ਾ। ਨਜ਼ੀਰ ਕਹੂਟ 'ਆਓ ਪੰਜਾਬੀ ਕੋ ਕਤਲ ਕਰੇਂ' ਵਿਚ ਲਿਖਦਾ ਹੈ ਕਿ:

> "ਸਰਾਇਕੀਅਤ ਦੀ ਮੁਹਿੰਮ ਪੰਜਾਬੀਅਤ ਜਾਂ ਪੰਜਾਬੀ ਲਹਿਰ ਦੇ ਟਾਕਰੇ ਕਿਤੇ ਵਧੇਰੇ ਜ਼ੋਰਦਾਰ ਹੈ। ਭਾਵੇਂ ਸ਼ੁਰੂ ਵਿਚ ਮੁਲਤਾਨ, ਬਹਾਵਲਪੁਰ ਅਤੇ ਡੇਰਾ ਗ਼ਾਜ਼ੀ ਖ਼ਾਂ ਦੀਆਂ ਡਿਵੀਜ਼ਨਾਂ ਨੂੰ ਮਿਲਾ ਕੇ ਵੱਖਰੇ ਸਰਾਇਕੀ ਸੂਬੇ ਦੀ ਮੰਗ ਕੀਤੀ ਗਈ ਸੀ ਪਰ ਹੌਲੀ ਹੌਲੀ ਇਹ ਘੇਰਾ ਵਿਸ਼ਾਲ ਹੋ ਰਿਹਾ ਹੈ। ਗਿਣਤੀ ਦੇ ਕੁਝ ਜ਼ਿਲ੍ਹਿਆਂ ਨੂੰ ਛੱਡ ਕੇ ਬਾਕੀ ਸਾਰੇ ਪੰਜਾਬ ਨੂੰ ਸਰਾਇਕੀ ਬੋਲੀ ਦਾ ਇਲਾਕਾ ਮਿਥਿਆ ਜਾ ਰਿਹਾ ਹੈ। ਸਰਾਇਕੀ ਬੋਲਣ ਵਾਲਿਆਂ ਦੀ ਗਿਣਤੀ ਡੇਢ ਕਰੋੜ ਤੋਂ ਵਧਾ ਕੇ ਤਿੰਨ ਕਰੋੜ ਦੱਸੀ ਜਾ ਰਹੀ ਹੈ। ਮਰਦਮ ਸ਼ੁਮਾਰੀ ਵੇਲੇ ਲੋਕਾਂ ਨੂੰ ਸਰਾਇਕੀ ਮਾਂ-ਬੋਲੀ ਲਿਖਵਾਉਣ ਲਈ ਪ੍ਰੇਰਿਆ ਜਾ ਰਿਹਾ ਹੈ। ਮੁਲਤਾਨ ਯੂਨੀਵਰਸਿਟੀ ਵਿਚ ਸਰਾਇਕੀ ਦੇ ਨਾਂ ਹੇਠ ਪੰਜਾਬੀ ਪੜ੍ਹਾਈ ਜਾ ਰਹੀ ਹੈ। ਸਰਾਇਕੀ ਨੂੰ ਛੇ ਹਜ਼ਾਰ ਸਾਲ ਪੁਰਾਣੀ ਜ਼ੁਬਾਨ ਦੱਸਿਆ ਜਾ ਰਿਹਾ ਹੈ। ਲਾਹੌਰ ਟੀ.ਵੀ., ਰੇਡੀਓ ਸਟੇਸ਼ਨਾਂ ਉੱਪਰ ਪੰਜਾਬੀ ਤੋਂ ਵੱਖਰੇ ਸਰਾਇਕੀ ਪ੍ਰੋਗਰਾਮ ਪੇਸ਼ ਕੀਤੇ ਜਾ ਰਹੇ ਹਨ। ਸਰਾਇਕੀ ਸਾਹਿਤ, ਰਹਿਤਲ, ਰਸਮਾਂ, ਗੀਤਾਂ, ਅਕੀਦੇ, ਲਿਬਾਸ, ਆਦ ਨੂੰ ਪੰਜਾਬੀ ਤੋਂ ਪਹਿਲਾਂ ਹੋਂਦ ਵਿਚ ਆਏ ਸਾਬਤ ਕੀਤਾ ਜਾ ਰਿਹਾ ਹੈ। ਸਰਾਇਕੀ ਕਲਾ, ਸੰਗੀਤ, ਵਸੇਬੇ, ਤਹਿਜ਼ੀਬ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਤੇ ਪੰਜਾਬੀ ਦੇ ਵਿਰੋਧ ਵਿਚ ਨਾਅਰੇਬਾਜ਼ੀ ਬੁਲੰਦ ਕਰਕੇ ਪੰਜਾਬੀਆਂ ਨੂੰ ਸਰਾਇਕੀ ਇਲਾਕੇ 'ਚੋਂ ਚਲੇ ਜਾਣ ਲਈ ਕਿਹਾ ਜਾ ਰਿਹਾ ਹੈ।"[17]

ਇੰਜ ਅਜਿਹੀ ਸਥਿਤੀ ਬਣਾ ਦਿੱਤੀ ਗਈ ਹੈ ਕਿ ਪੰਜਾਬੀ-ਪੰਜਾਬੀ ਵਿਰੋਧ ਵਿਚ ਹੀ ਪੰਜਾਬੀ ਨੂੰ ਖ਼ਤਮ ਕੀਤਾ ਜਾ ਸਕੇ। ਪੰਜਾਬੀ ਬਾਰੇ ਦੂਜਾ ਵਿਰੋਧ ਭਾਰਤੀ ਪੰਜਾਬੀ ਤੇ ਪਾਕਿਸਤਾਨੀ ਪੰਜਾਬੀ ਵਿਚ ਖੜ੍ਹਾ ਕੀਤਾ ਜਾ ਰਿਹਾ ਹੈ। ਭਾਰਤੀ ਪੰਜਾਬੀ ਨੂੰ ਸਿੱਖ ਪੰਜਾਬੀ ਤੇ ਪਕਿਸਤਾਨੀ ਪੰਜਾਬੀ ਨੂੰ ਮੁਸਲਿਮ ਪੰਜਾਬੀ ਦਾ ਨਾਂ ਦਿੱਤਾ ਗਿਆ ਹੈ। ਡਾ. ਵਹੀਦ ਕੁਰੈਸ਼ੀ ਨੇ ਆਪਣੀ ਪੁਸਤਕ ਵਿਚ ਵੀ ਦੋ ਪ੍ਰਕਾਰ ਦੀ ਪੰਜਾਬੀ ਦਾ ਜ਼ਿਕਰ ਕੀਤਾ ਹੈ—ਪਾਕਿਸਤਾਨ ਵਿਚਲੀ ਫ਼ਾਰਸੀ ਪ੍ਰਭਾਵਤ ਪੰਜਾਬੀ ਨੂੰ ਉਸਨੇ 'ਮੁਸਲਿਮ ਪੰਜਾਬੀ' ਅਤੇ ਭਾਰਤ ਦੀ ਸੰਸਕ੍ਰਿਤ ਰੂਪ ਵਾਲੀ ਪੰਜਾਬੀ ਨੂੰ 'ਸਿੱਖੀ ਪੰਜਾਬੀ' ਕਿਹਾ ਹੈ।[18] ਏਸੇ ਤਰ੍ਹਾਂ ਫ਼ਾਰਸੀ ਤੇ ਗੁਰਮੁਖੀ ਲਿੱਪੀ ਵਿਚ ਟਕਰਾ ਪੈਦਾ ਕਰਕੇ ਫ਼ਾਰਸੀ ਲਿੱਪੀ ਦੇ ਹੱਕ ਵਿਚ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਨਾਲ ਹੀ ਕੁਝ ਵਿਦਵਾਨਾਂ ਨੇ ਜਾਣਬੁਝ ਕੇ ਪੰਜਾਬੀ ਦੀਆਂ ਜੜ੍ਹਾਂ

ਤੇ ਇਸਦੀ ਪੈਦਾਇਸ਼ ਨੂੰ ਇਸਲਾਮ ਵਲ ਮੋੜ ਕੇ ਨਵੇਂ ਬਖੇੜੇ ਖੜੇ ਕਰ ਦਿਤੇ ਹਨ।

ਉਪਰੋਕਤ ਸਥਿਤੀ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਪਾਕਿਸਤਾਨ ਵਿਚ ਛੇ ਦਹਾਕੇ ਤੋਂ ਵੀ ਪੁਰਾਣੀਆਂ ਭਾਸ਼ਾਵਾਂ ਨੂੰ ਧਾਰਮਿਕ ਪਛਾਣ ਨਾਲ ਜੋੜਨ ਦੀ ਪ੍ਰਵਿਰਤੀ ਜਿਉਂ ਦੀ ਤਿਉਂ ਕਾਇਮ ਹੈ। ਭਾਸ਼ਾ ਸਿਰਫ਼ ਸੰਚਾਰ ਦਾ ਇਕ ਮਾਧਿਅਮ ਹੈ। ਇਹ ਅਵਾਮ ਦੀਆਂ ਸੰਚਾਰ ਲੋੜਾਂ ਨੂੰ ਬਾਖ਼ੂਬੀ ਨਿਭਾਉਣ ਲਈ ਹੀ ਮਨੁੱਖ ਦੁਆਰਾ ਘੜੀ ਗਈ ਸੀ। ਇਸਦਾ ਕਿਸੇ ਖਿਤੇ, ਧਰਮ, ਕੌਮ, ਜਾਤ ਨਾਲ ਕੋਈ ਮੇਲਵਾਂ ਸੰਬੰਧ ਨਹੀਂ ਹੁੰਦਾ। ਇਸ ਕਰਕੇ ਅੱਜ ਵੱਡੀ ਲੋੜ ਇਹ ਗੱਲ ਦੀ ਹੈ ਕਿ ਪਾਕਿਸਤਾਨ ਵਿਚ ਪੰਜਾਬੀ ਆਪਣੇ ਅੰਤਰ-ਵਿਰੋਧਾਂ ਨੂੰ ਖ਼ਤਮ ਕਰਕੇ ਪੰਜਾਬੀ ਨੂੰ ਬਣਦਾ ਹੱਕ ਦਿਵਾਉਣ ਲਈ ਲਾਮਬੰਦ ਹੋਣ।

ਦੂਸਰਾ ਬਦਲਦੀਆਂ ਪ੍ਰਸਥਿਤੀਆਂ ਅਤੇ ਭਾਸ਼ਾਵਾਂ ਦੀਆਂ ਕੌਮਾਂਤਰੀ ਪਛਾਣਾਂ ਕਾਇਮ ਹੋਣ ਤੋਂ ਬਾਅਦ ਇਹ ਜ਼ਰੂਰੀ ਹੈ ਕਿ ਪਾਕਿਸਤਾਨ ਵਿਚ ਭਾਸ਼ਾ ਯੋਜਨਾਬੰਦੀ ਨੂੰ ਨਵੇਂ ਸਿਰੇ ਤੋਂ ਵਿਚਾਰ ਕੇ ਇਸਨੂੰ ਆਵਾਮ ਦੀਆਂ ਖ਼ਾਹਿਸ਼ਾਂ ਤੇ ਵਰਤਮਾਨ ਲੋੜਾਂ ਅਨੁਸਾਰ ਮੁੜ ਵਿਉਂਤਿਆ ਜਾਵੇ।

ਹਵਾਲੇ ਤੇ ਟਿੱਪਣੀਆਂ

1. Dr. Abid Hussain, Hindustani Musalman, Aina-i-Ayyam Mein, Delhi, 1965, p. 56.
2. I.H. Qureshi, The Pakistani Way of Life, pp. 1-2.
3. Census of Pakistan 1951, Vol. I, p. 71.
4. Ian Stephens, Pakistan, pp. 52-53.
5. Dr. Abdul Haq, Quoumi Zaban, Anjuman-Tarraqi-i-Urdu.
6. I.H. Qureshi, The Pakistan Way of Life, p.2.
7. This was apparent from the rules of the Pakistan Constituent Assembly unanimously accepted in Aug. 1947, which permitted the use of only two languages and English in the Assembly proceedings.
8. Constituent Assembly of Pakistan, Report of the debate in Dawn, Feb. 26, 1948.
9. Quade-i-Azam Speakes, p. 133.
10. Khalid Bin Saeed, Pakistan, the Formative Phase, Karachi, 1960, p. 299.
11. Keith Callard, op.cit., p. 181.
12. Hugh Tinkers, A Hand Book on India, Pakistan and Ceylon.
13. Zameer Mustafa, Pakistan Ka Lassani Massala, Lahore, 1967, p.61.

14. Ibid. p. 62.
15. Pakistan Times, 13 Feb. 1967.
16. Adabi Duniya, IV, 1960, Lahore.
17. ਚੌਧਰੀ ਨਜ਼ੀਰ ਕਹੂਟ, ਆਓ ਪੰਜਾਬੀ ਕੋ ਕਤਲ ਕਰੇਂ.
18. ਡਾ. ਵਹੀਦ ਕੁਰੈਸ਼ੀ, ਓਰੀਐਂਟਲ ਸਟੱਡੀਜ਼, 'A Survey of Punjabi Language & Literature', p. 37.

ਪ੍ਰਿਸ਼ਸ਼ਟ-I

Language Distribution in Pakistan's Main Districts.


As a pecent of total

District	Language (percent)	District	Lanuage (percent)
Northwest Frontier Province		**Sindh**	
		Karachi	Pashto (8.7)
Peshawar	Hindko (6.85)		Punjabi (13.6)
	Pashto (87,54)		Urdu (54.3)
Abbotabad	Hindko (92.32)	Hyderabad	Sindhi (56.48)
	Pashto (3.68)		Urdu (28.10)
Swat	Kohistani (8.67)	Larkana	Baluchi (6.98)
	Pashto (90.28)		Brahvi (5.92)
Mardan	Pashto (97.17)		Sindhi (78.43)
			Siraiki (5.04)
Punjab		Jacobabad	Punjabi (6.37)
Lahore	Punjabi (84.0)		Sindhi (73.54)
	Urdu (13.4)		Urdu (12.66)
Rawalpindi	Punjabi (85.0)	**Baluchistan**	
	Urdu (7.5)	Quetta	Brahvi (17.13)
Faisalabad	Punjabi (98.2)		Pashto (36.47)
Multan	Punjabi (43.8)		Punjabi (18.85)
	Siraiki (44.7)		Urdu (11.17)
	Urdu (10.5)	Chagai	Baluchi (57.08)
Gujranwala	Punjabi (97.6)		Brahvi (34.80)
Jhelum	Punjabi (97.5)	Sibi	Baluchi (15.09)
Jhang	Punjabi (96.5)		Pashto (49.77)
			Sindhi (20.12)
		Gwadar	Baluchi (98.25)

Source : Tariq Rahman, Language and Politics in Pakistan (Oxford University Press, 1996), appendix E, pp. 265-66.

a. National data are not available, but these are Pakistan's largest districts Data based on the 1981 census reports on districts. Minor languages have been ignored.

ਪ੍ਰਿਸ਼ਟ-II


Languages of Pakistan, Afghanistan, and Northwest India
Kirghiz
Burushaski
Turkmen
Uzbek
Uzbek
Uzbek
Tajik
Dardic Group
Balti
Chahar Aimaq
Hazara
PERSIAN
Hindko
Tibetan
Ladakhi
KASHMIRI
PASHTO
Siraiki
Pahari
Tibetan
Bhotia
Group
Baluchi
Baluchi
PUNJABI
Brahvi
Hindustani
HINDI
BALUCHI
Marwari
Mewati
LANGUAGE FAMILIES AND BRANCHES
INDO-EUROPEAN FAMILY
Indic Branch
Iranic Branch
Dardic Branch
DRAVIDIAN FAMILY
SINO-TIBETAN FAMILY
ALTAIC FAMILY
UNCLASSIFIED
SINDHI
URDU
GUJARATI
NOTES ON INDIVIDUAL LANGUAGES AND DIALECTS
Official languages are printed thus HINDI
Other languages are printed thus GONDI
Major Dialects of selected languages BRAJ

ਰੇਡੀਓ ਪ੍ਰਸਾਰਣ ਵਿਚ ਪੰਜਾਬੀ

ਅੱਜ ਦਾ ਯੁਗ ਸੰਚਾਰ ਦਾ ਯੁਗ ਹੈ। ਮਨੁੱਖੀ ਵਿਚਾਰਾਂ, ਵਿਹਾਰਾਂ ਤੇ ਅਕਾਂਖਿਆਵਾਂ ਦੇ ਅਦਾਨ-ਪ੍ਰਦਾਨ ਦਾ ਇਹ ਇਕ ਸ਼ਕਤੀਸ਼ਾਲੀ ਮਾਧਿਅਮ ਹੈ। ਜਨ-ਸੰਚਾਰ ਦੇ ਇਨ੍ਹਾਂ ਮਾਧਿਅਮਾਂ ਵਿਚੋਂ ਰੇਡੀਓ ਸ਼ਕਤੀਸ਼ਾਲੀ, ਗਤੀਸ਼ੀਲ ਅਤੇ ਗਹਿਰਾ ਪ੍ਰਭਾਵ ਪਾਉਣ ਵਾਲਾ ਮਾਧਿਅਮ ਹੈ। ਆਵਾਜ਼ ਦਾ ਮਾਧਿਅਮ ਹੋਣ ਕਰਕੇ ਭਾਸ਼ਾ ਪੱਖੋਂ ਇਸਦੀ ਨਿਖੜਵੀਂ ਪਛਾਣ ਉਭਰ ਦੇ ਸਾਹਮਣੇ ਆਉਂਦੀ ਹੈ। ਰੇਡੀਓ ਦੀਆਂ ਤਿੰਨ ਮੁੱਖ ਵਿਲੱਖਣਤਾਵਾਂ ਗਿਣੀਆਂ ਜਾਂਦੀਆਂ ਹਨ : ਸਰਬ-ਵਿਆਪਕਤਾ, ਤਤਫਟਤਾ ਅਤੇ ਲਚਕ। ਇਸਦੇ ਨਾਲ ਹੀ ਰੇਡੀਓ ਸਮੇਂ ਦੀ ਸੀਮਾ ਵਿਚ ਬੱਝਾ ਹੋਇਆ ਮਾਧਿਅਮ ਹੈ। ਇਸ ਪੱਖੋਂ ਰੇਡੀਓ ਭਾਸ਼ਾ ਦਾ ਕਾਰਜ ਹੋਰ ਵੀ ਮਹੱਤਵਪੂਰਣ ਹੋ ਜਾਂਦਾ ਹੈ। ਇਸ ਖੋਜ-ਪੱਤਰ ਵਿਚ ਅਸੀਂ ਪੰਜਾਬੀ ਦਾ ਰੇਡੀਓ ਭਾਸ਼ਾ ਦੇ ਸੰਦਰਭ ਵਿਚ ਸਮਾਜ-ਭਾਸ਼ਾ-ਵਿਗਿਆਨਕ ਵਿਧੀ ਦੁਆਰਾ ਵਿਸ਼ਲੇਸ਼ਣ ਪੇਸ਼ ਕਰਨ ਦਾ ਜਤਨ ਕਰਾਂਗੇ। ਇਸਦੀ ਆਧਾਰ-ਸਾਮੱਗ੍ਰੀ ਅਸੀਂ ਰੇਡੀਓ ਸਟੇਸ਼ਨ, ਜਲੰਧਰ, ਤੋਂ ਦੋ ਮਹੀਨਿਆਂ (ਫ਼ਰਵਰੀ-ਮਾਰਚ 1983) ਦੇ ਦੌਰਾਨ ਪ੍ਰਸਾਰਿਤ ਕੀਤੇ ਗਏ ਵੱਖ ਵੱਖ ਪ੍ਰੋਗਰਾਮਾਂ ਨੂੰ ਰਿਕਾਰਡ ਕਰਕੇ ਇਕੱਤ੍ਰ ਕੀਤੀ ਹੈ। ਇਨ੍ਹਾਂ ਪ੍ਰੋਗਰਾਮਾਂ ਨੂੰ ਹੇਠ ਲਿਖੀਆਂ ਕੋਟੀਆਂ ਵਿਚ ਵੰਡਣ ਦਾ ਜਤਨ ਕੀਤਾ ਹੈ:

ੳ. ਸੂਚਨਾ ਪ੍ਰਸਾਰ

1. ਮੌਸਮ ਤੇ ਖੇਤਬਾੜੀ	1. ਰੋਜ਼ਗਾਰ ਸਮਾਚਾਰ	1. ਪਰਿਵਾਰ ਕਲਿਆਣ	1. ਰਾਜਯ ਕੀ ਚਿੱਠੀ	1. ਸਥਾਨਕ ਸੂਚਨਾਵਾਂ ਤੇ ਪ੍ਰੋਗਰਾਮਾਂ ਦਾ ਵੇਰਵਾ	1. ਖੇਡ ਸੰਸਾਰ
2. ਮੌਸਮ ਤੇ ਉੱਨਤ ਖੇਤੀ	2. ਲੋਕ ਰੁਚੀ ਦੇ ਸਮਾਚਾਰ	2. ਪਰਿਵਾਰਕ ਝਲਕੀ	2. ਸੰਸਦ ਸਮੀਖਿਆ	2. ਰੋਜ਼ਾਨਾ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮ	2. ਸਪੋਰਟਸ ਮੈਗਜ਼ੀਨ ਪ੍ਰੋਗਰਾਮ
3. ਦਿਹਾਤੀ ਪ੍ਰੋਗਰਾਮ	3. ਸਮਾਚਾਰ ਦਰਪਣ		3. ਪ੍ਰਤੀਬਿੰਬ	3. ਅੱਜ ਦੇ ਵਿਸ਼ੇਸ਼ ਪ੍ਰੋਗਰਾਮ	

4. ਚਾਨਣ ਰਿਸ਼ਮਾਂ (ਹਫ਼ਤਾਵਾਰੀ ਮੈਗਜ਼ੀਨ ਪ੍ਰੋਗਰਾਮ)

ਅ. ਮਨੋਰੰਜਨ

1. ਨਾਟਕ	1. ਵਾਰਤਾਲਾਪ	1. ਖੇਡਾਂ ਦਾ ਅੱਖੀਂ ਡਿੱਠਾ ਹਾਲ	1. ਗਾਉਂਦਾ ਪੰਜਾਬ
2. ਰੂਪਕ	2. ਹਾਸ-ਵਿਅੰਗ	2. ਮੇਲਿਆਂ ਦੇ ਅੱਖੀਂ ਡਿੱਠੇ ਵਿਸ਼ੇਸ਼ ਪ੍ਰੋਗਰਾਮ	2. ਫ਼ਰਮਾਇਸ਼ੀ ਫ਼ਿਲਮੀ ਗਾਣਿਆਂ ਦਾ ਹਫ਼ਤਾਵਾਰੀ ਪ੍ਰੋਗਰਾਮ
3. ਸਕਿਟ	3. ਤੁਹਾਡੀ ਚਿੱਠੀ ਮਿਲੀ		3. ਫ਼ਰਮਾਇਸ਼ੀ ਪੰਜਾਬੀ ਗਾਣਿਆਂ ਦਾ ਹਫ਼ਤਾਵਾਰੀ ਪ੍ਰੋਗਰਾਮ
4. ਹਸਾਉਣੀਆਂ ਨਕਲਾਂ			

ੲ. ਧਾਰਮਿਕ ਪ੍ਰੋਗਰਾਮ

1. ਗੁਰਬਾਣੀ ਵਿਚਾਰ	1. ਧਾਰਮਿਕ ਸਥਾਨਾਂ ਤੋਂ ਖ਼ਾਸ ਖ਼ਾਸ ਮੌਕਿਆਂ 'ਤੇ ਸਿੱਧੇ ਪ੍ਰਸਾਰਣ	1. ਧਾਰਮਿਕ ਵਾਰਤਾਵਾਂ	1. ਭਗਤੀ ਸੰਗੀਤ
		2. ਧਾਰਮਿਕ ਸਮਾਗਮਾਂ ਤੋਂ ਰਿਕਾਰਡ ਕੀਤੇ ਪ੍ਰੋਗਰਾਮ	2. ਆਰਾਧਨਾ

ਸ. ਗਿਆਨ ਪ੍ਰਸਾਰ

1. ਸਾਹਿਤ ਸੰਬੰਧੀ ਵਾਰਤਾਵਾਂ	1. ਵਿਗਿਆਨ ਤੇ ਤਕਨਾਲੋਜੀ ਨਾਲ ਸੰਬੰਧਿਤ ਵੱਖ-ਵੱਖ ਪ੍ਰੋਗਰਾਮ	1. ਵਿਦਿਅਕ ਅਤੇ ਸਮਾਜਕ ਭਲਾਈ ਦੇ ਪ੍ਰੋਗਰਾਮ	1. ਜਨਰਲ ਵਿਗਿਆਨ	1. ਸਰੀਰ, ਸਿਹਤ ਤੇ ਸਫ਼ਾਈ ਸੰਬੰਧੀ ਪ੍ਰੋਗਰਾਮ
2. ਕਵੀ ਦਰਬਾਰ			2. ਨਵੀਆਂ ਕਾਢਾਂ	
3. ਪੁਸਤਕਾਂ ਦੀ ਗੱਲ				

ਹ. ਔਰਤਾਂ ਲਈ ਪ੍ਰੋਗਰਾਮ

1. ਤ੍ਰਿੰਝਣ (ਪੇਂਡੂ ਔਰਤਾਂ ਲਈ)
1. ਨਾਰੀ ਸੰਸਾਰ (ਸ਼ਹਿਰੀ ਔਰਤਾਂ ਲਈ)

ਕ. ਬੱਚਿਆਂ ਲਈ

1. ਪੇਂਡੂ ਬੱਚਿਆਂ ਲਈ
1. ਨੰਨੇ ਮੁੰਨੇ ਬੱਚਿਆਂ ਲਈ
1. ਬਾਲ-ਜਗਤ (ਹਫ਼ਤਾਵਾਰੀ ਪ੍ਰੋਗਰਾਮ)

ਖ. ਸਮਾਚਾਰ ਬੁਲੇਟਿਨ

1. ਪੰਜਾਬੀ (3)
1. ਹਿੰਦੀ (6)
1. ਅੰਗਰੇਜ਼ੀ (3)
1. ਉਰਦੂ (3)
   2. ਤਬਸਰਾ (1)
1. ਸੰਸਕ੍ਰਿਤ (1)

ਗ. ਖੇਤਰੀ ਸਮਾਚਾਰ ਬੁਲੇਟਿਨ

1. ਪੰਜਾਬੀ ਵਿਚ ਪ੍ਰਾਦੇਸ਼ਿਕ ਸਮਾਚਾਰ (1)
1. ਹਿੰਦੀ ਵਿਚ ਪ੍ਰਾਦੇਸ਼ਿਕ ਸਮਾਚਾਰ (1)

ਉਪਰੋਕਤ ਪ੍ਰੋਗਰਾਮਾਂ ਦੇ ਆਧਾਰ ਤੇ ਇਸ ਖੋਜ-ਪੱਤਰ ਨੂੰ ਅਸੀਂ ਹੇਠ ਲਿਖੇ ਚਾਰ ਹਿੱਸਿਆਂ ਵਿਚ ਵੰਡ ਕੇ ਵਿਸ਼ਲੇਸ਼ਣ ਕਰਨ ਦਾ ਜਤਨ ਕਰਾਂਗੇ :

1. ਰੇਡੀਓ ਅਨਾਊਂਸਮੈਂਟਸ (Radio Announcements)
2. ਰਜਿਸਟਰ (Register)
3. ਕੋਡ-ਪਰਿਵਰਤਨ (Code-Switching)
4. ਕੋਡ-ਮਿਸ਼ਣ (Code-Mixing)

1. ਰੇਡੀਓ ਅਨਾਊਂਸਮੈਂਟਸ (Radio Announcements)

ਰੇਡੀਓ ਤੋਂ ਹਰ ਪ੍ਰੋਗਰਾਮ ਦੇ ਸ਼ੁਰੂ ਤੇ ਅੰਤ ਵਿਚ ਪ੍ਰੋਗਰਾਮਾਂ ਸੰਬੰਧੀ ਜੋ ਅਨਾਊਂਸਮੈਂਟਸ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਦਾ ਭਾਸ਼ਾ ਪੱਖੋਂ ਖ਼ਾਸ ਮਹੱਤਵ ਹੈ। ਖ਼ਬਰਾਂ ਵਿਚ ਇਹ ਅਨਾਊਂਸਮੈਂਟਸ ਰੋਕ (pause) ਲਈ ਵੀ ਵਰਤੀਆਂ ਜਾਂਦੀਆਂ ਹਨ। ਸਾਰੀਆਂ ਅਨਾਊਂਸਮੈਂਟਸ ਰੂੜ੍ਹੀਬੱਧ ਸ਼ੈਲੀ (frozen style) ਵਿਚ ਹੁੰਦੀਆਂ ਹਨ, ਕਿਉਂਕਿ ਇਨ੍ਹਾਂ ਵਿਚਲੀ ਸ਼ਬਦਾਵਲੀ ਤੇ ਉਸਨੂੰ ਵਰਤਣ ਦਾ ਢੰਗ ਪਹਿਲਾਂ ਤੋਂ ਹੀ ਨਿਸ਼ਚਿਤ ਕੀਤਾ ਹੁੰਦਾ ਹੈ। ਰੇਡੀਓ ਆਊਂਸਮੈਂਟਸ ਦਾ ਇਹ ਸਾਰਾ ਪੈਟਰਨ ਉਪਚਾਰਕ ਪੱਧਰ (formal level) 'ਤੇ ਪ੍ਰਯੋਗ ਵਿਚ ਲਿਆਂਦਾ ਜਾਂਦਾ ਹੈ। ਭਾਵੇਂ ਇਹ ਅਨਾਊਂਸਮੈਂਟਸ ਰੂੜ੍ਹੀਬੱਧ ਸ਼ੈਲੀ ਵਿਚ ਹੁੰਦੀਆਂ ਹਨ ਪਰ ਇਨ੍ਹਾਂ

ਨੂੰ ਗਤੀਸ਼ੀਲ (dynamic) ਰੱਖਣ ਦਾ ਜਤਨ ਵੀ ਕੀਤਾ ਜਾਂਦਾ ਹੈ। ਇਹੀ ਕਾਰਣ ਹੈ ਕਿ ਇਨ੍ਹਾਂ ਦੀ ਪੇਸ਼ਕਾਰੀ ਦੀ ਦਿਸ਼ਾ ਹਮੇਸ਼ਾਂ ਉਪਚਾਰਕ ਤੋਂ ਅਣਉਪਚਾਰਕ (formal to informal) ਵੱਲ ਹੁੰਦੀ ਹੈ। ਕਈ ਵਾਰ ਇਹ ਪੇਸ਼ਕਾਰੀ ਰੂੜ੍ਹੀਬੱਧ-ਉਪਚਾਰਕ ਤੋਂ ਅਤਿਨਿਕਟਤਾ (frozen-formal to intimate) ਵੱਲ ਵੀ ਹੋ ਜਾਂਦੀ ਹੈ।

ਇਹ ਅਨਾਊਂਸਮੈਂਟਸ ਕਦੀ ਵੀ ਇਕੱਲੇ-ਕਾਰੇ ਵਿਅਕਤੀ (individual) ਨੂੰ ਮੁੱਖ ਰੱਖ ਕੇ ਪੇਸ਼ ਨਹੀਂ ਕੀਤੀਆਂ ਜਾਂਦੀਆਂ ਕਿਉਂਕਿ ਰੇਡੀਓ ਸਮੂਹਕ ਸੰਚਾਰ ਦਾ ਮਾਧਿਅਮ ਹੈ। ਇਸ ਲਈ ਇਸ ਤੋਂ ਪ੍ਰਸਾਰਿਤ ਕੀਤੀ ਜਾਣ ਵਾਲੀ ਹਰ ਚੀਜ਼ ਭਾਵੇਂ ਉਹ ਕਿਸੇ ਇਕ ਵਰਗ ਲਈ ਹੋਵੇ, ਉਸਦਾ ਸਮੁੱਚਾ ਬਲ ਪ੍ਰਸਾਰਣ-ਘੇਰੇ (broadcasting range) ਵਿਚਲੇ ਪੂਰੇ ਸਮਾਜ ਲਈ ਹੁੰਦਾ ਹੈ, ਜਿਵੇਂ ਔਰਤਾਂ, ਕਿਸਾਨਾਂ, ਵਿਦਿਆਰਥੀਆਂ, ਬੱਚਿਆਂ, ਆਦ ਲਈ ਜਾਂ ਫਿਰ ਵੱਖੋ ਵੱਖਰੇ ਧਾਰਮਿਕ ਸਮੂਹਾਂ ਲਈ। ਇਸ ਕਰਕੇ ਇਹ ਅਨਾਊਂਸਮੈਂਟਸ ਗਗਨਮੁਖੀ ਨਾ ਹੋ ਕੇ ਪਾਸਾਰਮੁਖੀ ਹੁੰਦੀਆਂ ਹਨ, ਕਿਉਂਕਿ ਇਨ੍ਹਾਂ ਦਾ ਰੁਖ ਇਕੋ ਵੇਲੇ ਇਕ ਵਿਅਕਤੀ, ਇਕ ਵਰਗ ਵੱਲ ਵੀ ਹੁੰਦਾ ਹੈ ਅਤੇ ਸਮੁੱਚੇ ਸਮਾਜ ਵੱਲ ਵੀ।

ਸਰੋਤਿਆਂ ਨੂੰ ਇਹ ਅਨਾਊਂਸਮੈਂਟਸ ਭਾਵੇਂ ਮੌਖਿਕ (oral) ਜਾਪਦੀਆਂ ਹਨ ਪਰ ਅਸਲ ਵਿਚ ਇਹ ਲਿਖਤ ਦਾ ਮੌਖਿਕ ਰੂਪ ਹੁੰਦੀਆਂ ਹਨ। ਇਨ੍ਹਾਂ ਦੀ ਪੇਸ਼ਕਾਰੀ ਦਾ ਢੰਗ ਸਰਲ ਨਹੀਂ ਸਗੋਂ, ਇਕ ਬੜੀ ਜਟਿਲ ਪ੍ਰਕਿਰਿਆ (complex process) ਦਾ ਸੂਚਕ ਹੈ। ਇਸ ਵਿਚ ਸੰਬੋਧਨ-ਕਰਤਾ (announcer) ਭਾਵੇਂ ਇਕ ਵਚਨ (singular) ਹੁੰਦਾ ਹੈ ਪਰ ਉਹ ਅਕਸਰ ਆਪਣੇ ਆਪਨੂੰ ਬਹੁ-ਵਚਨ (plural) ਵਿਚ ਹੀ ਪੇਸ਼ ਕਰਦਾ ਹੈ, ਜਿਵੇਂ:

> ...ਅਸੀਂ ਅਕਾਸ਼ਬਾਣੀ ਜਲੰਧਰ ਤੋਂ ਬੋਲ ਰਹੇ ਹਾਂ... ਦੁਪਹਿਰ ਦੇ ਬਾਰਾਂ ਵੱਜਣ ਵਾਲੇ ਨੇ ਹੁਣ "ਸਾਡੀ" ਦੂਸਰੀ ਸਭਾ ਸ਼ੁਰੂ ਹੁੰਦੀ ਏ...

ਕਈ ਅਨਾਊਂਸਮੈਂਟਸ ਅਜਿਹੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਵਿਚ ਕੋਈ ਇਕੱਲਾ ਵਿਅਕਤੀ ਸਮੂਹ ਨੂੰ ਸੰਬੋਧਨ ਕਰਨ ਲੱਗਿਆ ਅਨਾਊਂਸਮੈਂਟਸ ਵਿਚ ਆਪਣਾ ਨਾਂ ਬੋਲ ਕੇ ਸਰੋਤਿਆਂ ਦਾ ਅਭਿਵਾਦਨ (greet) ਕਰਦਾ ਹੈ। ਇਹ ਇਕ ਤਰ੍ਹਾਂ ਦਾ ਉਪਚਾਰਕ ਪੱਧਰ 'ਤੇ ਵਕਤੇ, ਸਰੋਤੇ ਦਾ ਆਵਾਜ਼ ਰਾਹੀਂ ਮਾਨਸਿਕ ਰਿਸ਼ਤਾ ਸਥਾਪਿਤ ਕਰਨ ਦਾ ਜਤਨ ਹੈ, ਜਿਵੇ:

> 'ਤੁਹਾਡੀ ਚਿੱਠੀ ਮਿਲੀ ਪ੍ਰੋਗਰਾਮ ਸੁਣਨ ਵਾਲਿਆਂ ਨੂੰ "ਹਰਬੰਸ ਸਿੰਘ ਖੁਰਾਣਾ" ਦਾ ਨਮਸਕਾਰ...'
>
> 'ਤੁਹਾਡੀ ਫ਼ਰਮਾਇਸ਼ ਪ੍ਰੋਗਰਾਮ ਸੁਣਨ ਵਾਲਿਆਂ ਨੂੰ "ਰਾਣੀ ਸ਼ਰਮਾ" ਦਾ ਨਮਸਕਾਰ...' 'ਲਤਾ ਮੰਗੇਸ਼ਕਰ ਦੇ ਗਾਏ ਇਸ ਗੀਤ ਨਾਲ "ਤੁਹਾਡੀ ਫ਼ਰਮਾਇਸ਼" ਪ੍ਰੋਗਰਾਮ ਖਤਮ ਹੋਇਆ...'

'ਇਹ ਅਕਾਸ਼ਬਾਣੀ ਏ, ਹੁਣ ਤੁਸੀਂ "ਸੁਰਿੰਦਰ ਬਤਰਾ" ਕੋਲੋਂ ਖ਼ਬਰਾਂ ਸੁਣੋ...'

ਉਪਰੋਕਤ ਅਨਾਊਂਸਮੈਂਟਸ ਵਿਚ ਵਕਤਾ ਆਪਣਾ ਨਾਂ ਦਸ ਕੇ ਸਰੋਤਿਆਂ ਨੂੰ ਪ੍ਰੋਗਰਾਮ ਸੰਬੰਧੀ ਜਾਣੂ ਕਰਵਾਉਂਦਾ ਹੈ। ਅਕਸਰ ਪ੍ਰੋਗਰਾਮ ਦੇ ਅੰਤ 'ਤੇ ਵੀ ਉਹ ਇਕੱਲਾ ਹੀ ਆਪਣਾ ਨਾਂ ਲੈ ਕੇ ਸਰੋਤਿਆਂ ਤੋਂ ਇਜਾਜ਼ਤ ਵੀ ਮੰਗਦਾ ਹੈ। ਇਨ੍ਹਾਂ ਅਨਾਊਂਸਮੈਂਟਸ ਵਿਚ "ਨਮਸਕਾਰ" ਨੂੰ, ਜੋ ਕੇ ਹਿੰਦੂ ਧਰਮ ਦੀ ਪਵਿੱਤਰ ਸ਼ਬਦਾਵਲੀ ਦਾ ਸ਼ਬਦਾਂ ਹੈ, ਧਾਰਮਿਕ ਖੇਤਰ ਵਿਚੋਂ ਕੱਢ ਕੇ ਗ਼ੈਰ-ਫ਼ਿਰਕੂ ਅਰਥਾਂ ਵਿਚ ਵਰਤ ਕੇ ਇਸ ਨੂੰ ਅਭਿਵਾਦਨ ਦਾ ਸਾਧਨ (mode of greeting) ਬਣਾਇਆ ਗਿਆ ਹੈ। ਕਈ ਅਨਾਊਂਸਮੈਟਸ ਵਿਚ ਕੌਮੀ ਸ਼ਬਦ "ਜੈ ਹਿੰਦ" ਨੂੰ ਵੀ ਅਭਿਵਾਦਨ ਦਾ ਸਾਧਨ ਬਣਾ ਕੇ ਇਸਦੀ ਵਿਆਪਕ ਪੱਧਰ 'ਤੇ ਵਰਤੋਂ ਕੀਤੀ ਜਾਂਦੀ ਹੈ, ਜਿਵੇਂ:

> 'ਫ਼ੌਜੀ ਭਾਈਓ ਅਬ ਵਕਤ ਹੂਆ ਚਾਹਤਾ ਹੈ, ਇਜਾਜ਼ਤ ਦੇਂ, "ਜੈ ਹਿੰਦ"...'
>
> 'ਅੱਛਾ ਸ਼ਾਨੂ ਜੀ ਹੁਣ ਵਕਤ ਹੋ ਗਿਆ ਚਲੀਏ, "ਜੈ ਹਿੰਦ"...'
>
> 'ਇਸਦੇ ਨਾਲ ਹੀ ਹਰਬੰਸ ਸਿੰਘ ਖੁਰਾਣਾ ਨੂੰ ਇਜਾਜ਼ਤ ਦਿਓ, ਅਗਲੇ ਹਫ਼ਤੇ ਫਿਰ ਮਿਲਾਂਗੇ, "ਨਮਸਕਾਰ"...'

ਕਈ ਅਨਾਊਂਸਮੈਂਟਸ ਅਜਿਹੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਦੇ ਅਰੰਭ 'ਤੇ ਵਕਤਾ, ਸਰੋਤਾ ਸੰਬੋਧਨ ਸ਼ਬਦਾਵਲੀ ਵਿਚੋਂ ਸਿੱਧੇ ਤੌਰ 'ਤੇ ਗ਼ਾਇਬ ਹੁੰਦੇ ਹਨ, ਪਰ ਬੀਜ (kernal) ਰੂਪ ਵਿਚ ਇਨ੍ਹਾਂ ਵਿਚ ਲੁਕੇ ਹੁੰਦੇ ਹਨ। ਪ੍ਰੋਗਰਾਮ ਦੇ ਖ਼ਤਮ ਹੋਣ ਤੇ ਜਦੋਂ ਅਨਾਊਂਸਮੈਂਟਸ ਕੀਤੀ ਜਾਂਦੀ ਹੈ ਤਾਂ ਉਸ ਵਿਚੋਂ ਦੁਬਾਰਾ ਵਕਤਾ, ਸਰੋਤਾ ਸੰਬੰਧ ਉਭਾਰ ਲਏ ਜਾਂਦੇ ਹਨ, ਜਿਵੇ:

> 'ਇਹ ਅਕਾਸ਼ਬਾਣੀ ਏ, ਹੁਣ ਸੁਣੋ ਕੁਝ ਪੰਜਾਬੀ ਗੀਤ....'
>
> 'ਹੁਣੇ "ਤੁਸਾਂ" ਕੁਝ ਪੰਜਾਬੀ ਗੀਤ ਸੁਣੇ, ਰਚਨਾ ਸ਼ਿਵ ਕੁਮਾਰ ਬਟਾਲਵੀ ਦੀ ਤੇ ਗਾ ਰਹੇ ਸਨ ਆਸਾ ਸਿੰਘ ਮਸਤਾਨਾ... "ਅਸੀਂ" ਅਕਾਸ਼ਬਾਣੀ ਜਲੰਧਰ ਤੋਂ ਬੋਲ ਰਹੇ ਹਾਂ...'

ਰੇਡੀਓ ਅਨਾਊਂਸਮੈਂਟਸ ਦਾ ਰੁਖ਼ ਆਮ ਕਰਕੇ ਉੱਤਮ ਪੁਰਖ (First person) ਤੋਂ ਮੱਧਮ ਪੁਰਖ (second person) ਵੱਲ ਹੁੰਦਾ ਹੈ, ਜਿਸ ਵਿਚ ਸਰੋਤਾ ਹਮੇਸ਼ਾਂ ਹੀ ਬਹੁ-ਵਚਨ ਹੁੰਦਾ ਹੈ, ਜਿਵੇਂ:

ਵਕਤਾ/ਉੱਤਮ ਪੁਰਖ	**ਸਰੋਤਾ ਮੱਧਮ ਪੁਰਖ**
ਸੁਰਿੰਦਰ ਬਤਰਾ	ਤੁਸੀਂ
ਦੇਵਕੀ ਨੰਦਨ ਪਾਂਡੇ	ਆਪ
ਹਰੀ ਦਰਸ਼ਨ	ਆਪ

ਰਜਿੰਦਰ ਸਿੰਘ	ਤੁਸੀਂ
ਰਮੇਸ਼ ਸ਼ਰਮਾ	ਆਪ
ਅਸੀਂ	ਤੁਹਾਨੂੰ

ਪਰ ਕਈ ਵਾਰ ਇਹ ਰੁਖ਼ ਵਕਤਾ/ਉੱਤਮ ਪੁਰਖ ਤੇ ਸਰੋਤਾ/ਅਨੱਯ ਪੁਰਖ (third person) ਵੱਲ ਵੀ ਹੋ ਜਾਂਦਾ ਹੈ, ਜਿਵੇ:

ਵਕਤਾ/ਉੱਤਮ ਪੁਰਖ	**ਸਰੋਤਾ/ਅਨੱਯ ਪੁਰਖ**
ਰਾਣੀ ਸ਼ਰਮਾ	ਸੁਣਨ ਵਾਲੇ
ਹਰਬੰਸ ਸਿੰਘ ਖੁਰਾਣਾ	ਸੁਣਨ ਵਾਲੇ
ਸੁਖਜਿੰਦਰ ਚੂੜਾਮਨੀ	ਸੁਣਨ ਵਾਲੇ

ਕਈ ਅਨਾਊਂਸਮੈਂਟਸ ਪ੍ਰੋਗਰਾਮਾਂ ਦੇ ਮੱਧ ਵਿਚ ਵੀ ਕੀਤੀਆਂ ਜਾਂਦੀਆਂ ਹਨ, ਖ਼ਾਸ ਕਰਕੇ ਖ਼ਬਰਾਂ ਵਿਚ। ਖ਼ਬਰਾਂ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ: ਖੇਤਰੀ (regional), ਕੌਮੀ (national) ਅਤੇ ਅੰਤਰਰਾਸ਼ਟਰੀ (international)। ਇਸ ਲਈ ਇਨ੍ਹਾਂ ਨੂੰ ਵਾਰੋ-ਵਾਰੀ ਪੜ੍ਹਨ ਲਈ ਰੋਕ (pause) ਦਿੱਤੀ ਜਾਂਦੀ ਹੈ, ਜਿਵੇਂ ਸਭ ਤੋਂ ਪਹਿਲਾਂ ਮਹੱਤਵਪੂਰਣ ਖ਼ਬਰਾਂ, ਫੇਰ ਕੌਮੀ ਮਹੱਤਵ ਦੀਆਂ ਖ਼ਬਰਾਂ, ਫੇਰ ਰੋਕ ਦੇ ਕੇ ਅੰਤਰਰਾਸ਼ਟਰੀ ਤੇ ਖੇਤਰੀ ਖ਼ਬਰਾਂ। ਅੰਤ 'ਤੇ ਖੇਡਾਂ ਅਤੇ ਮੌਸਮ ਸੰਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ। ਸਮੁੱਚੇ ਤੌਰ 'ਤੇ ਹੇਠ ਲਿਖਿਆ ਪੈਟਰਨ ਵਰਤਿਆ ਜਾਂਦਾ ਹੈ:

'...ਇਹ ਖ਼ਬਰਾਂ ਤੁਸੀਂ ਅਕਾਸ਼ਬਾਣੀ ਤੋਂ ਸੁਣ ਰਹੇ ਹੋ...'

'...ਯੇਹ ਸਮਾਚਾਰ ਆਕਾਸ਼ਵਾਣੀ ਸੇ ਪ੍ਰਸਾਰਿਤ ਕੀਏ ਜਾ ਰਹੇ ਹੈਂ...'

'...ਦਿਸ ਇਜ਼ ਆਲ ਇੰਡੀਆ ਰੇਡਿਓ...'

'...ਯੇਹ ਖ਼ਬਰੇਂ ਆਪਕੋ ਅਕਾਸ਼ਵਾਣੀ ਸੇ ਸੁਣਾਈ ਜਾ ਰਹੀ ਹੈਂ...'

'...ਪ੍ਰਾਦੇਸ਼ਿਕ ਸਮਾਚਾਰ ਤੁਸੀਂ ਅਕਾਸ਼ਬਾਣੀ ਜਲੰਧਰ ਤੋਂ ਸੁਣ ਰਹੇ ਹੋ...'

ਖ਼ਬਰਾਂ ਦੇ ਅੰਤ ਉੱਤੇ ਅਕਸਰ ਕਿਹਾ ਜਾਂਦਾ ਹੈ ਕਿ, 'ਖ਼ਬਰਾਂ ਖ਼ਤਮ ਹੋਈਆਂ' ਜਾਂ 'ਖ਼ਬਰੇਂ' ਖ਼ਤਮ ਹੁਈਂ ਆਦ। ਪਰ ਅਸਲ ਵਿਚ ਤਾਂ ਖ਼ਬਰਾਂ ਖਤਮ ਨਹੀਂ ਹੁੰਦੀਆਂ। ਉਹ ਤਾਂ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ, ਪਰ ਸਮਾਚਾਰ ਬੁਲੇਟਿਨ ਦਾ ਵਕਤ ਖ਼ਤਮ ਹੋ ਜਾਂਦਾ ਹੈ। ਉਸ ਵਕਤ ਨੂੰ ਸਿੱਧਾ ਨਾ ਦੱਸਣ ਲਈ ਕਹਿ ਦਿੱਤਾ ਜਾਂਦਾ ਹੈ ਕਿ 'ਖ਼ਬਰਾਂ ਖ਼ਤਮ ਹੋਈਆਂ'।

ਇਨ੍ਹਾਂ ਅਨਾਊਂਸਮੈਂਟਸ ਵਿਚ ਵਕਤਾ, ਸਰੋਤੇ ਨੂੰ ਹਮੇਸ਼ਾਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦਾ ਹੈ ਜਿਵੇਂ ਉਹ ਬੈਠਕ ਵਿਚ ਬੈਠਾ ਉਸ ਨਾਲ ਗੱਲ-ਕੱਥ ਕਰ ਰਿਹਾ ਹੋਵੇ। ਪਰ ਸਮੂਹਕ ਤੌਰ 'ਤੇ ਉਹ ਉਸ ਖੇਤਰ ਦੇ ਬਹੁਤ ਸਾਰੇ ਸਰੋਤਿਆਂ ਨਾਲ ਮਾਨਸਿਕ ਤੌਰ 'ਤੇ ਜੁੜਨ ਦਾ ਜਤਨ ਕਰ ਰਿਹਾ ਹੁੰਦਾ ਹੈ। ਇਸ ਵਿਚ ਨਾ ਸਰੋਤਾ ਵਕਤੇ ਨੂੰ ਦੇਖ ਰਿਹਾ ਹੰਦਾ ਹੈ ਨਾ ਵਕਤਾ ਸਰੋਤੇ ਨੂੰ। ਕੇਵਲ ਆਵਾਜ਼

ਦੀ ਉਨ੍ਹਾਂ ਵਿਚ ਸਾਂਝ ਹੁੰਦੀ ਹੈ ਜੋ ਕਲਪਨਾ ਰਾਹੀਂ ਸਰੋਤੇ ਦੇ ਮਨ 'ਤੇ ਚਿਤਰ ਅੰਕਿਤ ਕਰਦੀ ਜਾਂਦੀ ਹੈ।

ਜਦੋਂ ਸਿੱਧੇ ਪ੍ਰਸਾਰਣ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਅਨਾਊਂਸਮੈਂਟਸ ਇੰਜ ਕੀਤੀਆਂ ਜਾਂਦੀਆਂ ਹਨ ਕਿ ਆਵਾਜ਼ ਤੇ ਸ਼ਬਦਾਂ ਦੇ ਮਾਧਿਅਮ ਰਾਹੀਂ ਵਕਤਾ, ਸਰੋਤੇ ਨੂੰ ਮਾਨਸਿਕ ਤੌਰ 'ਤੇ ਉਸ ਸਥਾਨ 'ਤੇ ਲੈ ਜਾਂਦਾ ਹੈ, ਜਿਥੋਂ ਉਹ ਪ੍ਰੋਗਰਾਮ ਪੇਸ਼ ਕੀਤਾ ਜਾ ਰਿਹਾ ਹੋਵੇ, ਜਿਵੇ:

'ਅੱਜ ਪੰਜਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਏ, ਇਸ ਮੌਕੇ 'ਤੇ ਆਓ ਹੁਣ ਤੁਹਾਨੂੰ ਸ਼ਬਦ ਕੀਰਤਨ ਦੇ ਵਿਸ਼ੇਸ਼ ਪ੍ਰੋਗਰਾਮ ਲਈ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਲੈ ਚਲੀਏ...'

'...ਹੁਣ ਵਕਤ ਖ਼ਤਮ ਹੋ ਰਿਹਾ ਆਓ ਤੁਹਾਨੂੰ ਵਾਪਸ ਸਟੂਡੀਓ ਲੈ ਚਲੀਏ...'

ਵਕਤੇ ਦਾ ਸਰੋਤੇ ਦੀ ਉਂਗਲੀ ਫੜ ਕੇ ਵਿਸ਼ੇਸ਼ ਪ੍ਰਸਾਰਣ ਸਥਾਨ 'ਤੇ ਲੈ ਜਾਣਾ ਤੇ ਫਿਰ ਵਾਪਸ ਸਟੂਡੀਓ ਲੈ ਆਉਣਾ ਆਦ ਦਾ ਸੰਬੰਧ ਭਾਸ਼ਾ ਰਾਹੀਂ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ।

ਜ਼ਿਆਦਾਤਰ ਅਨਾਊਂਸਮੈਂਟਸ ਅੰਗਰੇਜ਼ੀ ਤੋਂ ਬਾਕੀ ਭਾਸ਼ਾਵਾਂ ਵਿਚ ਅਨੁਵਾਦ ਕੀਤੀਆਂ ਜਾਂਦੀਆਂ ਹਨ। ਇਸ ਕਰਕੇ ਇਨ੍ਹਾਂ ਦਾ ਪੈਟਰਨ ਸਰੋਤ ਭਾਸ਼ਾ (sourse language) ਵਾਲਾ ਹੁੰਦਾ ਹੈ ਨਾ ਕਿ ਟਾਰਗੈਟ ਭਾਸ਼ਾ (target language) ਵਾਲਾ। ਇਨ੍ਹਾਂ ਦਾ ਪ੍ਰਕਾਰਜ (function) ਵਧੇਰੇ ਕਰਕੇ ਪ੍ਰੋਗਰਾਮਾਂ ਦੇ ਆਰੰਭ ਤੇ ਸਮਾਪਤ ਹੋਣ ਦੀ ਸੂਚਨਾ ਦੇਣਾ ਹੀ ਹੁੰਦਾ ਹੈ । ਇਸ ਕਰਕੇ ਇਨ੍ਹਾਂ ਵਿਚ ਸਿਰਜਨਾਤਮਕ ਭਾਸ਼ਾ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਨਤੀਜੇ ਦੇ ਤੌਰ 'ਤੇ ਇਹ ਰੂੜ੍ਹੀਬੱਧ ਸ਼ੈਲੀ ਦੀਆਂ ਸੂਚਕ ਬਣਦੀਆਂ ਹਨ। ਇਨ੍ਹਾਂ ਵਿਚ ਭਾਸ਼ਾ ਦੇ ਖੁੱਲ੍ਹੇ ਵਿਕਾਸ ਦੀ ਕੋਈ ਸੰਭਾਵਨਾ ਨਹੀਂ ਰਹਿੰਦੀ। ਇਹ ਜ਼ਰੂਰ ਹੈ ਕਿ ਇਨ੍ਹਾਂ ਨੂੰ ਕਾਇਮ ਰੱਖਣ ਲਈ ਕਈ ਹੋਰ ਸ਼ੈਲੀਆਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ।

2 ਰਜਿਸਟਰ (Register)

ਭਾਸ਼ਾ ਭੇਦਾਂ ਦੀ ਸੰਕਲਪਨਾ ਨੂੰ ਉਚਿਤ ਸੰਦਰਭ ਦੇਣ ਅਤੇ ਉਨ੍ਹਾਂ ਨੂੰ ਵੱਖ ਵੱਖ ਸ਼ੈਲੀਆਂ ਵਿਚ ਪਰਿਭਾਸ਼ਿਤ ਕਰਨ ਲਈ ਕਈ ਸੰਕਲਪਨਾਵਾਂ ਸਾਹਮਣੇ ਆਈਆਂ ਹਨ। ਇਨ੍ਹਾਂ ਵਿਜੋਂ ਹੀ ਇਕ ਸੰਕਲਪਨਾ ਰਜਿਸਟਰ ਦੀ ਹੈ। ਰਜਿਸਟਰ ਦੀ ਸੰਕਲਪਨਾ ਨਾਲ ਸਮਾਜਕ ਭੂਮਿਕਾ ਦੀ ਸੰਕਲਪਨਾ ਵੀ ਜੁੜੀ ਹੋਈ ਹੈ। ਇਕ ਵਿਅਕਤੀ ਵੱਖ ਵੱਖ ਸਥਿਤੀਆਂ ਵਿਚ ਵੱਖ ਵੱਖ ਸਮਾਜਕ ਭੂਮਿਕਾਵਾਂ ਨਿਭਾਉਂਦਾ ਹੈ ਉਹ ਪਰਿਵਾਰ ਦਾ ਮੁਖੀਆ ਜਾਂ ਮੋਟਰ ਚਾਲਕ, ਕ੍ਰਿਕਟ ਦਾ ਖਿਡਾਰੀ ਜਾਂ ਕਿਸੇ ਧਾਰਮਿਕ ਸਮੁਦਾਏ ਦਾ ਮੈਂਬਰ ਜਾਂ ਜੀਵ-ਵਿਗਿਆਨ ਦਾ ਪ੍ਰੋਫ਼ੈਸਰ ਆਦ ਕੁਝ ਵੀ ਹੋ ਸਕਦਾ ਹੈ। ਇਨ੍ਹਾਂ ਵਿਸ਼ੇਸ਼ ਭਾਸ਼ਾ ਰੂਪਾਂ ਨੂੰ ਰਜਿਸਟਰ ਦਾ ਨਾਂ ਦਿੱਤਾ ਜਾਂਦਾ ਹੈ।[1]

ਰਜਿਸਟਰ ਦੀ ਸੰਕਲਪਨਾ ਦੇ ਸੰਬੰਧ ਵਿਚ ਹੈਲੀਡੇ, ਮੈਕਿਨਤੋਸ਼, ਸਟਰੀਵਨਜ਼ ਦਾ ਕਥਨ ਹੈ:

ਲੋਕ ਭਾਸ਼ਾ ਦਾ ਪ੍ਰਯੋਗ ਕਿਸ ਪ੍ਰਕਾਰ ਕਰਦੇ ਹਨ, ਇਸਨੂੰ ਸਮਝਣ ਲਈ 'ਰਜਿਸਟਰ' ਦੀ ਕੋਟੀ ਦੀ ਆਵੱਸ਼ਕਤਾ ਹੁੰਦੀ ਹੈ। ਵੱਖ ਵੱਖ ਪ੍ਰਯੋਗ ਮੂਲਕ ਸੰਦਰਭਾਂ ਵਿਚ ਭਾਸ਼ਾ ਵਿਹਾਰ ਵਿਚ ਭੇਦ ਪਾਏ ਜਾਂਦੇ ਹਨ। ਇਨ੍ਹਾਂ ਸੰਦਰਭਾਂ ਵਿਚ ਪ੍ਰਯੋਗ ਵਿਚ ਲਿਆਂਦੇ ਜਾਣ ਵਾਲੇ ਭਾਸ਼ਾ ਰੂਪ ਵੀ ਵੱਖ ਵੱਖ ਹੁੰਦੇ ਹਨ। ਇਨ੍ਹਾਂ ਪ੍ਰਯੋਗ ਮੂਲਕ ਭਾਸ਼ਾ ਰੂਪਾਂ ਨੂੰ ਰਜਿਸਟਰ ਕਿਹਾ ਜਾਂਦਾ ਹੈ।[2]

ਇਕ ਵਿਅਕਤੀ ਕਿੱਤੇ ਵਜੋਂ ਵਪਾਰੀ ਹੈ। ਉਸਦਾ ਸੰਬੰਧ ਆਪਣੇ ਧੰਦੇ ਦੇ ਹੋਰ ਵਪਾਰੀਆਂ, ਸਾਧਾਰਣ ਜਨਤਾ ਅਤੇ ਉਸਦੇ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਨਾਲ ਹੁੰਦਾ ਹੈ। ਘਰ ਵਿਚ ਉਸਦਾ ਸੰਬੰਧ ਪਰਿਵਾਰ ਦੇ ਵੱਖੋ ਵੱਖਰੇ ਮੈਂਬਰਾਂ ਨਾਲ ਹੁੰਦਾ ਹੈ। ਜਦੋਂ ਇਨ੍ਹਾਂ ਵੱਖੋ ਵੱਖਰੇ ਸੰਦਰਭਾਂ ਵਿਚ ਭਾਸ਼ਾ ਦੀ ਵਰਤੋਂ ਕੀਤੀ ਜਾਵੇਗੀ ਤਾਂ ਭਾਸ਼ਾ ਦਾ ਰੂਪ ਹਰ ਸਥਿਤੀ, ਸੰਦਰਭ, ਭੂਮਿਕਾ ਵਿਚ ਵੱਖ ਵੱਖ ਹੋਵੇਗਾ।

ਰਜਿਸਟਰ ਦਾ ਮੁੱਖ ਆਧਾਰ ਰਜਿਸਟਰ ਵਿਸ਼ੇਸ਼ ਦੀ ਤਕਨੀਕੀ ਤੇ ਵਿਗਿਆਨਕ ਸ਼ਬਦਾਵਲੀ ਹੈ। ਇਸਦੇ ਨਾਲ ਹੀ ਰਜਿਸਟਰ ਦੀ ਭਾਸ਼ਾਗਤ ਸੰਰਚਨਾ ਅਤੇ ਸ਼ਾਬਦਿਕ ਤਰਤੀਬ (lexical collocation) ਵੀ ਮਹੱਤਵਪੂਰਣ ਹੈ। ਕਈ ਵਾਰ ਭਿੰਨ ਭਿੰਨ ਰਜਿਸਟਰਾਂ ਦੀ ਭਾਸ਼ਾਗਤ ਸੰਰਚਨਾ ਅਤੇ ਵਰਤੀ ਗਈ ਤਕਨੀਕੀ ਸ਼ਬਦਾਵਲੀ ਸਮਾਨ ਹੋ ਸਕਦੀ ਹੈ। ਅਜਿਹੀ ਸਥਿਤੀ ਵਿਚ ਪ੍ਰਯੋਗ ਅਧੀਨ ਵੱਖ ਵੱਖ ਭਾਸ਼ਾਵਾਂ ਨੂੰ ਇਕ ਹੀ ਰਜਿਸਟਰ ਦੇ ਅੰਤਰਗਤ ਰਖਿਆ ਜਾ ਸਕਦਾ ਹੈ।

ਰਜਿਸਟਰਾਂ ਨੂੰ ਹੈਲੀਡੇ (Halliday)[3] ਨੇ ਤਿੰਨ ਭਾਗਾਂ ਵਿਚ ਵੰਡਣ ਦਾ ਜਤਨ ਕੀਤਾ ਹੈ:

ੳ. ਪ੍ਰਵਚਨ ਦੇ ਖੇਤਰ (field of discourse)

ਅ. ਪ੍ਰਵਚਨ ਦੀ ਵਿਧੀ (mode of discourse)

ੲ. ਪ੍ਰਵਚਨ ਦੀ ਸ਼ੈਲੀ (style of discourse)

ਰੇਡੀਓ ਦੇ ਵੱਖ ਵੱਖ ਪ੍ਰੋਗਰਾਮਾਂ ਵਿਚ ਬਹੁਤ ਸਾਰੇ ਭਾਸ਼ਾ ਰਜਿਸਟਰਾਂ ਦੀ ਵਰਤੋਂ ਸਥਿਤੀ ਤੇ ਸੰਦਰਭ ਅਨੁਸਾਰ ਕੀਤੀ ਜਾਂਦੀ ਹੈ। ਹੈਲੀਡੇ ਦੀ ਵੰਡ ਅਨੁਸਾਰ ਹੇਠਾਂ ਅਸੀਂ ਰੇਡੀਓ ਵਿਚ ਵਰਤੇ ਜਾਂਦੇ ਰਜਿਸਟਰਾਂ ਦਾ ਵਰਨਣ ਕਰਾਂਗੇ।

ੳ. ਪ੍ਰਵਚਨ ਦੇ ਖੇਤਰ (field of discourse)

ਪ੍ਰਵਚਨ ਦੇ ਖੇਤਰ ਵਿਚ ਭਾਸ਼ਾ ਰੂਪਾਂ ਵਿਚ ਵਿਸ਼ੇ ਦੇ ਤਕਨੀਕੀ ਜਾਂ ਗ਼ੈਰ-ਤਕਨੀਕੀ ਹੋਣ ਦੇ ਕਾਰਣ ਜੋ ਪ੍ਰਯੋਗਗਤ ਭੇਦ ਪੈਦਾ ਹੋ ਜਾਂਦੇ ਹਨ, ਉਨ੍ਹਾਂ ਦੇ ਆਧਾਰ 'ਤੇ ਰਜਿਸਟਰ ਨੂੰ ਤਕਨੀਕੀ ਜਾਂ ਗ਼ੈਰ-ਤਕਨੀਕੀ ਰੂਪਾਂ ਵਿਚ ਵੰਡਿਆ ਜਾ ਸਕਦਾ ਹੈ। ਅਜਿਹੇ ਵਿਸ਼ਿਆਂ ਦੀ ਭਾਸ਼ਾ, ਜਿਸ ਵਿਚ ਵਿਸ਼ੇ ਦੇ ਸਿੱਧਾਂਤ

ਦੀ ਆਵੱਸ਼ਕਤਾ ਅਨੁਸਾਰ ਤਕਨੀਕੀ ਸ਼ਬਦਾਵਲੀ ਦਾ ਪ੍ਰਯੋਗ ਹੁੰਦਾ ਹੈ, ਤਕਨੀਕੀ ਰਜਿਸਟਰ ਦੇ ਅੰਤਰਗਤ ਆਵੇਗੀ। ਰੇਡੀਓ ਪ੍ਰਸਾਰਣ ਦੇ ਬਹੁਤ ਸਾਰੇ ਪ੍ਰੋਗਰਾਮਾਂ ਵਿਚ ਅਜਿਹੀ ਤਕਨੀਕੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ , ਖ਼ਾਸ ਕਰਕੇ ਪੇਂਡੂ ਕਿਰਸਾਨੀ ਜਨ-ਜੀਵਨ ਨਾਲ ਸੰਬੰਧਿਤ ਪ੍ਰੋਗਰਾਮਾਂ ਵਿਚ, ਕਿਉਂਕਿ ਇਨ੍ਹਾਂ ਦਾ ਉਦੇਸ਼ ਰਾਸ਼ਟਰੀ ਵਿਕਾਸ ਦੇ ਸੰਦਰਭ ਵਿਚ ਪਿੰਡਾਂ ਨੂੰ ਆਧੁਨਿਕ ਬਣਾਉਣ ਲਈ ਜਤਨਸ਼ੀਲ ਰਹਿਣ ਦਾ ਹੈ। ਇਹੋ ਜਿਹੇ ਵੱਖ ਵੱਖ ਪ੍ਰੋਗਰਾਮਾਂ ਤੋਂ ਅਸਾਂ ਜੋ ਤਕਨੀਕੀ ਰਜਿਸਟਰ ਸ਼ਬਦਾਵਲੀ ਇਕੱਤਰ ਕੀਤੀ ਹੈ, ਉਹ ਇਸ ਪ੍ਰਕਾਰ ਹੈ:

ਕਲਮੀ ਪੌਦਾ, ਕਲਮੀ ਦੋਗਲਾ, ਛੋਲਿਆਂ ਦੀ ਸੁੰਡੀ, ਦਾਣੇਦਾਰ ਖਾਦ, ਹਰਾ ਚਾਰਾ, ਹਰੀ ਖਾਦ, ਭੂ-ਜਲ, ਗੜੇਮਾਰ, ਲੂਣੀ ਮਿੱਟੀ, ਕਠੋਰ ਕਿਸਮ, ਕਰੜੀ ਮਿੱਟੀ, ਪਹਾੜੀ ਜਲਵਾਯੂ, ਬਾਗ਼ਬਾਨੀ, ਗਰਮ ਰੁੱਤ, ਸਿੱਲ੍ਹੀ ਜਲਵਾਯੂ, ਮੱਲੜ, ਛੋਟੇ ਪੈਮਾਨੇ ਦੀ ਖੇਤੀ, ਮੱਛੀ ਖਾਦ, ਪੱਧਰੀ ਬਾਗਬਾਨੀ, ਪੱਧਰ-ਬੀਜਾਈ, ਘੱਟੋ ਘੱਟ ਕੀਮਤ, ਫੁੱਲਾਂ ਦੀ ਕਾਸ਼ਤ, ਚਾਰਾ ਫ਼ਸਲ, ਫਲਾਂ ਦੀ ਕਾਸ਼ਤ, ਮੋਟੀ ਮਿੱਟੀ, ਦਾਣੇਦਾਰ ਮਿੱਟੀ, ਕੰਬਾਈਨ, ਸਪਰੇਅ ਪੰਪ, ਹਵਾਈ ਸਪਰੇਅ, ਨਹਿਰੀ ਰਕਬਾ, ਮੁਕਾਬਲੇ ਦੀ ਫ਼ਸਲ ਪੌਸ਼ਟਿਕ ਖੁਰਾਕ, ਛੂਤਕ-ਰੋਗ, ਲਾਗ ਦੀ ਬੀਮਾਰੀ, ਤੇਜ਼ਾਬੀ ਮਿੱਟੀ, ਕਾਲੀ ਮਿੱਟੀ, ਏਕੜ, ਦੋ ਫ਼ਸਲੀ-ਖੇਤੀ, ਸੇਮ, ਭੂਮੀਗਤ ਜਲ ਨਿਕਾਸ, ਬਰਾਨੀ ਖੇਤੀ, ਸੁੱਕਾ ਚਾਰਾ, ਭੌਂ-ਖੋਰ, ਬੰਜਰ ਜ਼ਮੀਨ, ਖੇਤ ਮਜ਼ਦੂਰ, ਖ਼ੁਸ਼ਕ ਇਲਾਕਾ, ਸੰਤੁਲਿਤ ਖ਼ੁਰਾਕ, ਉਤਪਾਦਨ-ਲਾਗਤ, ਪੇਂਡੂ ਇਲਾਕਾ, ਭਰਪੂਰ ਫ਼ਸਲ, ਸਾਉਣੀ ਜਾਂ ਖ਼ਰੀਫ਼ ਦੀ ਫ਼ਸਲ, ਹਾੜ੍ਹੀ ਜਾਂ ਰਬੀ ਦੀ ਫ਼ਸਲ ਫ਼ਸਲ ਬੀਮਾ ਯੋਜਨਾ, ਵਾਹੀ ਅਧੀਨ ਭੌਂ, ਸਰਦ ਰੁੱਤ ਦੀਆਂ ਸਬਜ਼ੀਆਂ, ਕਿਆਰੀਆਂ ਬਣਾਉਣਾ, ਛੱਟਾ ਦੇਣਾ, ਮਸ਼ੀਨੀ ਖੇਤੀ, ਪ੍ਰਦਰਸ਼ਨੀ ਖੇਤ, ਪਸ਼ੂ ਮੇਲਾ, ਵੱਟਾਂ ਬਣਾਉਣੀਆਂ, ਕੱਲਰੀ ਮਿੱਟੀ, ਖਾਰਾ ਖਾਣੀ, ਸ਼ੋਰਾ ਆਦ।

ਅ. ਪ੍ਰਵਚਨ ਦੀ ਵਿਧੀ (mode of discourse)

ਪ੍ਰਵਚਨ ਦੀ ਵਿਧੀ ਦੇ ਅੰਤਰਗਤ ਭਾਸ਼ਾ ਨੂੰ ਮੌਖਿਕ ਅਤੇ ਲਿਖਤ ਰਜਿਸਟਰਾਂ ਵਿਚ ਵੰਡਿਆ ਜਾਂਦਾ ਹੈ। ਲਿਖਤ ਰੂਪ ਨੂੰ ਦੁਬਾਰਾ ਵਿਸ਼ੇ ਜਾਂ ਸਥਿਤੀ ਵਿਸ਼ੇਸ਼ ਦੇ ਆਧਾਰ 'ਤੇ ਵੰਡਿਆ ਜਾ ਸਕਦਾ ਹੈ। ਪੱਤਰਕਾਰੀ ਦੀ ਭਾਸ਼ਾ, ਲਿਖਤ ਭਾਸ਼ਾ ਦੇ ਅੰਤਰਗਤ ਆਏਗੀ, ਜਦ ਕਿ ਰੇਡੀਓ ਸਮਾਚਾਰਾਂ ਦੀ ਭਾਸ਼ਾ ਮੌਖਿਕ ਹੁੰਦੇ ਹੋਏ ਵੀ ਲਿਖਤ ਦਾ ਉਚਾਰਨ ਰੂਪ ਹੈ। ਖ਼ਬਰਾਂ ਵਿਚ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਿਤ ਤਕਨੀਕੀ ਤੇ ਗ਼ੈਰ-ਤਕਨੀਕੀ ਰਜਿਸਟਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ:

ਐਕਟ, ਪੀਨਲ ਕੋਡ, ਪੇਸ਼ਗੀ ਜ਼ਮਾਨਤ, ਸਲਾਹਕਾਰ ਕਮੇਟੀ, ਸਹੁੰ ਚੁਕਵਾਉਣਾ, ਏਜੰਡਾ, ਸਮਝੌਤਾ, ਮਹਿੰਗਾਈ ਭੱਤਾ, ਬੇਕਾਰੀ ਭੱਤਾ, ਸੰਸ਼ੋਧਣ, ਚੈਲਿੰਜ, ਨਿਯੁਕਤੀ, ਕਰ-ਨਿਰਧਾਰਣ, ਬਿੱਲ, ਪੈਕੇਜ ਡੀਲ, ਮੰਤਰੀ ਮੰਡਲ, ਉਮੀਦਵਾਰ, ਕਮਿਸ਼ਨ, ਕਸਟਮ ਅਧਿਕਾਰੀ, ਨਿਆਂ-ਪ੍ਰਣਾਲੀ, ਤਾਕਤ ਦਾ ਵਿਕੇਂਦਰੀਕਰਣ, ਡਿਵੀਜ਼ਨ ਬੈਂਚ, ਮਾਲੀ ਸੰਕਟ, ਸੰਕਟ ਕਾਲੀ ਸਥਿਤੀ, ਜਾਂਚ-ਪੜਤਾਲ, ਮੈਨੀਫ਼ੈਸਟੋ, ਪਰੋਵੀਡੈਂਟ ਫੰਡ, ਬੋਨਸ, ਗਜ਼ਟਿਡ ਛੁੱਡੀ, ਅਦਾਲਤੀ ਜਾਂਚ, ਮੈਜਿਸਟਰੇਟੀ ਜਾਂਚ, ਚਲਾਨ, ਵਿਧਾਨ ਮੰਡਲ, ਸਿਆਰਾ, ਹੈਲੀਪੈਡ, ਮੈਮੋਰੰਡਮ, ਪੈਨਲ, ਜ਼ਿਲਾ ਹੈਡਕੁਆਟਰ, ਯੋਜਨਾ ਕਮਿਸ਼ਨ, ਪ੍ਰਵਾਨਗੀ ਦੇਣਾ, ਸਕੱਤਰੇਤ, ਬੈਂਕਿੰਗ ਪ੍ਰਣਾਲੀ, ਬੱਚਤ ਬੈਂਕ ਖ਼ਾਤਾ ਸਕੀਮ, ਸਲਾਨਾ ਬਜਟ, ਨੀਲਾਮੀ, ਬੈਲੇਂਸ ਸ਼ੀਟ, ਬੈਂਕਾਂ ਦਾ ਕੌਮੀਕਰਣ, ਮੰਡੀ ਬੋਰਡ, ਬਾਂਡ, ਕਰੰਸੀ, ਹਰਜਾਨਾ, ਡੀਪਾਜ਼ਿਟ, ਆਯਾਤ, ਨਿਰਯਾਤ, ਦੀਵਾਲੀਆ, ਬੀਮਾ, ਭੁਗਤਾਨ, ਓਵਰਡ੍ਰਾਫ਼ਟ, ਸਰਚਾਰਜ, ਫ਼ਲੈਟ ਰੇਟ, ਨੌਕਰਸ਼ਾਹੀ, ਮਰਦਮ-ਸ਼ੁਮਾਰੀ, ਸੰਵਿਧਾਨ ਦੀ ਧਾਰਾ, ਮੁਆਵਜ਼ਾ, ਮਨੁੱਖੀ ਅਧਿਕਾਰ ਕਮਿਸ਼ਨ, ਘੱਟ-ਗਿਣਤੀ ਕਮਿਸ਼ਨ, ਵਾਕ ਆਊਟ, ਸ਼ਹੀਦੀ ਦਿਨ, ਜਨਮ ਉਤਸਵ, ਪ੍ਰਕਾਸ਼ ਉਤਸਵ, ਕੌਮੀ ਦਿਹਾੜਾ, ਕਿਰਕੇਟ, ਵਿਕਟ, ਰਨ, ਨਾਟ ਆਊਟ, ਕਲੀਨ ਬੋਰਡ, ਗੋਲ, ਪਿੱਚ, ਤੱਟਵਰਤੀ ਜਲਵਾਯੂ, ਪਹਾੜੀ ਇਲਾਕੇ, ਸੀਤ ਲਹਿਰ, ਹਲਕੀ ਤੋਂ ਦਰਮਿਆਨੀ ਬਾਰਸ਼, ਗੜੇਮਾਰ, ਤੇਜ਼ ਬਾਰਸ਼, ਕੋਹਰਾ, ਧੁੰਦ, ਹੜ੍ਹ ਮਾਰੇ ਖੇਤਰ ਆਦ।

ਏ. ਪ੍ਰਵਚਨ ਦੀ ਸ਼ੈਲੀ (Style of discourse)

ਪ੍ਰਵਚਨ ਦੀ ਸ਼ੈਲੀ ਅਨੁਸਾਰ ਭਾਸ਼ਾ ਵਿਹਾਰ ਦੇ ਨਾਲ ਜੁੜੇ ਵਿਅਕਤੀਆਂ ਦੇ ਆਧਾਰ 'ਤੇ ਉਪਚਾਰਕ ਅਤੇ ਅਣਉਪਚਾਰਕ ਭਾਸ਼ਾ ਰੂਪ ਨਿਸ਼ਚਿਤ ਕੀਤੇ ਜਾ ਸਕਦੇ ਹਨ। ਰੇਡੀਓ ਪ੍ਰਸਾਰਣ ਵਿਚ ਭਾਸ਼ਾ ਨੂੰ ਹਮੇਸ਼ਾਂ ਉਪਚਾਰਕ ਪੱਧਰ 'ਤੇ ਵਰਤਿਆ ਜਾਂਦਾ ਹੈ, ਪਰ ਉਪਚਾਰਕ ਦਾ ਮੁੱਖ ਹਮੇਸ਼ਾਂ ਅਣਉਪਚਾਰਕ ਵੱਲ ਹੁੰਦਾ ਹੈ। ਖ਼ਾਸ ਕਰਕੇ ਸੰਬੋਧਨ ਢੰਗ ਅਤੇ ਅਨਾਊਂਸਮੈਂਟਸ ਸਾਰੀਆਂ ਹੀ ਉਪਚਾਰਕ ਪੱਧਰ 'ਤੇ ਤਿਆਰ ਕੀਤੀਆਂ ਜਾਂਦੀਆਂ ਹਨ। ਕੇਵਲ ਇਨ੍ਹਾਂ ਦਾ ਉਚਾਰ ਜਾਂ ਲਹਿਜਾ ਅਣਉਪਚਾਰਕ ਹੁੰਦਾ ਹੈ, ਜਿਸ ਕਰਕੇ ਸ੍ਰੋਤਿਆਂ ਨੂੰ ਇਹ ਓਪਰੀਆਂ ਨਹੀਂ ਲੱਗਦੀਆਂ। ਰੇਡੀਓ ਤੋਂ ਪ੍ਰਸਾਰਿਤ ਹੁੰਦੇ ਪ੍ਰੋਗਰਾਮਾਂ ਦੇ ਵਿਸ਼ਲੇਸ਼ਣ ਤੋਂ ਪ੍ਰਵਚਨ ਦੀ ਸ਼ੈਲੀ ਸੰਬੰਧੀ ਇਕ ਗੱਲ ਸਾਫ਼ ਤੌਰ 'ਤੇ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਨਾਟਕਾਂ ਵਿਚ ਅਕਸਰ ਬੋਲ-ਚਾਲ ਦੀ ਪੜ੍ਹਿਆਂ-ਲਿਖਿਆਂ ਵਾਲੀ ਭਾਸ਼ਾ ਤੇ ਸ਼ੈਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਦ ਕਿ ਦੇਹਾਤੀ ਜਨ-ਜੀਵਨ ਨਾਲ ਸੰਬੰਧਿਤ ਪ੍ਰੋਗਰਾਮਾਂ ਵਿਚ ਪੇਂਡੂ ਲਹਿਜਾ ਵਰਤਿਆ ਜਾਂਦਾ ਹੈ ਪਰ ਸ਼ਬਦਾਂ ਦੀ

ਵਰਤੋਂ ਰੂੜ੍ਹੀਬੱਧ ਢੰਗ ਨਾਲ ਕੀਤੀ ਜਾਂਦੀ ਹੈ। ਫੀਚਰ ਤੇ ਸਕਿਟ ਆਦ ਵਿਚ ਕਈ ਵਾਰ ਹਸਾਉਣੀਆਂ ਨਕਲਾਂ ਤੇ ਵਿਅੰਗਮਈ ਸ਼ੈਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਔਰਤਾਂ, ਵਿਦਿਆਰਥੀਆਂ ਤੇ ਬੱਚਿਆਂ ਦੇ ਪ੍ਰੋਗਰਾਮਾਂ ਵਿਚ ਉਨ੍ਹਾਂ ਦੇ ਵਰਗਗਤ ਗੁਣਾਂ ਦੇ ਆਧਾਰ 'ਤੇ ਰਜਿਸਟਰ ਸ਼ੈਲੀ ਵਰਤੀ ਜਾਂਦੀ ਹੈ। ਬੱਚਿਆਂ ਦੇ ਪ੍ਰੋਗਰਾਮਾਂ ਵਿਚ ਕਈ ਵਾਰ ਜਾਨਵਰਾਂ ਜਾਂ ਪੰਛੀਆਂ ਦੀਆਂ ਆਵਾਜ਼ਾਂ ਦੇ ਨਾਲ ਮਨੁੱਖੀ ਆਵਾਜ਼ਾਂ ਮੇਲ ਕੇ ਭਾਸ਼ਾ-ਸ਼ੈਲੀ ਵਿਚ ਰੌਚਕਤਾ ਭਰੀ ਜਾਂਦੀ ਹੈ। ਗੁਰਬਾਣੀ ਵਿਚਾਰ ਅਤੇ ਹੋਰ ਧਾਰਮਿਕ ਸਮਾਗਮਾਂ ਸੰਬੰਧੀ ਪ੍ਰਸਾਰਣਾਂ ਵਿਚ ਧਾਰਮਿਕ ਰਜਿਸਟਰ ਸ਼ਬਦਾਵਲੀ ਅਤੇ ਸ਼ੈਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਖ਼ਬਰਾਂ ਪੜ੍ਹਨ ਵੇਲੇ ਉਪਚਾਰਕ ਢੰਗ ਵਰਤਿਆ ਜਾਂਦਾ ਹੈ ਤੇ ਉਚਾਰਨ ਵਿਚ ਵੱਧ ਤੋਂ ਵੱਧ ਸ਼ੁੱਧਤਾ ਲਿਆਉਣ ਦਾ ਜਤਨ ਕੀਤਾ ਜਾਂਦਾ ਹੈ।

ਇੰਜ ਪ੍ਰਵਚਨ ਦੀ ਸ਼ੈਲੀ ਵਿਚ ਪ੍ਰੋਗਰਾਮ ਦਾ ਵਿਸ਼ਾ + ਸਥਿਤੀ + ਵਕਤਾ ਨੂੰ ਧਿਆਨ ਵਿਚ ਰੱਖਦੇ ਹੋਏ ਓਸੇ ਤਰ੍ਹਾਂ ਦੀ ਸ਼ੈਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ।

3. ਕੋਡ-ਪਰਿਵਰਤਨ (Code-switching)

ਕੋਡ-ਪਰਿਵਰਤਨ ਦੀ ਸਥਿਤੀ ਉਨ੍ਹਾਂ ਸਮਾਜਕ ਵਰਗਾਂ ਵਿਚ ਵਧੇਰੇ ਗੁੰਝਲਦਾਰ ਹੁੰਦੀ ਹੈ, ਜਿਹੜੇ ਦੋ-ਭਾਸ਼ੀ (bilingual) ਜਾਂ ਬਹੁਭਾਸ਼ੀ (multilingual) ਹੁੰਦੇ ਹਨ, ਜਿਨ੍ਹਾਂ ਨੇ ਵੱਖ ਵੱਖ ਸਮਾਜਕ ਸਥਿਤੀਆਂ ਅਨੁਕੂਲ ਦੋ ਜਾਂ ਵੱਧ ਭਾਸ਼ਾਵਾਂ ਵਿਚੋਂ ਪਹਿਲਾਂ ਭਾਸ਼ਾ ਦੀ ਚੋਣ ਕਰਨੀ ਹੁੰਦੀ ਹੈ ਅਤੇ ਫਿਰ ਭਾਸ਼ਾ ਦੇ ਢੁਕਵੇਂ ਰੂਪ ਦੀ। ਉਨ੍ਹਾਂ ਦੀ ਭਾਸ਼ਾ ਚੋਣ ਇਸ ਗੱਲ 'ਤੇ ਆਧਾਰਿਤ ਹੁੰਦੀ ਹੈ ਕਿ ਕਿਹੜੀ ਭਾਸ਼ਾ ਵਧੇਰੇ ਢੁਕਵੀਂ ਜਾਂ ਅਸਰਦਾਰ ਹੈ।

ਭਾਸ਼ਾ ਦੇ ਆਪਣੇ ਰੂਪਾਂ ਵਿਚ ਜਾਂ ਇਕ ਭਾਸ਼ਾ ਤੋਂ ਦੂਸਰੀ ਭਾਸ਼ਾ ਵਿਚ ਪਰਿਵਰਤਨ ਤਾਂ ਸਮਾਜ-ਭਾਸ਼ਾ-ਵਿਗਿਆਨ (sociolinguistics) ਦਾ ਵਿਸ਼ਵ-ਵਿਆਪੀ ਲੱਛਣ ਹੈ। ਕੋਈ ਵੀ ਸਾਧਾਰਣ ਵਿਅਕਤੀ, ਜਾਤੀ ਜਾਂ ਸਮਾਜਕ ਵਰਗ ਭਾਸ਼ਾ ਦੇ ਇਕ ਕੋਡ ਤੱਕ ਸੀਮਿਤ ਨਹੀਂ ਰਹਿੰਦਾ। ਦੋ-ਭਾਸ਼ੀਏ/ਬਹੁਭਾਸ਼ੀਏ ਜਾਂ ਇਕ ਭਾਸ਼ਾ ਦੇ ਬੋਲਣਹਾਰਿਆਂ ਵਿਚ ਵੀ ਵੱਖ ਵੱਖ ਉਪਭਾਸ਼ਾਵਾਂ ਦੀ ਵਰਤੋਂ ਇਕ ਭਾਸ਼ਾਈ ਚਾਲ ਵਾਂਗ ਹੀ ਸਮਝੀ ਜਾ ਸਕਦੀ ਹੈ, ਕਿਉਂਕਿ ਕੋਡ-ਪਰਿਵਰਤਨ ਦੀ ਯੋਗਤਾ ਸਿੱਧੇ ਤੌਰ 'ਤੇ ਰੋਲ-ਪਰਿਵਰਤਨ ਨਾਲ ਸੰਬੰਧਿਤ ਹੁੰਦੀ ਹੈ।

ਹਰ ਕੋਡ ਦੀ ਆਪਣੀ ਅੰਦਰੂਨੀ ਵਿਉਂਤ ਕਿਸ ਤਰ੍ਹਾਂ ਦੀ ਹੋਵੇਗੀ, ਇਸਦੀ ਨਿਰਭਰਤਾ ਉਸ ਸੰਦਰਭ ਤੇ ਹੈ, ਜਿਸ ਵਿਚ ਉਹ ਕੋਡ ਪੈਦਾ ਕੀਤਾ ਗਿਆ ਹੈ। ਇਸ ਲਈ, ਸਿੱਧਾਂਤਕ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਕੋਡ ਦੇ ਆਪਣੇ ਪੈਟਰਨ ਸਿਨਟੈਗਮੈਟਿਕ (syntagmatic) ਅਤੇ ਪੈਰਾਡਿਗਮੈਟਿਕ (paradigmatic) ਦੋਵੇਂ ਹੁੰਦੇ ਹਨ। ਸਿਨਟੈਗਮੈਟਿਕ ਦਾ ਅਰਥ ਹੈ ਕਿ ਕੋਡ ਦੀ

ਅਨੁਕ੍ਰਮਿਕ ਬਣਤਰ ਅਰਥਾਤ ਸਥਿਤੀ ਅਨੁਸਾਰ ਉਨ੍ਹਾਂ ਦੀ ਸਾਰਥਕ ਬਣਤਰ ਕਿਵੇਂ ਕੀਤੀ ਗਈ ਹੈ, ਵਿਉਂਤ ਕਿਵੇਂ ਬਣਾਈ ਗਈ ਹੈ। ਅਰਥਾਤ ਇਸ ਕੋਡ ਅਨੁਸਾਰ ਕਿਹੜੇ ਸ਼ਬਦਾਂ ਜਾਂ ਵਾਕੰਸ਼ਾਂ ਨੇ ਵਾਕ ਵਿਚ ਪਹਿਲਾਂ ਆਉਣਾ ਹੈ ਅਤੇ ਕਿੰਨਾਂ ਨੇ ਵਾਕ ਦੇ ਮੱਧ ਜਾਂ ਅੰਤ ਵਿਚ। ਇਸੇ ਤਰ੍ਹਾਂ ਵਾਕਾਂ ਦਾ ਪ੍ਰਵਚਨ (discourse) ਵਿਚ ਕ੍ਰਮ ਕੀ ਹੈ। ਕਿਹੜੇ ਵਾਕ ਤੋਂ ਪ੍ਰਵਚਨ ਅਰੰਭ ਕੀਤਾ ਗਿਆ ਹੈ ਅਤੇ ਪ੍ਰਵਚਨ ਦੇ ਮੱਧ ਤੇ ਅੰਤ ਵਿਚ ਕਿਹੋ ਜਿਹੇ ਵਾਕ ਆਏ ਹਨ। ਪੈਰਾਡਿਗਮੈਟਿਕ ਦਾ ਅਰਥ ਹੈ ਵਕਤੇ ਨੇ ਬੋਲੀ ਵਿਚੋਂ ਪ੍ਰਾਪਤ ਅਣਗਿਣਤ ਸੰਭਾਵਨਾਵਾਂ ਵਿਚੋਂ ਕਿਹੜੀਆਂ ਦਾ ਮੂਰਤੀਕਰਣ ਕੀਤਾ ਹੈ ਅਰਥਾਤ ਹਰ ਵਾਕੰਸ਼ ਜਾਂ ਵਾਕ ਦੀ ਪੱਧਰ 'ਤੇ ਪ੍ਰਾਪਤ ਸੰਭਾਵਨਾਵਾਂ ਵਿਚੋਂ ਕਿਸਦਾ ਪ੍ਰਯੋਗ ਕੀਤਾ ਹੈ। ਇਸਦੇ ਨਾਲ ਹੀ ਪਹਿਲੀ ਗੱਲ ਤਾਂ ਇਹ ਹੈ ਕਿ ਇਹ ਸੰਭਾਵਨਾਵਾਂ ਪੰਜਾਬੀ ਦੀ ਇਕ ਉਪਭਾਖਾ ਵਿਚ ਫਿਰ ਵੱਖਰੀਆਂ ਵੱਖਰੀਆਂ ਉਪਭਾਖਾਵਾਂ ਵਿਚ ਫਿਰ ਪੰਜਾਬੀ ਦੇ ਨਾਲ ਹਿੰਦੀ, ਉਰਦੂ ਜਾਂ ਅੰਗਰੇਜ਼ੀ ਨਾਲ ਮਿਸ਼ਰਤ ਕਿੰਨੀਆਂ ਕੁ ਹੋ ਸਕਦੀਆਂ ਹਨ।

ਹਰ ਵਾਕ ਦੀ ਵਰਤੋਂ ਸਮੇਂ ਜਿੰਨੀਆਂ ਕੁ ਸੰਭਾਵਨਾਵਾਂ ਪ੍ਰਾਪਤ ਹਨ, ਉਨ੍ਹਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਵਕਤਾ ਤੇ ਸੰਬੋਧਿਤ ਵਿਅਕਤੀ ਦੇ ਪਰਸਪਰ ਸੰਬੰਧਾਂ ਅਤੇ ਸਮਾਜਕ ਰੁਤਬਿਆਂ ਦਾ ਪ੍ਰਗਟਾਵਾ ਹਰ ਵਾਕ ਵਿਚੋਂ ਹੁੰਦਾ ਹੈ। ਇਸ ਸੰਬੰਧ ਵਿਚ ਅਸੀਂ ਰੇਡੀਓ ਪ੍ਰਸਾਰਣ ਦੀ ਉਦਾਹਰਣ ਲੈ ਸਕਦੇ ਹਾਂ, ਜਿਸਦਾ ਬਹੁਤਾ ਆਧਾਰ ਵਕਤਾ-ਸਰੋਤਾ ਸੰਬੰਧਾਂ 'ਤੇ ਨਿਰਭਰ ਹੈ। ਓਥੇ ਵਕਤਾ ਸਮਾਜ ਦੇ ਸਮੂਹ ਸਰੋਤਿਆਂ ਨੂੰ ਮੁੱਖ ਰਖਕੇ ਸੰਬੋਧਨ ਕਰਦਾ ਹੈ ਤੇ ਸਥਿਤੀ ਦੇ ਸੰਦਰਭ ਅਨੁਸਾਰ ਕੋਡ ਵਿਚ ਪਰਿਵਰਤਨ ਕਰਦਾ ਚਲਿਆ ਜਾਂਦਾ ਹੈ, ਜਿਵੇਂ:

'ਯੇਹ ਆਕਾਸ਼ਵਾਣੀ ਹੈ। ਪ੍ਰਸਤੁਤ ਹੈ ਰਾਜਯ ਕੀ ਗਤੀਵਿਧੀਓਂ ਪਰ ਆਧਾਰਿਤ ਕਾਰਯਕ੍ਰਮ ਰਾਜਯ ਕੀ ਚਿੱਠੀ, ਆਜ ਇਸਮੇਂ ਉੱਤਰ ਪ੍ਰਾਦੇਸ਼ ਕੀ ਚਿੱਠੀ ਪ੍ਰਸਤੁਤ ਕੀ ਜਾ ਰਹੀ ਹੈ...'

'ਅਭੀ ਆਪ ਸੁਣ ਰਹੇ ਥੇ ਹਮਾਰਾ ਕਾਰਯਕ੍ਰਮ ਰਾਜਯ ਕੀ ਚਿੱਠੀ...'

'ਦ ਨੈਕਸਟ ਪ੍ਰੋਗਰਾਮ ਫਾਲੋਜ਼...'

'ਯੇਹ ਅਕਾਸ਼ਵਾਣੀ ਹੈ। ਅਬ ਆਜ ਕਲ ਕੇ ਹਾਲਾਤ ਪਰ ਤਬਸਰਾ ਪੇਸ਼ ਕੀਆ ਜਾਏਗਾ...'

'ਆਕਾਸ਼ਵਾਣੀ ਸੇ ਤਬਸਰਾ ਖ਼ਤਮ ਹੂਆ...'

'ਇਕ ਜ਼ਰੂਰੀ ਸੂਚਨਾ। ਸੁਣਨ ਵਾਲਿਆਂ ਨੂੰ ਅਸੀਂ ਯਾਦ ਦਿਵਾ ਦੇਈਏ ਕਿ ਅੱਜ ਦੁਪਹਿਰ ਬਾਅਦ ਸਵਾ ਤਿੰਨ ਵਜੇ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਦਾ ਅੱਖੀ-ਡਿੱਠਾ ਹਾਲ ਅਸੀਂ ਆਕਾਸ਼ਵਾਣੀ ਦਿੱਲੀ ਤੋਂ ਸਿੱਧਾ ਪ੍ਰਸਾਰਿਤ ਕਰਾਂਗੇ। ਸੂਚਨਾ ਸਮਾਪਤ ਹੋਈ...'

ਅਸਲ ਗੱਲ ਤਾਂ ਇਹ ਹੈ ਕਿ ਅਜੇ ਤੀਕ ਕੋਈ ਵੀ ਵਿਅਕਤੀ, ਸ਼ਰੇਣੀ ਜਾਂ ਸਮਾਜਕ ਵਰਗ ਅਜਿਹਾ ਨਹੀਂ ਜੋ ਇਕ ਭਾਸ਼ਾਈ-ਕੋਸ਼ (Single verbal reportoire) ਤੱਕ ਸੀਮਿਤ ਹੋਵੇ। ਕੋਈ ਵਿਅਕਤੀ ਜਾਂ ਜਾਤੀ ਇਕ ਹੀ ਉਕਤਾ ਦੇਣ ਵਾਲੇ ਕੋਡ ਦੀ ਵਰਤੋਂ ਨਹੀਂ ਕਰਦੀ, ਜਿਸ ਵਿਚ ਸਤਿਕਾਰ, ਨਿਰਾਦਰ, ਬੇ-ਇਜ਼ਤੀ, ਹਾਸੇ-ਮਖੌਲ ਝੂਠ ਮੂਠ ਦੀ ਗੰਭੀਰਤਾ ਦਾ ਅਹਿਸਾਸ ਪੈਦਾ ਕਰਨ, ਸੰਬੋਧਿਤ ਵਿਅਕਤੀ ਨਾਲ ਨੇੜਤਾ ਜਾਂ ਓਪਰੇਪਨ ਦਾ ਅਹਿਸਾਸ ਪੈਦਾ ਕਰਨ ਦੀਆਂ ਸੰਭਾਵਨਾਵਾਂ ਨਾ ਹੋਣ।[4]

ਕਿਸੇ ਵੀ ਜਾਤੀ ਵਿਚ ਵਰਤੇ ਜਾਂਦੇ ਵੱਖਰੇ ਕੋਡ ਦੇ ਅਧਿਐਨ ਲਈ ਗੰਪਰਜ਼ (Gumperz) ਨੇ ਸ਼ਬਦ ਕੋਡ-ਮੈਟਰਿਕਸ (Code-matrix) ਵਰਤਿਆ ਹੈ।[5]

ਪਰ ਰੇਡੀਓ 'ਤੇ ਕੋਡ-ਪਰਿਵਰਤਨ ਦੀ ਸਥਿਤੀ ਆਮ ਸਥਿਤੀ ਨਾਲੋਂ ਭਿੰਨ ਹੈ। ਭਾਵੇਂ ਪੰਜਾਬੀ ਨੂੰ ਪੰਜਾਬ ਦੀ ਰਾਜ ਭਾਸ਼ਾ (State Language) ਦਾ ਦਰਜਾ ਪ੍ਰਾਪਤ ਹੈ ਪਰ ਇਸਦੇ ਉਲਟ ਰੇਡੀਓ ਤੋਂ ਸਾਰੇ ਪ੍ਰੋਗਰਾਮ ਪੰਜਾਬੀ ਵਿਚ ਪ੍ਰਸਾਰਿਤ ਨਹੀਂ ਕੀਤੇ ਜਾਂਦੇ, ਸਗੋਂ ਪੂਰੇ ਦੇਸ਼ ਵਿਚ ਭਾਸ਼ਾਈ ਸਥਿਤੀ ਅਨੁਸਾਰ ਤਿਆਰ ਕੀਤੀ ਪ੍ਰਸਾਰਣ ਨੀਤੀ ਦੇ ਆਧਾਰ 'ਤੇ ਇਥੇ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਸੰਸਕ੍ਰਿਤ ਦੀ ਵਰਤੋਂ ਨਾਲੋਂ ਨਾਲ ਕੀਤੀ ਜਾਂਦੀ ਹੈ। ਇਸ ਸਥਿਤੀ ਵਿਚ ਕੋਡ-ਪਰਿਵਰਤਨ ਸਹਿਜ ਸੁਭਾਅ ਹੀ ਰੇਡੀਓ ਭਾਸ਼ਾ ਦੇ ਪੈਟਰਨ ਦਾ ਅੰਗ ਬਣ ਜਾਂਦਾ ਹੈ। ਹੇਠਾਂ ਅਸੀਂ ਇਸ ਸਥਿਤੀ ਦੇ ਸੰਦਰਭ ਵਿਚ ਰੇਡੀਓ ਭਾਸ਼ਾ ਵਿਚ ਕੋਡ-ਪਰਿਵਰਤਨ ਦੀਆਂ ਕੁਝ ਦਿਲਚਸਪ ਪ੍ਰਕਿਰਿਆਵਾਂ ਪੇਸ਼ ਕਰਾਂਗੇ।

ਰੇਡੀਓ ਪ੍ਰਸਾਰਣ ਵਿਚ ਜਲੰਧਰ ਕੇਂਦਰ ਤੋਂ ਭਾਵੇਂ ਕਿਸੇ ਵੀ ਉਪਭਾਖਾ ਵਿਚ ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਿਤ ਨਹੀਂ ਕੀਤਾ ਜਾਂਦਾ, ਪਰ ਪ੍ਰੋਗਰਾਮ ਪੇਸ਼ ਕਰਨ ਵਾਲੇ ਜਦੋਂ ਉਪਭਾਖਾਈ ਇਲਾਕਿਆਂ ਵਿਚੋਂ ਹੋਣ ਤਾਂ ਉਨ੍ਹਾਂ ਦੇ ਲਹਿਜੇ ਤੋਂ ਉਪਭਾਖਾ ਦੇ ਲੱਛਣ ਪ੍ਰਗਟ ਹੋ ਜਾਂਦੇ ਹਨ ਜਿਵੇਂ ਉਰਦੂ ਪ੍ਰੋਗਰਾਮ 'ਤਰਾਸ਼ੇ' ਪੇਸ਼ ਕਰਨ ਵਾਲੇ ਦੁਆਬੇ ਨਾਲ ਸੰਬੰਧਿਤ ਹਨ। ਇਸ ਕਾਰਣ ਉਨ੍ਹਾਂ ਦੇ ਲਹਿਜੇ ਵਿਚ ਦੁਆਬੀ ਰੰਗਣ ਨਜ਼ਰ ਆਉਂਦੀ ਹੈ। ਇਸ ਤੋਂ ਇਲਾਵਾ ਕੁਝ ਸਾਹਿਤਕ ਪ੍ਰੋਗਰਾਮਾਂ ਤੇ ਆਮ ਜਾਣਕਾਰੀ ਸੰਬੰਧੀ ਵਾਰਤਾਵਾਂ ਦੀ ਭਾਸ਼ਾ ਵਿਚ ਸਥਾਨਕ ਰੰਗਣ (Local Colour) ਮਿਲਦੀ ਹੈ। ਇਸ ਤੋਂ ਇਲਾਵਾ ਵਧੇਰੇ ਅੰਗਰੇਜ਼ੀ ਪੜ੍ਹੇ ਲੋਕ ਜਦੋਂ ਪੰਜਾਬੀ, ਹਿੰਦੀ ਜਾਂ ਕਿਸੇ ਹੋਰ ਭਾਸ਼ਾ ਵਿਚ ਪ੍ਰੋਗਰਾਮ ਪੇਸ਼ ਕਰਨ ਤਾਂ ਅਕਸਰ ਅੰਗਰੇਜ਼ੀ ਦੀ ਰੰਗਣ ਉਨ੍ਹਾਂ ਦੇ ਲਹਿਜੇ ਵਿਚ ਆ ਜਾਂਦੀ ਹੈ।

ਭਾਸ਼ਾ-ਪਰਿਵਰਤਨ ਜਾਂ ਕੋਡ-ਪਰਿਵਰਤਨ ਸਮੇਂ ਅੰਗਰੇਜ਼ੀ ਦੇ ਬਹੁਤ ਸਾਰੇ ਵਾਕੰਸ਼, ਮੁਹਾਵਰੇ, ਵਾਕ ਇਸ ਲਈ ਨਹੀਂ ਵਰਤੇ ਜਾਂਦੇ ਕਿ ਵਕਤੇ ਉਨ੍ਹਾਂ ਦੇ ਸਮਾਨਾਰਥਕ ਪੰਜਾਬੀ ਰੂਪ ਨਹੀਂ ਜਾਣਦੇ ਹੁੰਦੇ, ਸਗੋਂ ਇਸ ਲਈ ਕਿ ਕੁਝ ਵਿਸ਼ੇਸ਼ ਸਥਿਤੀਆਂ ਵਿਚ ਅੰਗਰੇਜ਼ੀ ਦੇ ਸ਼ਬਦ ਸੁਭਾਵਕ ਹੀ ਉਨ੍ਹਾਂ ਦੇ ਮੂੰਹੋਂ ਨਿਕਲ ਜਾਂਦੇ

ਹਨ ਅਤੇ ਉਨ੍ਹਾਂ ਦੇ ਹਿੰਦੀ, ਪੰਜਾਬੀ ਰੂਪ ਜੇਕਰ ਚੇਤਨ ਜਤਨ ਲਾਲ ਵਰਤੇ ਵੀ ਜਾਣ ਤਾਂ ਉਹ ਬਹੁਤ ਓਪਰੇ ਤੇ ਗ਼ੈਰ-ਕੁਦਰਤੀ ਲਗਦੇ ਹਨ। ਰੇਡੀਓ ਵਿਚ ਅਜਿਹੇ ਕੋਡ-ਪਰਿਵਰਤਨ ਦੀਆਂ ਉਦਾਹਰਣਾਂ ਕਿਤੇ ਕਿਤੇ ਮਿਲ ਜਾਂਦੀਆਂ ਹਨ, ਜਿਵੇਂ:

...ਤੁਸੀਂ ਕਿਹੜੀ 'ਲੋਕੈਲਟੀ' 'ਚ ਰਹਿੰਦੇ ਹੋ...ਜੀ ਮੈਂ 'ਮਾਡਲ ਟਾਊਨ' ਵਿਚ ਰਹਿੰਦਾ ਹਾਂ...ਸਰਕਾਰ ਦੀ ਨਵੀਂ 'ਪਾਲਿਸੀ' ਅਨੁਸਾਰ ਤੁਹਾਨੂੰ ਜਿਹੜਾ ਮਿੱਟੀ ਦਾ ਤੇਲ... 1.93 ਪੈਸੇ ਵਾਲੇ ਤੇਲ ਦੇ 'ਡਿਪੂ' ਵਾਲਾ ਦੋ ਰੁਪਏ 'ਚਾਰਜ' ਕਰਦਾ ਹੈ...'ਬਲੈਕ" ਵਿਚ ਲੈਣ ਦੀ ਸਾਡੀ 'ਕੈਪੈਸਟੀ' ਨਹੀਂ...ਇਸ ਕਰਕੇ ਕਾਫ਼ੀ 'ਡਿਫ਼ੀਕਲਟੀ ਹੁੰਦੀ ਹੈ...ਸਾਡੇ 'ਏਰੀਏ' ਵਿਚ ਡਿਪੂ ਵਾਲਾ... ਜਦੋਂ ਅਸੀਂ 'ਡਿਸਟ੍ਰਿਕ ਫੂਡ ਐਂਡ ਸਪਲਾਈ ਆਫ਼ਿਸਰ' ਨੂੰ ਮਿਲੇ...ਜਿਹੜੀ ਤੁਸੀਂ 'ਫ੍ਰੀ ਸੇਲ' ਸ਼ੁਰੂ ਕੀਤੀ ਹੈ...ਜਿਥੋਂ ਤੱਕ ਨਵੀਂ 'ਪਾਲਿਸੀ' ਦਾ ਸੰਬੰਧ ਹੈ ਜਿਹੜੀ 'ਗੌਰਮਿੰਟ' ਨੇ 'ਅਨਾਊਂਸ' ਕੀਤੀ ਹੈ...ਹਰ ਕਿਸੇ ਨੂੰ 'ਸਬਸਿਡੀ' ਵਾਲਾ 'ਕੈਰੋਸਿਨ' ਦਿੱਤਾ ਜਾਂਦਾ ਹੈ...ਦੂਹਰੀ 'ਪਾਲਿਸੀ' ਅਨੁਸਾਰ...ਸੱਤ 'ਲਿਟਰ' 'ਅਲਾਊਡ' ਹੈ...ਇਸ ਤੋਂ ਇਲਾਵਾ ਜ਼ਿਆਦਾ 'ਰੇਟ' ਤੇ ਲੈ ਸਕਦਾ ਹੈ... ('ਪ੍ਰਤਿਬਿੰਬ' ਪ੍ਰੋਗਰਾਮ ਵਿਚੋਂ)

ਕੁਝ ਸ਼੍ਰੇਣੀਗਤ ਫ਼ਾਰਮੂਲਾ ਟਾਈਪ ਸ਼ਬਦ ਤੇ ਫ਼ਿਕਰੇ ਸ਼ਹਿਰੀ ਬਹੁਭਾਸ਼ੀ ਲੋਕਾਂ ਦੇ ਸਭਿਆਚਾਰ (culture) ਦਾ ਏਨਾ ਗੂੜ੍ਹਾ ਅੰਗ ਬਣ ਜਾਂਦੇ ਹਨ ਕਿ ਉਹ ਬਿਨਾ ਕਿਸੇ ਜਤਨ ਤੋਂ ਸੁਭਾਵਕ ਹੀ ਵਰਤੋਂ ਵਿਚ ਆ ਜਾਂਦੇ ਹਨ। ਪਰ ਇਸਦੇ ਉਲਟ ਰੇਡੀਓ ਪ੍ਰਸਾਰਣ ਵਿਚ ਅਜਿਹੀ ਵਰਤੋਂ ਸਚੇਤ ਪੱਧਰ ਤੇ ਕੀਤੀ ਜਾਂਦੀ ਹੈ। ਇਨ੍ਹਾਂ ਵਿਚ ਸ਼ਬਦ ਤੇ ਉਨ੍ਹਾਂ ਦੀ ਵਰਤੋਂ ਗਿਣੇ ਮਿਥੇ ਫ਼ਾਰਮੂਲੇ ਵਾਂਗ ਹੁੰਦੀ ਹੈ, ਜਿਵੇਂ:

ਅਸੀਂ 343 'ਕਿਲੋਹਰਟਸ' ਤੋਂ ਯਾਨੀ 349.2 'ਮੀਟਰ' ਤੋਂ ਬੋਲ ਰਹੇ ਹਾਂ, ਇਹ ਆਕਾਸ਼ਵਾਣੀ ਦਾ ਜਲੰਧਰ ਕੇਂਦਰ ਏ...

ਕੋਡ-ਪਰਿਵਰਤਨ ਦਾ ਕੰਟਰੋਲ ਸੰਦਰਭ ਅਧੀਨ ਹੁੰਦਾ ਹੈ। ਇਹ ਹਰ ਉਸ ਦੇਸ਼ ਜਾਂ ਸਮਾਜ ਵਿਚ ਵਾਪਰਨਾ ਜ਼ਰੂਰੀ ਹੁੰਦਾ ਹੈ, ਜਿੱਥੇ ਬਦੇਸ਼ੀ ਭਾਸ਼ਾ ਸਮਾਜਕ ਰੁਤਬੇ ਦੀ ਨਿਸ਼ਾਨੀ ਸਮਝੀ ਜਾਂਦੀ ਹੋਵੇ ਅਤੇ ਤਕਨੀਕੀ ਸਿੱਖਿਆ ਦਾ ਮਾਧਿਅਮ ਹੋਵੇ। ਜੋ ਵਕਤੇ ਅੰਗਰੇਜ਼ੀ ਵਿਚ ਸੁਸਿੱਖਿਅਤ ਹੋਣ ਅਤੇ ਭਾਸ਼ਨ ਦੇਣ ਸਮੇਂ ਜਾ ਆਮ ਵਰਤੋਂ ਵਿਚ ਅੰਗਰੇਜ਼ੀ ਵਰਤਦੇ ਹੋਣ ਤਾਂ ਪੈਟਰਨ ਤਾਂ ਇਹ ਹੋਵੇਗਾ ਕਿ ਸੂਚਨਾ-ਭਰਪੂਰ ਸ਼ਬਦਾਵਲੀ ਅੰਗਰੇਜ਼ੀ ਦੀ ਅਤੇ ਵਿਆਕਰਣਕ ਸ਼ਬਦ ਪੰਜਾਬੀ ਦੇ ਹੋਣਗੇ। ਇਹ ਸਥਿਤੀ ਰੇਡੀਓ ਪ੍ਰਸਾਰਣ ਵਿਚ ਪੰਜਾਬੀ ਖ਼ਬਰਾਂ ਦੀ ਹੈ। ਖ਼ਬਰਾਂ ਮੂਲ ਰੂਪ ਵਿਚ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕੀਤੀਆਂ ਜਾਂਦੀਆਂ ਹਨ। ਕਈ ਵਾਰ ਇਨ੍ਹਾਂ ਵਿਚ ਅੰਗਰੇਜ਼ੀ ਦੇ ਤਕਨੀਕੀ ਸ਼ਬਦ ਉਂਜ ਹੀ ਵਰਤ ਲਏ ਜਾਂਦੇ ਹਨ। ਫਿਰ ਅਨੁਵਾਦ ਦਾ ਪੈਟਰਨ ਵੀ ਅੰਗਰੇਜ਼ੀ ਭਾਸ਼ਾ ਵਾਲਾ ਹੁੰਦਾ ਹੈ ਜਿਸਨੂੰ ਪੰਜਾਬੀ ਦੀ ਪੁੱਠ ਚਾੜ੍ਹ ਕੇ ਦੋਗਲਾ ਬਣਾ ਦਿੱਤਾ ਜਾਂਦਾ ਹੈ।

ਕਿਸੇ ਭਾਸ਼ਾਈ-ਕੋਡ ਵਿਚ ਦੂਸਰੀ ਭਾਸ਼ਾ ਦੇ ਤਕਨੀਕੀ ਸ਼ਬਦਾਂ ਦੀ ਬਹੁਲਤਾ ਦੀ ਨਿਰਭਰਤਾ ਇਸ ਗੱਲ 'ਤੇ ਵੀ ਹੈ ਕਿ ਉਸ ਭਾਸ਼ਾ ਦਾ ਦੂਸਰੀਆਂ ਭਾਸ਼ਾਵਾਂ ਨਾਲ ਲੈਣ-ਦੇਣ ਕਿੰਨਾ ਕੁ ਹੈ। ਅੰਗਰੇਜ਼ੀ ਬਹੁਤ ਚਿਰ ਭਾਰਤ 'ਤੇ ਠੋਸੀ ਗਈ ਭਾਸ਼ਾ ਰਹੀ ਹੈ ਤੇ ਇਸ ਦਾ ਅਸਰ ਹੁਣ ਤੱਕ ਭਾਰਤ ਦੀਆਂ ਆਧੁਨਿਕ ਭਾਸ਼ਾਵਾਂ ਉਪਰ ਹੈ। ਅਜੇ ਤੱਕ ਅੰਗਰੇਜ਼ੀ ਨੂੰ ਅਪਨਾਉਣਾ ਮਾਨ (prestige) ਵਾਲੀ ਗੱਲ ਸਮਝੀ ਜਾਂਦੀ ਹੈ। ਰੇਡੀਓ ਤੋਂ ਭਾਵੇਂ ਇਸ ਤਰ੍ਹਾਂ ਦੀ ਵਰਤੋਂ ਤੋਂ ਸੰਕੋਚ ਕੀਤਾ ਜਾਂਦਾ ਹੈ ਪਰ ਫਿਰ ਵੀ ਨਾਟਕਾਂ, ਖ਼ਬਰਾਂ, ਵਿਗਿਆਨ, ਤਕਨਾਲੋਜੀ ਆਦ ਨਾਲ ਸੰਬੰਧਿਤ ਪ੍ਰੋਗਰਾਮਾਂ ਵਿਚ ਅਜਿਹੀ ਸਥਿਤੀ ਮਿਲ ਜਾਂਦੀ ਹੈ। ਪੰਜਾਬ ਸ਼ੁਰੂ ਤੋਂ ਹੀ ਵਿਦੇਸ਼ੀ ਹੱਲਿਆਂ ਦਾ ਸ਼ਿਕਾਰ ਰਿਹਾ ਹੋਣ ਕਰਕੇ ਪੰਜਾਬੀ ਦਾ ਦੂਜੀਆਂ ਭਾਸ਼ਾਵਾਂ ਨਾਲ ਲੈਣ-ਦੇਣ ਸਦੀਆਂ ਪੁਰਾਣੀ ਪਰੰਪਰਾ ਵਾਂਗ ਅਜੇ ਤੱਕ ਕਾਇਮ ਹੈ।

ਕੋਡ-ਪਰਿਵਰਤਨ ਦੀ ਵਰਤੋਂ ਵਿਚ ਮਹੱਤਵ ਪੂਰਣ ਗੱਲ ਇਹ ਨਹੀਂ ਕਿ ਸਥਿਤੀ 'ੳ' ਵਿਚ ਅੰਗਰੇਜ਼ੀ ਵਰਤੀ ਜਾਂਦੀ ਹੈ ਤੇ ਸਥਿਤੀ 'ਅ' ਵਿਚ ਪੰਜਾਬੀ ਜਾਂ ਹਿੰਦੀ। ਸਗੋਂ ਭਾਸ਼ਾਈ ਪਰਿਵਰਤਨ ਦੀ ਦਿਸ਼ਾ ਇਸ ਗੱਲ ਵੱਲ ਵਧੇਰੇ ਹੈ ਕਿ ਸੁਭਾਵਕ ਗੱਲ ਬਾਤ ਵਿਚ ਅੰਗਰੇਜ਼ੀ ਸ਼ਬਦਾਂ ਦੀ ਬਹੁਲਤਾ ਹੁੰਦੀ ਜਾ ਰਹੀ ਹੈ। ਇਹ ਵੀ ਜਾਣਨਯੋਗ ਗੱਲ ਹੈ ਕਿ ਆਮ ਗੱਲ ਬਾਤ ਵਿਚ ਅੰਗਰੇਜ਼ੀ ਦੇ ਕਿੰਨੇ ਕੁ ਸ਼ਬਦ ਵਰਤੇ ਗਏ ਹਨ ਅਤੇ ਕਿਸ ਤਰ੍ਹਾਂ ਉਨ੍ਹਾਂ ਨੂੰ ਪੰਜਾਬੀ ਦੀ ਵਿਆਕਰਣਕ ਬਣਤਰ ਵਿਚ ਢਾਲਣ ਲਈ ਉਨ੍ਹਾਂ ਦੇ ਰੂਪ ਕੁਝ ਵਿਗਾੜ ਲਏ ਗਏ ਹਨ। ਰੇਡੀਓ ਵਿਚ ਅਜਿਹੀ ਸਥਿਤੀ ਤੋਂ ਸਚੇਤ ਤੌਰ 'ਤੇ ਸੰਕੋਚ ਕੀਤਾ ਜਾਂਦਾ ਹੈ। ਇਹ ਜ਼ਰੂਰ ਹੈ ਕਿ ਆਮ ਵਰਤੋਂ ਵਿਚ ਰੂੜ੍ਹ ਹੋ ਚੁੱਕੇ ਜਾਂ ਦੂਜੀਆਂ ਭਾਸ਼ਾਵਾਂ ਦੇ ਉਹ ਸ਼ਬਦ ਜੋ ਪੰਜਾਬੀ ਵਿਚ ਆਮ ਪ੍ਰਚਲਿਤ ਹਨ, ਉਨ੍ਹਾਂ ਦੀ ਵਰਤੋਂ ਉਂਜ ਹੀ ਕਰ ਲਈ ਜਾਂਦੀ ਹੈ।

4 ਕੋਡ-ਮਿਸ਼ਰਣ (Code-mixing)

ਭਾਰਤ ਵਿਚ ਮਿਲਦੇ ਦੁਭਾਸ਼ਕਤਾ/ਬਹੁਭਾਸ਼ਕਤਾ ਦੇ ਵਰਤਾਰੇ ਦੀ ਇਕ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਕ ਭਾਸ਼ਾ ਦਾ ਬੋਲਣਹਾਰਾ ਦੂਜੀ ਭਾਸ਼ਾ 'ਤੇ ਨਿਰਭਰਤਾ ਰੱਖਦਾ ਹੈ। ਭਾਰਤ ਬਹੁ-ਭਾਸ਼ੀ ਅਤੇ ਬਹੁਕੌਮੀ ਸਮਾਜ (multilingual and multinational society) ਹੋਣ ਕਰਕੇ ਵੱਖ ਵੱਖ ਪ੍ਰਦੇਸ਼ਾਂ ਵਿਚ ਰਹਿਣ ਵਾਲੇ ਲੋਕ ਇਕ ਪ੍ਰਕਾਰ ਦੀ ਭਾਸ਼ਾ-ਨਿਰਭਰਤਾ (language denpendency) ਨੂੰ ਆਪਣੇ ਸੰਚਾਰ ਪ੍ਰਬੰਧ (communication system) ਦਾ ਹਿੱਸਾ ਬਣਾ ਲੈਂਦੇ ਹਨ। ਭਾਸ਼ਾ-ਨਿਰਭਰਤਾ ਤੋਂ ਭਾਵ ਹੈ ਕਿ ਸਾਰੀਆਂ ਭਾਸ਼ਾਵਾਂ ਦਾ ਆਪਣਾ ਪੌੜੀ ਪ੍ਰਬੰਧ (hierarchy) ਹੈ ਅਤੇ ਹਰ ਭਾਸ਼ਾ ਨੂੰ ਕੋਈ ਨਾ ਕੋਈ ਪ੍ਰਕਾਰਜੀ ਰੋਲ (functional role) ਅਦਾ ਕਰਨਾ ਪੈਂਦਾ ਹੈ। ਬਹੁ-ਭਾਸ਼ੀ

ਵਿਅਕਤੀ ਕਿਸੇ ਭਾਸ਼ਾ ਨੂੰ ਸੀਮਿਤ (restricted) ਅਤੇ ਕਿਸੇ ਭਾਸ਼ਾ ਨੂੰ ਵਿਆਪਕ (elaborated) ਘੇਰੇ ਵਿਚ ਵਰਤੋਂ ਵਿਚ ਲਿਆਂਦਾ ਹੈ। ਹਰ ਭਾਸ਼ਾ ਦਾ ਆਪਣਾ ਨਿਸ਼ਚਿਤ ਕੋਡ ਹੁੰਦਾ ਹੈ ਅਤੇ ਬੋਲਣਹਾਰਾ ਭਿੰਨ ਭਿੰਨ ਲੋੜਾਂ ਅਨੁਸਾਰ ਕੋਡ-ਮਿਸ਼ਰਣ ਕਰਦਾ ਹੈ।

ਅਸਲ ਵਿਚ ਦੱਖਣ-ਏਸ਼ੀਆ (South-Asia) ਵਿਚ ਭਾਸ਼ਾ-ਨਿਰਭਰਤਾ ਸੰਚਾਰ ਦੀ ਬੁਨਿਆਦੀ ਲੋੜ ਹੋਣ ਕਾਰਣ ਭਾਸ਼ਾ ਦੇ ਬੋਲਣਹਾਰੇ ਕੋਡ-ਮਿਸ਼ਰਣ ਨੂੰ ਆਪਣੇ ਭਾਸ਼ਾ ਵਿਹਾਰ (language attitude) ਦਾ ਸਹਿਜ ਅੰਗ ਬਣਾ ਲੈਂਦੇ ਹਨ। ਇਸ ਸਥਿਤੀ ਵਿਚ ਦੋ ਪ੍ਰਕਾਰ ਦੀ ਪੱਧਰ 'ਤੇ ਭਾਸ਼ਾਵਾਂ ਦਾ ਪਰਸਪਰ ਮੇਲ ਹੁੰਦਾ ਹੈ। ਪਹਿਲੀ ਪ੍ਰਕਾਰ ਦਾ ਮੇਲ ਭਾਸ਼ਾ ਦੇ ਅੰਦਰੂਨੀ ਘੇਰੇ (inner circle) ਵਿਚ ਹੁੰਦਾ ਹੈ। ਇਕੋ ਭਾਸ਼ਾ ਵਿਚ ਮਿਲਦੇ ਵੱਖ ਵੱਖ ਕੋਡ ਜਾਂ ਸਬ-ਕੋਡ (sub-code) ਵਾਰੋ ਵਾਰੀ ਬਦਲੇ ਜਾਂਦੇ ਹਨ ਜਾਂ ਉਨ੍ਹਾਂ ਦਾ ਮਿਸ਼ਰਣ ਕੀਤਾ ਜਾਂਦਾ ਹੈ।

ਦੂਜੀ ਤਰ੍ਹਾਂ ਦਾ ਭਾਸ਼ਾ ਮੇਲ ਉਹ ਹੈ, ਜਿਸਨੂੰ ਅਸੀਂ ਬਾਹਰਲਾ ਭਾਸ਼ਾ-ਸਰਕਲ (outer-language circle) ਕਹਿ ਸਕਦੇ ਹਾਂ। ਇਸ ਤੋਂ ਭਾਵ ਹੈ ਇਕ ਉਨ੍ਹਾਂ ਭਾਸ਼ਾਵਾਂ ਉੱਤੇ ਨਿਰਭਰਤਾ ਜੋ ਦੱਖਣੀ-ਏਸ਼ੀਆਈ ਭਾਸ਼ਾਵਾਂ ਦੇ ਕੋਡ ਤੋਂ ਬਾਹਰਲੀਆਂ ਹਨ। ਭਾਸ਼ਾ ਦੇ ਅੰਦਰੂਨੀ ਪੱਧਰ ਉੱਤੇ ਮੇਲ ਦੀ ਇਕ ਉਦਾਹਰਣ ਇਹ ਵੀ ਹੈ ਕਿ ਇਕ ਭਾਸ਼ਾ ਪਰਿਵਾਰ (language family) ਦੀਆਂ ਭਾਸ਼ਾਵਾਂ ਦੂਜੇ ਪਰਿਵਾਰ ਦੀਆਂ ਭਾਸ਼ਾਵਾਂ ਵਿਚ ਰਲਦੀਆਂ ਮਿਲਦੀਆਂ ਹਨ ਜਿਵੇਂ ਦਰਾਵੜ ਭਾਸ਼ਾਵਾਂ ਦੇ ਸ਼ਬਦ ਆਰੀਆਈ ਭਾਸ਼ਾਵਾਂ ਵਿਚ ਤੇ ਆਰੀਆਈ ਭਾਸ਼ਾਵਾਂ ਦੇ ਦਰਾਵੜੀ ਭਾਸ਼ਾ ਵਿਚ ਰਲਣੇ। ਪਰੰਤੂ, ਬਾਹਰਲੇ ਘੇਰੇ ਦੀਆਂ ਭਾਸ਼ਾਵਾਂ ਤੋਂ ਭਾਵ ਹੈ ਕਿ ਦੱਖਣੀ-ਏਸ਼ੀਆਈ ਭਾਸ਼ਾਵਾਂ ਵਿਚ ਗ਼ੈਰ-ਦੱਖਣੀ ਏਸ਼ੀਆਈ ਭਾਸ਼ਾਵਾਂ ਜਿਵੇਂ ਅੰਗਰੇਜ਼ੀ ਜਾਂ ਫ਼ਾਰਸੀ ਆਦ ਦਾ ਰਲਣਾ।

ਇਸ ਤਰ੍ਹਾਂ ਦੇ ਮਿਸ਼ਰਤ ਕੋਡ ਦੱਖਣੀ-ਏਸ਼ੀਆ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਉਤਪੰਨ ਹੋਏ ਹਨ। ਇਸ ਪ੍ਰਕਾਰ ਦਾ ਇਕ ਕੋਡ ਹਿੰਗਲਿਸ਼ (Hinglish) ਹੈ।[6] ਕੇਲਕਰ (A.R. Kelkar) ਵੀ ਏਸੇ ਤਰ੍ਹਾਂ ਦੇ ਇਕ ਕੋਡ ਦਾ ਵਰਣਨ ਕਰਦਾ ਹੈ ਜਿਸਨੂੰ ਉਸਨੇ ਹਿਰਦੂ (Hirdu) ਕਿਹਾ ਹੈ।[7] ਏਸੇ ਤਰ੍ਹਾਂ ਕੁਝ ਦੱਖਣੀ-ਏਸ਼ੀਆਈ ਭਾਸ਼ਾਵਾਂ ਵਿਚ ਫ਼ਾਰਸੀ ਅੱਖਰਾਂ ਦਾ ਕੋਡ-ਮਿਸ਼ਰਣ ਵੀ ਮਿਲਦਾ ਹੈ। ਇਥੇ ਕੋਡ-ਮਿਸ਼ਰਣ ਤੋਂ ਭਾਵ ਇਕ ਭਾਸ਼ਾ ਦੀਆਂ ਕੁਝ ਇਕਾਈਆਂ ਦਾ ਦੂਜੀ ਭਾਸ਼ਾ ਵਿਚ ਰਲ ਮਿਲ ਜਾਣਾ ਹੈ। ਇਸ ਸਥਿਤੀ ਦੇ ਕਈ ਭਾਸ਼ਕ, ਵਿਹਾਰਕ, ਅਤੇ ਮਨੋਵਿਗਿਆਨਕ ਕਾਰਣ ਹੁੰਦੇ ਹਨ। ਪਰ ਅਜਿਹਾ ਕੋਡ-ਮਿਸ਼ਰਣ ਸਮਾਜ-ਭਾਸ਼ਾ-ਵਿਗਿਆਨ ਦੀ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਣ ਹੁੰਦਾ ਹੈ।

ਰੇਡੀਓ ਭਾਸ਼ਾ ਵਿਚ ਸਿੱਧੇ ਤੌਰ 'ਤੇ ਕੋਡ-ਮਿਸ਼ਰਣ ਤੋਂ ਸੰਕੋਚ ਕੀਤਾ ਜਾਂਦਾ ਹੈ ਤੇ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਭਾਸ਼ਾ ਵਿਚ ਇਕਸਾਰਤਾ (uniformity)

ਨੂੰ ਬਰਕਰਾਰ ਰਖਿਆ ਜਾਵੇ ਪਰ ਫਿਰ ਵੀ ਕਈ ਪੱਧਰਾਂ 'ਤੇ ਸਾਨੂੰ ਇਸਦੇ ਨਮੂਨੇ ਮਿਲਦੇ ਹਨ। ਹੇਠਾਂ ਅਸੀਂ ਕੋਡ-ਮਿਸ਼ਰਣ ਦੀਆਂ ਕੁਝ ਇਕਾਈਆਂ ਵਿਚ ਮਿਲਦੇ ਰੇਡੀਓ ਪ੍ਰਸਾਰਣ ਦੇ ਨਮੂਨੇ ਪੇਸ਼ ਕਰਾਂਗੇ:

ੳ. ਯੂਨਿਟ ਇਨਸਰਸ਼ਨ (Unit Insertion):

ਇਸ ਵਿਚ ਕਿਸੇ ਹੋਰ ਭਾਸ਼ਾ ਦੀ ਇਕਾਈ, ਵਾਕ ਵਿਚ ਸ਼ਬਦ ਤੋਂ ਉਪਰਲੀ ਇਕਾਈ ਵੱਲ ਇਸ਼ਾਰਾ ਕਰਦੀ ਹੈ, ਜਿਵੇਂ:

> 'ਗੀਟਾ ਤੈਨੂੰ ਆਰਾਮ ਦੀ ਜ਼ਰੂਰਤ ਏ ਤੁਹਾਡਾ "ਨਰਵਸ ਸਿਸਟਮ" ਡੋਲ ਗਿਆ। "ਸੀਰੀਅਸ ਹਾਰਟ ਕੇਸ ਹੈ"
>
> (ਰੇਡੀਓ ਤੋਂ ਪ੍ਰਸਾਰਿਤ ਜਗਦੀਸ਼ ਸਿੰਘ ਵੋਹਰਾ ਦੇ ਨਾਟਕ 'ਉਸ ਦੀ ਵੇਦਨਾ' 'ਚੋਂ) 'ਵਿਰੋਧੀ ਧਿਰ ਵੱਲੋਂ "ਵਾਕ ਆਊਟ" (ਖ਼ਬਰਾਂ ਵਿਚੋਂ)

ਅ. ਯੂਨਿਟ ਹਾਈਬ੍ਰਿਡਾਈਜ਼ੇਸ਼ਨ (Unit Hybridization):

ਇਹ ਇਕ ਇਕਾਈ ਵਿਚ ਕੋਡ-ਮਿਸ਼ਰਣ ਦੀ ਵਰਤੋਂ ਵਲ ਇਸ਼ਾਰਾ ਕਰਦੀ ਹੈ, ਜਿਵੇਂ:

> 'ਹੁਣ ਅਸੀਂ ਤੁਹਾਨੂੰ "ਜਵਾਹਰ ਲਾਲ ਨਹਿਰੂ ਸਟੇਡੀਅਮ" ਦਿੱਲੀ ਲੈ ਚਲਦੇ ਹਾਂ...'
>
> "ਕਸਟਮ ਅਧਿਕਾਰੀ", "ਗਜ਼ਟਿਡ ਛੁੱਟੀ", "ਜੁਡੀਸ਼ੀਅਲ ਜਾਂਚ", 'ਬੈਕਿੰਗ ਪ੍ਰਣਾਲੀ", "ਸਾਲਾਨਾ ਬਜਟ", "ਜ਼ਿਲ੍ਹਾ ਕਮੇਟੀ", "ਜ਼ਿਲ੍ਹਾ ਹੈਡਕੁਆਟਰ", "ਪੰਚਾਇਤ ਬਿਲਡਿੰਗ", "ਕੰਟਰੋਲ ਕਰਨਾ", "ਮੈਜਿਸਟਰੇਟੀ ਜਾਂਚ" ਆਦ।

ੲ. ਵਾਕ ਇਨਸਰਸ਼ਨ (Sentence Insertion):

ਇਸ ਵਿਚ ਵਾਕ ਦੀ ਪੱਧਰ 'ਤੇ ਕੋਡ-ਮਿਸ਼ਰਣ ਕੀਤਾ ਜਾਂਦਾ ਹੈ। ਇਕ ਭਾਸ਼ਾ ਵਿਚ ਦੂਜੀ ਭਾਸ਼ਾ ਦੇ ਵਾਕ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ:

> 'ਗੀਟਾ ਲੇਟ ਜਾਓ, ਡਾਕਟਰ ਨੇ ਕਿਹਾ, "ਯੂ ਸ਼ੁਡ ਟੇਕ ਕੰਪਲੀਟ ਰੈਸਟ, ਯੂਅਰ ਕੰਡੀਸ਼ਨ ਇਜ਼ ਐਕਸਟਰੀਮਲੀ ਸੀਰੀਅਸ"
>
> (ਨਾਟਕ 'ਉਸ ਦੀ ਵੇਦਨਾ' 'ਚੋਂ)

ਸ. ਸ਼ਾਬਦੀਕਰਣ (Lexiclization):

ਕੋਡ-ਮਿਸ਼ਰਣ ਵਿਚ ਅਕਸਰ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਇਕ ਭਾਸ਼ਾ ਵਿਚ ਵਰਤ ਲਏ ਜਾਂਦੇ ਹਨ। ਪੰਜਾਬੀ ਵਿਚ ਵੀ ਬਹੁਤ ਸਾਰੀਆਂ ਭਾਸ਼ਾਵਾਂ ਦੇ ਸ਼ਬਦ ਤਦਭਵ ਤੇ ਤਤਸਮ ਰੂਪ ਵਿਚ ਮਿਸ਼ਰਣ ਹੋ ਚੁੱਕੇ ਹਨ। ਰੇਡੀਓ ਭਾਸ਼ਾ ਵਿਚ ਵੀ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਸਥਿਤੀ ਤੇ ਸੰਦਰਭ ਅਨੁਸਾਰ ਕੀਤਾ ਜਾਂਦਾ ਹੈ, ਜਿਵੇਂ:

ਸੰਸਕ੍ਰਿਤ	ਅਰਬੀਕ੍ਰਿਤ	ਅੰਗ੍ਰੇਜ਼ੀ-ਕ੍ਰਿਤ
ਆਰੰਭ ਕਰਨਾ	ਸ਼ੁਰੂ ਕਰਨਾ	ਬਿਗਿਨ ਕਰਨਾ to begin
ਅਧਿਕਾਰ ਕਰਨਾ	ਕਬਜ਼ਾ ਕਰਨਾ	ਕੰਟਰੋਲ ਕਰਨਾ to control
ਭੂਲ ਕਰਨਾ	ਗ਼ਲਤੀ ਕਰਨਾ	ਮਿਸਟੇਕ ਕਰਨਾ to make a mistake
ਚਿੰਤਾ ਕਰਨਾ	ਫ਼ਿਕਰ ਕਰਨਾ	ਵਰੀ ਕਰਨਾ to worry
ਦਇਆ ਕਰਨਾ	ਰਹਿਮ ਕਰਨਾ	ਪਿਟੀ ਕਰਨਾ to pitty
ਘਿਰਣਾ ਕਰਨਾ	ਨਫ਼ਰਤ ਕਰਨਾ	ਹੇਟ ਕਰਨਾ to hate

ਰੇਡੀਓ ਪ੍ਰਸਾਰਨ ਵਿਚ ਸਚੇਤ ਪੱਧਰ 'ਤੇ ਕੋਡ-ਮਿਸ਼ਰਣ ਤੋਂ ਸੰਕੋਚ ਕੀਤਾ ਜਾਂਦਾ ਹੈ ਪਰ ਨਾਟਕਾਂ, ਨਕਲਾਂ ਤੇ ਹਸਾਉਣੇ ਪ੍ਰੋਗਰਾਮਾਂ ਵਿਚ ਜਾਂ ਫਿਰ ਕਿਧਰੇ ਕਿਧਰੇ ਖ਼ਬਰਾਂ ਤੇ ਹੋਰ ਪ੍ਰੋਗਰਾਮਾਂ ਵਿਚ ਸ਼ਾਬਦਿਕ ਪੱਧਰ 'ਤੇ ਇਸ ਦੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ।

ਰੇਡੀਓ ਪ੍ਰਸਾਰਣ ਵਿਚ ਪੰਜਾਬੀ ਸੰਬੰਧੀ ਇਸ ਸੰਖੇਪ ਜਿਹੀ ਚਰਚਾ ਤੋਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਕੁਲ ਮਿਲਾ ਕੇ ਰੇਡੀਓ ਦੀ ਭਾਸ਼ਾ ਇਕ ਵੱਖਰੀ ਤਰ੍ਹਾਂ ਦੀ ਭਾਸ਼ਾ ਬਣ ਜਾਂਦੀ ਹੈ, ਜਿਸ ਨੂੰ ਲਿਖਣ ਤੇ ਉਚਾਰਨ ਦੇ ਆਪਣੇ ਵੱਖਰੇ ਨੇਮ ਹਨ ਤੇ ਇਨ੍ਹਾਂ ਨੇਮਾਂ ਅਧੀਨ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਸ ਕਾਰਣ ਭਾਸ਼ਾ ਆਮ ਬੋਲ-ਚਾਲ ਦੀ ਪੱਧਰ ਦੀ ਹੁੰਦੀ ਹੋਈ ਵੀ ਉਸ ਤੋਂ ਇਕ ਵੱਖਰਾ ਰੂਪ ਧਾਰ ਕੇ ਵਿਸ਼ੇਸ਼ ਰੇਡੀਓ ਭਾਸ਼ਾ ਦਾ ਦਰਜਾ ਗ੍ਰਹਿਣ ਕਰਦੀ ਹੈ।

ਰੇਡੀਓ ਭਾਸ਼ਾ ਸੰਬੰਧੀ ਇਹ ਇਕ ਮੁੱਢਲਾ ਜਿਹਾ ਜਤਨ ਹੈ, ਜਿਸ ਵਿਚ ਅਸਾਂ ਰੇਡੀਓ ਭਾਸ਼ਾ ਸੰਬੰਧੀ ਕੁਝ ਮੂਲ-ਬਿੰਦੂਆਂ ਨੂੰ ਪਛਾਨਣ ਦਾ ਜਤਨ ਕੀਤਾ ਹੈ। ਅਗੇਰੀ ਖੋਜ ਲਈ ਇਸ ਵਿਚ ਕਾਫ਼ੀ ਸੰਭਾਵਨਾਵਾਂ ਮੌਜੂਦ ਹਨ।

ਹਵਾਲੇ ਤੇ ਟਿੱਪਣੀਆਂ

1. J.C. Catford, *A Linguistic Theory of Translation,* p. 32.
2. *Linguistic Sciences and Language Teaching,* p. 87.
3. Ibid, pp. 152-54.
4. Dell Hymes, *Language in Culture and Society,* p. 9-10.
5. *Language in Social Groups,* p. 208.
6. B.B. Kachru, "Toward Structuring Code-mixing", *Indian Bilingualism* (ed. P.G. Sharma and S. Kumar), p. 189.
7. *Studies in Hindi-Urdu : Introduction and Word Phonology,* p. 6

ਪੁਸਤਕ ਸੂਚੀ

Catford, J.C. *A Linguistic Theory of Translation,* (O.U.P), London, 1965.

Fishman, J.A. *Language in Socio-Cultural Change,* (S.U.P), Stanford, California, 1972.

---(ed.) *Readings in the Sociology of Language,* Mouton & Co., The Hague, Paris, 1970.

Gumperz, J.J., *Language in Social Groups,* (S.U.P), Stanford, California, 1971.

Halliday, M.A.K. & Others, *The Linguistic Sciences and Language Teaching,* Green & Co., London, 1964

Hymes, D. (ed.) *Language in Culture and Society,* Harper and Row, New York, 1966.

Kelkar, A.R., *Studies in Hindi-Urdu : Introduction and Word Phonology,* Deccan College, Post graduate and Research Institute, Poona, 1968

Kluyev, B.I., *India : National & Language Problem,* Sterling Publishers, New Delhi, 1981.

Pandit, P.B., *Language in a Plural Society,* D.R., Channana Memorial Commitee, New Delhi, 1975.

Pride, J.B. and Holmes, Janet (ed.) *Socio Linguistics,* Penguin Books, 1976.

Sharma, P.G. and Kumar, S. (ed.) *Indian Bilingualism,* Kendriya Hindi Sansthan, Agra, 1977.

Turner, G.W., *Stylistics,* Penguin Books, 1973.

ਮਾਲਵੇ ਦਾ ਇਤਿਹਾਸਕ, ਸਭਿਆਚਾਰਕ ਅਤੇ ਭਾਸ਼ਾਈ ਸਰਵੇਖਣ

(ੳ)

ਪੰਜਾਬ ਦੇ ਵਰਤਮਾਨ ਭੂ-ਖੰਡ ਦੇ 19 ਜ਼ਿਲ੍ਹਿਆਂ ਵਿਚੋਂ 12 ਜ਼ਿਲ੍ਹੇ ਮਾਲਵੇ ਦੇ ਖੇਤਰ ਵਿਚ ਆਉਂਦੇ ਹਨ। ਭਾਰਤ-ਪਾਕਿ ਵੰਡ ਉਪਰੰਤ ਇਕ ਤਾਂ ਮਾਝੇ ਦਾ ਇਲਾਕਾ ਵੰਡਿਆ ਗਿਆ, ਦੂਜਾ ਸਰਹੱਦ 'ਤੇ ਆ ਗਿਆ, ਤੀਜਾ ਰਾਜਸੀ, ਸਮਾਜਕ ਤੇ ਸਭਿਆਚਾਰਕ ਸਾਹਿਤਕ ਗਤੀਵਿਧੀਆਂ ਦਾ ਕੇਂਦਰ ਲਾਹੌਰ ਪਾਕਿਸਤਾਨ ਵਿਚ ਚਲਾ ਗਿਆ। ਇਸਦੇ ਨਤੀਜੇ ਵਜੋਂ ਆਜ਼ਾਦੀ ਤੋਂ ਬਾਅਦ ਸਿਖਿਆ, ਖੋਜ-ਸੰਸਥਾਵਾਂ ਅਤੇ ਉਦਯੋਗਾਂ ਦਾ ਫ਼ੋਕਸ ਮਾਲਵੇ ਦੇ ਖਿੱਤੇ ਉੱਪਰ ਹੋਇਆ। ਨਤੀਜੇ ਵਜੋਂ ਜਿਥੇ ਵਿਦਿਅਕ, ਸਭਿਆਚਾਰਕ ਤੇ ਸਮਾਜਕ ਗਤੀਵਿਧੀਆਂ ਦੇ ਕੇਂਦਰ ਮਾਲਵੇ ਵਿਚ ਸਥਾਪਤ ਹੋਏ, ਉਥੇ ਆਰਥਕਤਾ ਪੱਖੋਂ ਵੀ ਇਹ ਖੇਤਰ ਖ਼ੁਸ਼ਹਾਲੀ ਦੀਆਂ ਸਿਖ਼ਰਾਂ ਛੋਹ ਕੇ ਮੁੜਿਆ। ਅੱਜ ਪੰਜਾਬ ਦੀ ਰਾਜਨੀਤੀ ਦੀ ਵਾਗਡੋਰ ਮਲਵਈਆਂ ਦੇ ਹੱਥ ਹੈ, ਜਿਸ ਕਾਰਣ ਰਾਜਨੀਤਕ ਤੌਰ 'ਤੇ ਮਾਲਵੇ ਦੇ ਖੇਤਰ ਨੇ ਨਾਮਣਾ ਖੱਟਿਆ ਹੈ। ਇਸੇ ਖੇਤਰ ਨਾਲ ਸੰਬੰਧਿਤ ਵਿਅਕਤੀ ਮੁੱਖ ਮੰਤਰੀ ਤੋਂ ਲੈ ਕੇ ਪਾਰਲੀਮੈਂਟ ਦੇ ਸਪੀਕਰ ਤੇ ਰਾਸ਼ਟਰਪਤੀ ਦੇ ਅਹੁਦਿਆਂ ਤੱਕ ਪਹੁੰਚੇ ਹਨ।

ਜਿਥੋਂ ਤੱਕ ਮਾਲਵੇ ਦੇ ਇਤਿਹਾਸਕ ਪਿਛੋਕੜ ਦਾ ਸੰਬੰਧ ਹੈ, ਇਸਦਾ ਪਿੱਛਾ ਪੁਰਾਤਨ ਕਾਲ ਨਾਲ ਜਾ ਜੁੜਦਾ ਹੈ। ਮਹਾਂਭਾਰਤ ਵਿਚ ਤਿੰਨ ਮਾਲਵਾ ਖੇਤਰਾਂ ਦਾ ਜ਼ਿਕਰ ਆਉਂਦਾ ਹੈ। ਛੇਵੀਂ ਸਦੀ ਅਤੇ ਇਸ ਤੋਂ ਪਿਛੋਂ ਭਾਰਤ ਵਿਚ ਸੱਤ ਭੂ-ਖੰਡ ਅਜਿਹੇ ਮਿਲਦੇ ਹਨ, ਜਿਹੜੇ ਮਾਲਵੇ ਦੇ ਨਾਂ ਨਾਲ ਜਾਣੇ ਜਾਂਦੇ ਹਨ।[1]

ਕਈਆਂ ਵਿਦਵਾਨਾਂ ਦਾ ਮੱਤ ਹੈ ਕਿ ਪੁਰਾਤਨ ਕਾਲ ਵਿਚ ਇਹ ਖੇਤਰ ਸਮੁੰਦਰ ਦਾ ਹੀ ਇਕ ਅੰਗ ਸੀ। ਧਰਤੀ ਅੰਦਰਲੇ ਪਰਿਵਰਤਨਾਂ ਕਰਕੇ ਇਹ ਇਲਾਕਾ ਉੱਪਰ ਉੱਠਿਆ ਅਤੇ ਇਸ ਉੱਠੇ ਹੋਏ ਭਾਗ ਨੂੰ 'ਮਾਲਵਾ' ਨਾਂ ਨਾਲ ਜਾਣਿਆ ਜਾਣ ਲੱਗ ਪਿਆ।[2]

ਬੈਨਰਜੀ ਮਾਲਵਾ ਨਾਂ ਦਾ ਇਕ ਕਬੀਲਾ ਮੰਨਦਾ ਹੈ, ਜਿਸਦਾ ਕੁਰਸੀਨਾਮਾ ਮਦਰ ਦੇਸ਼ ਦੇ ਰਾਜੇ ਅਸ਼ਵਪਤੀ ਦੀ ਪਤਨੀ ਮਾਲਵੀ ਨਾਲ ਜਾ ਜੁੜਦਾ ਹੈ। ਉਸਦੇ ਪੁੱਤਰ ਦਾ ਨਾਂ ਮਲਵਾਹਾ ਸੀ। ਉਹ ਕਸ਼ੱਤਰੀ ਸੂਰਮਾ ਸੀ ਤੇ ਉਹਦਾ ਤੇਜ

ਦੇਵਤਿਆਂ ਵਰਗਾ ਤੇ ਰੋਹਬ-ਦਾਬ ਬਹਾਦਰਾਂ ਵਰਗਾ ਸੀ। ਉਸਦੀ ਕੁਲ ਮਾਲਵਾ ਅਖਵਾਈ। ਰਾਣੀ ਮਾਲਵੀ ਬਾਰੇ ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ ਵਲੋਂ 1837 ਈ. ਵਿਚ ਛਪੀ ਮਹਾਂਭਾਰਤ ਦੀ ਕਥਾ ਦੇ ਪਰਵ ਤਿੰਨ (ਵਨਪਰਵ) ਆਧਿਆਏ 297 ਅਤੇ ਸਲੋਕ 1680 ਵਿਚ ਵੀ ਜ਼ਿਕਰ ਆਉਂਦਾ ਹੈ।[3] ਰਾਣੀ ਮਾਲਵੀ ਦੇ ਪੁੱਤਰ ਮਲਵਾਹਾ ਦੀ ਕੁਲ ਦੇ ਲੋਕਾਂ ਨੂੰ ਮੱਲ੍ਹੀ ਜਾਂ ਮਾਲੂ ਵੀ ਕਿਹਾ ਜਾਂਦਾ ਹੈ। ਯੂਨਾਨੀ ਇਤਿਹਾਸਕਾਰਾਂ ਨੇ ਇਨ੍ਹਾਂ ਲੋਕਾਂ ਨੂੰ ਮਲੋਈ ਨਾਂ ਨਾਲ ਲਿਖਿਆ ਹੈ।[4] ਜੈਪੁਰ ਰਾਜ ਵਿਚ ਕਰਕੋਟ ਨਗਰ ਵਿਚ ਵੀ ਇਨ੍ਹਾਂ ਦੀ ਇਕ ਸ਼ਾਖ ਨੇ ਆਪਣੀ ਸਲਤਨਤ ਕਾਇਮ ਕੀਤੀ ਸੀ, ਜਿਥੋਂ ਪਹਿਲੀ ਸਦੀ ਪੂ.ਈ. ਦੇ ਮਿਲੇ ਸਿੱਕਿਆਂ ਉੱਪਰ 'ਮਾਲਵਾਨ ਜਯ'/'ਮਾਲਵਗਣ ਦੀ ਜੈ' ਉਕਰਿਆ ਹੋਇਆ ਮਿਲਿਆ ਹੈ।[5] ਅੱਜ ਵੀ ਪੰਜਾਬ ਵਿਚ ਤੇ ਵਿਸ਼ੇਸ਼ ਕਰਕੇ ਮਾਲਵੇ ਦੇ ਖਿੱਤੇ ਵਿਚ ਅਨੇਕਾਂ ਪਿੰਡ ਜਿਵੇਂ ਮੱਲ੍ਹੀ, ਮਾਲੂ, ਮਲੋਈਆ, ਮੱਲਵਾਲ, ਮਾਲੂਵਾਲ, ਮੱਲ੍ਹੀਆਂ ਵਾਲਾ, ਤਲਵੰਡੀ ਮੱਲ੍ਹੀਆਂ, ਮਾਲੇਵਾਲ, ਮਾਲੋਵਾਲ, ਮੱਲ੍ਹੀਪੁਰ, ਮੱਲ੍ਹੋਕੇ, ਮੱਲਾਂਵਾਲਾ, ਮੱਲ੍ਹੀਆਣਾ, ਮੱਲ੍ਹੀਆਂ ਵਾਲਾ, ਮਾਲਕੇ, ਮਲੋਮਾਜਰਾ, ਮਲਸੀਆਂ ਆਦ ਨਾਂ ਏਸੇ ਇਤਿਹਾਸਕ ਪ੍ਰਕਰਣ ਵੱਲ ਇਸ਼ਾਰਾ ਕਰਦੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਗੁਰੂ ਗੋਬਿੰਦ ਸਿੰਘ ਨਾਲ ਜੁੜੀ ਇਕ ਦੰਤ-ਕਥਾ, ਜਿਸ ਵਿਚ ਉਨ੍ਹਾਂ ਨੇ ਮਾਲਵੇ ਦੀ ਧਰਤੀ ਨੂੰ ਹਰੀ ਭਰੀ ਹੋਣ ਦਾ ਵਰ ਦਿੱਤਾ ਸੀ, ਦਾ ਜ਼ਿਕਰ ਕਰਦੇ ਹੋਏ ਮਾਲਵਾ ਸ਼ਬਦ ਦੀ ਵਿਓਤਪਤੀ ਮਾਰੂ ਤੋਂ ਮਾਲੂ ਅਤੇ ਉਸ ਤੋਂ ਮੌਲਨਾ ਅਤੇ ਅੱਗੋਂ ਮਾਲਵਾ ਦੱਸੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਾਲਵ ਰਾਗ ਦਾ ਵੀ ਜ਼ਿਕਰ ਕੀਤਾ, ਜੋ ਪੂਰਬੀ ਠਾਟ ਦਾ ਸੰਪੂਰਨ ਰਾਗ ਹੈ। ਮਾਲਵੀ ਉਤਰ-ਪੱਛਮ ਦੀ ਇਕ ਬ੍ਰਾਹਮਣ ਜਾਤੀ ਨੂੰ ਮੰਨਿਆ ਜਾਂਦਾ ਹੈ। ਮਾਲਵਾ ਸੈਂਟਰਲ ਇੰਡੀਆ ਵਿਚ ਅਵੰਤਿ ਦੇ ਨੇੜੇ-ਤੇੜੇ ਦੇ ਇਲਾਕੇ ਨੂੰ ਮੰਨਿਆ ਹੈ, ਜਿਸ ਵਿਚ ਇੰਦੌਰ, ਭੋਪਾਲ, ਧਾਰ, ਰਤਲਾਮ, ਜੌਰਾ, ਰਾਜਗੜ੍ਹ ਅਤੇ ਨਰ ਸਿੰਘ ਗੜ੍ਹ ਆਦ ਰਿਆਸਤਾਂ ਹਨ।[6]

ਮਾਲਵਾ ਸ਼ਬਦ ਦੇ ਮੂਲ ਬਾਰੇ ਭਾਵੇਂ ਸਪਸ਼ਟ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ ਤੇ ਇਸਦੀਆਂ ਕਈ ਵਿਓਤਪਤੀਆਂ ਮਿਲਦੀਆਂ ਹਨ। ਇਕ ਵਿਓਤਪਤੀ ਸੰਸਕ੍ਰਿਤ ਮੱਲਵਤ ਅਰਥਾਤ ਮੱਲਾਂ ਜਾਂ ਪਹਿਲਵਾਨਾਂ ਵਰਗਾ ਤੋਂ ਮੰਨੀ ਜਾ ਸਕਦੀ ਹੈ।[7] ਪੁਰਾਤਨ ਇਤਿਹਾਸ ਵਿਚ ਵੀ ਮਾਲਵੇ ਬਾਰੇ ਕਈ ਗੁਆਹੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਇਕ ਹੈ 326 ਈ.ਪੂ. ਵਿਚ ਸਿਕੰਦਰ ਨੇ ਜਦੋਂ ਹਮਲਾ ਕੀਤਾ ਤਾਂ ਉਸ ਸਮੇਂ ਮੱਲ੍ਹੀ ਭਾਈਚਾਰੇ ਦੇ ਲੋਕ ਈਸਾ ਤੋਂ 1500 ਸਾਲ ਪੂਰਵ ਪੰਜਾਬ ਦੇ ਮੁਲਤਾਨ ਖੇਤਰ ਵਿਚ ਭਾਰੀ ਗਿਣਤੀ ਵਿਚ ਵੱਸਦੇ ਸਨ, ਇਥੋਂ ਇਹ ਮਾਲਵੇ ਵੱਲ ਫੈਲੇ, ਇਸ ਸਮੇਂ ਮੱਲ੍ਹੀਆਂ ਨੇ ਸਿਕੰਦਰ ਦੀ ਫ਼ੌਜ ਦਾ ਡੱਟ ਕੇ ਮੁਕਾਬਲਾ ਕੀਤਾ। ਯੂਨਾਨੀ ਫ਼ੌਜ ਇਨ੍ਹਾਂ ਨਾਲ ਲੜਨ ਤੋਂ ਬਹੁਤ ਡਰਦੀ

ਸੀ। ਇਸ ਲੜਾਈ ਵਿਚ ਸਿਕੰਦਰ ਦੀ ਫ਼ੌਜ ਦਾ ਬੜਾ ਨੁਕਸਾਨ ਹੋਇਆ ਤੇ ਸਿਕੰਦਰ ਵੀ ਜ਼ਖ਼ਮੀ ਹੋ ਗਿਆ। ਇਹ ਕੌਮ ਸੂਰਜ ਦੀ ਉਪਾਸ਼ਕ ਸੀ। ਸਿਕੰਦਰ ਦੀ ਜਿੱਤ ਪਿਛੋਂ ਮੱਲ੍ਹੀਆਂ ਆਦ ਚੌਧਰੀਆਂ ਨੇ ਸਿਕੰਦਰ ਨੂੰ ਦੱਸਿਆ ਕਿ 1000 ਸਾਲ ਤੋਂ ਉਨ੍ਹਾਂ ਦਾ ਇਥੇ ਰਾਜ ਕਾਇਮ ਹੈ। ਅੰਤ ਸਿਕੰਦਰ ਨੇ ਇਨ੍ਹਾਂ ਕਬੀਲਿਆਂ ਨਾਲ ਸਮਝੌਤਾ ਕਰ ਲਿਆ। ਯੂਨਾਨੀ ਇਤਿਹਾਸਕਾਰਾਂ ਨੇ ਇਨ੍ਹਾਂ ਨੂੰ ਮਲੋਈ ਲਿਖਿਆ। ਮਲ, ਮਲ੍ਹੀ, ਮਲੋਈ ਇਕੋ ਹੀ ਕਬੀਲਾ ਜਾਪਦਾ ਹੈ।[8]

ਮਲੋਈ ਕਬੀਲਿਆਂ ਦੇ ਆਪਣੇ ਕਾਇਮ ਕੀਤੇ ਗਣਰਾਜਾਂ ਦੇ ਹਵਾਲੇ ਵੀ ਮਿਲਦੇ ਹਨ। ਮਾਲਵਾ ਗਣਰਾਜ ਦੇ ਪੁਰਾਤਨ ਸਿੱਕਿਆਂ ਤੋਂ ਵੀ ਇਸਦੀ ਪੁਸ਼ਟੀ ਹੁੰਦੀ ਹੈ। ਪਾਣਿਨੀ ਅਨੁਸਾਰ ਮਲੋਈ ਕਬੀਲੇ ਦੇ ਲੋਕ ਕਸ਼ੱਤਰੀ ਨਹੀਂ ਸਨ ਤੇ ਨਾ ਹੀ ਬ੍ਰਾਹਮਣ ਸਨ, ਇਹ ਮੱਧ ਏਸ਼ੀਆ ਤੋਂ ਆਇਆ ਇਕ ਵੱਖਰਾ ਕਬੀਲਾ ਸੀ, ਜੋ ਬਾਅਦ ਵਿਚ ਮਾਲਵੇ ਵਿਚ ਵੱਸ ਗਿਆ। ਪ੍ਰਸਿੱਧ ਇਤਿਹਾਸਕਾਰ ਵੀ.ਏ. ਸਮਿੱਥ ਵੀ ਮਲੋਈ ਲੋਕਾਂ ਨੂੰ ਭਾਰਤ ਵਿਚ ਬਾਹਰੋਂ ਆਏ ਵਿਦੇਸ਼ੀ ਮੰਨਦਾ ਹੈ।[9] ਇਸ ਕਥਨ ਦੀ ਪੁਸ਼ਟੀ ਪ੍ਰਸਿੱਧ ਇਤਿਹਾਸਕਾਰ ਪੀ.ਸੀ. ਰਾਏ ਚੌਧਰੀ ਵੀ ਕਰਦਾ ਹੈ।[10]

ਇਕ ਹੋਰ ਵਿਦਵਾਨ ਸ਼ਾਮ ਪ੍ਰਮਾਰ ਨੇ ਮਾਲਵਾ ਜਾਤੀ ਬਾਰੇ ਗੱਲ ਕਰਦਿਆਂ ਲਿਖਿਆ ਹੈ ਕਿ ਸਿਕੰਦਰ ਦੇ ਇਤਿਹਾਸ ਲੇਖਕਾਂ ਨੇ ਮਾਲਵਾ ਨਿਵਾਸੀਆਂ ਬਾਰੇ ਅਨੇਕ ਗੱਲਾਂ ਲਿਖੀਆਂ ਹਨ। ਇਹ ਮਾਲਵ ਜਾਤੀ ਪੰਜਾਬ ਦੀ ਰਹਿਣ ਵਾਲੀ ਸੀ, ਸਿਕੰਦਰ ਦੇ ਨਾਲ ਉਨ੍ਹਾਂ ਦਾ ਸਾਹਮਣਾ ਹੋਇਆ। 150 ਪੂ.ਈ. ਤੱਕ ਇਹ ਜਾਤੀ ਪੰਜਾਬ ਦੀਆਂ ਪੰਜ ਨਦੀਆਂ ਦਾ ਪਾਣੀ ਪੀ ਕੇ ਡੰਕੇ ਵਜਾਉਂਦੀ ਰਹੀ।[11]

ਵਿਸਾਖਾ ਸਿੰਘ ਨੇ ਇਕ ਹੋਰ ਇਤਿਹਾਸਕ ਹਵਾਲਾ ਦਿੰਦਿਆਂ ਲਿਖਿਆ ਹੈ ਕਿ 150 ਵਰਸ਼ ਈ.ਪੂ. ਬਾਖ਼ਤਰ ਵਾਲਿਆਂ ਵਿਚੋਂ ਮਾਨਿੰਦਰ ਨੇ ਮਾਲਵੇ ਨੂੰ ਆਪਣੇ ਅਧਿਕਾਰ ਵਿਚ ਕਰ ਲਿਆ ਅਤੇ ਮਥਰਾ ਨੂੰ ਜਿੱਤਦਾ ਹੋਇਆ ਕਨੌਜ ਦੇ ਰਾਜੇ ਪੁਸ਼ਿਆ ਮਿੱਤਰ ਨਾਲ ਜਾ ਭਿੜਿਆ ਪਰ ਉਸ ਤੋਂ ਬੁਰੀ ਤਰ੍ਹਾਂ ਹਾਰ ਕੇ ਮੁੜ ਮਥਰਾ ਵਿਚ ਆ ਕੇ ਮਰ ਗਿਆ। ਏਸ ਦੇ ਸਮੇਂ ਥੋੜ੍ਹੇ ਜਿਹੇ ਚਿਰ ਤੱਕ ਮਾਲਵੇ ਦੇ ਗਣ ਯੂਨਾਨੀ ਰਾਜ ਹੇਠ ਸਾਂਝੀਵਾਲਤਾ ਦੇ ਰੂਪ ਵਿਚ ਰਹੇ।[12]

ਡਾ. ਬੁੱਧ ਪ੍ਰਕਾਸ਼ ਨੇ ਲਿਖਿਆ ਹੈ ਕਿ ਪੂਰਵ ਈ. ਕਾਲ ਵਿਚ ਜਦੋਂ ਸਿੰਧ ਘਾਟੀ ਦੀ ਸਭਿਅਤਾ ਬੜੀ ਦੂਰ ਤੱਕ ਫੈਲੀ ਹੋਈ ਸੀ ਤਾਂ ਵਰਤਮਾਨ ਮਾਲਵੇ ਦਾ ਇਲਾਕਾ ਵੀ ਇਸ ਵਿਚ ਸ਼ਾਮਲ ਸੀ।[13]

ਛੇਵੀਂ ਸਦੀ ਵਿਚ ਰਾਜੇ ਸਾਲਬਾਹਨ ਨੇ ਮਾਲਵੇ 'ਤੇ ਅਧਿਕਾਰ ਜਮਾਇਆ। ਉਸਦੀ ਰਾਜਧਾਨੀ ਭਾਵੇਂ ਸਿਆਲਕੋਟ ਸੀ ਪਰ ਉਸਦੇ ਇਕ ਪੁੱਤਰ ਤ੍ਰੇਹਣ ਨੇ ਸਾਲਬਾਹਨਪੁਰ ਵਰਤਮਾਨ ਨਾਗੇ ਕੀ ਸਰਾਏ ਜਾਂ ਸਰਾਏਨਾਗਾ, ਜ਼ਿਲ੍ਹਾ ਮੁਕਤਸਰ ਵਸਾ ਕੇ ਇਸਨੂੰ ਆਪਣੀ ਰਾਜਧਾਨੀ ਬਣਾ ਲਿਆ।[14] ਸਾਲਬਾਹਨ ਦੇ ਪੁੱਤਰ

ਜਨੇਰਾਂ ਨੇ ਆਪਣੀ ਪਤਨੀ ਉਬੋਧਨਾ ਕੁਮਾਰੀ (ਅੱਬੋ) ਦੇ ਨਾਂ 'ਤੇ ਅਬੋਹਰ ਵਸਾ ਕੇ ਇਸਨੂੰ ਆਪਣਾ ਟਿਕਾਣਾ ਬਣਾਇਆ।[15]

ਡਾ. ਵਣਜਾਰਾ ਬੇਦੀ ਨੇ ਇਸਦੀ ਪੁਸ਼ਟੀ ਕਰਦਿਆਂ ਲਿਖਿਆ ਹੈ ਕਿ ਅਬੋਹਰ ਵਿਚ ਕਦੇ ਇਕ ਬਹੁਤ ਵੱਡਾ ਕਿਲ੍ਹਾ ਹੁੰਦਾ ਸੀ, ਜਿਸਦੇ ਖੰਡਰ ਹੁਣ ਤੱਕ ਮਿਲਦੇ ਹਨ। ਅਬੋਹਰ ਦਾ ਪੁਰਾਣਾ ਨਾਂ ਉਭੋ-ਹਰ ਸੀ, ਜਿਸਨੂੰ ਜਨੇਰਾ ਨੇ ਆਪਣੀ ਪਤਨੀ ਉਭੋ (ਉਬੋਧਨਾ ਕੁਮਾਰੀ) ਦੇ ਨਾਂ 'ਤੇ ਪਾਣੀ ਦੇ ਛੰਬ ਕੰਢੇ ਵਸਾਇਆ ਸੀ। ਉਭੋ-ਹਰ ਵਿਚ 'ਹਰ' ਪਦ ਹੜ੍ਹ ਦੇ ਪਾਣੀ ਦਾ ਬੋਧਕ ਜਾਪਦਾ ਹੈ, ਜੋ ਕਦੇ ਏਥੇ ਛੰਬ ਦੇ ਰੂਪ ਵਿਚ ਇਕੱਠਾ ਹੋ ਗਿਆ। ਇਹ ਜਨੇਰਾ ਰਸਾਲੂ ਦਾ ਪੋਤਰਾ ਸੀ। ਇਸ ਤਰ੍ਹਾਂ ਇਸ ਪ੍ਰਾਚੀਨ ਨਗਰ ਦਾ ਸੰਬੰਧ ਪੂਰਨ ਰਸਾਲੂ ਮਾਹਲ ਨਾਲ ਜਾ ਜੁੜਦਾ ਹੈ।[16] ਇਬਨ ਬਤੂਤਾ ਨੇ ਆਪਣੀ ਭਾਰਤ ਯਾਤਰਾ ਵਿਚ ਇਸ ਨਗਰ ਦੀ ਚੜ੍ਹਤ ਬਾਰੇ ਵਿਸਥਾਰ ਨਾਲ ਵਰਨਣ ਕੀਤਾ ਹੈ।[17] ਇੰਜ ਇਹ ਸਾਰੇ ਹਵਾਲੇ ਮਾਲਵੇ ਦੀ ਪ੍ਰਾਚੀਨਤਾ ਵੱਲ੍ਹ ਸੰਕੇਤ ਕਰਦੇ ਹਨ।

ਇਸ ਪਿਛੋਂ ਹਰਸ਼ ਵਰਧਨ ਮਾਲਵੇ ਨੂੰ ਆਪਣੇ ਰਾਜ ਵਿਚ ਸ਼ਾਮਲ ਕਰਕੇ ਤਲਵੰਡੀ ਸਾਬੋ ਨੂੰ ਆਪਣੀ ਉਪ-ਰਾਜਧਾਨੀ ਬਣਾਇਆ। ਉਦੋਂ ਤੱਕ ਇਹ ਇਲਾਕਾ ਬੇਅਬਾਦ ਤੇ ਬੀਆਬਾਨ ਸੀ।[18]

ਨੌਂਵੀਂ ਸਦੀ ਵਿਚ ਇਸ ਇਲਾਕੇ ਵਿਚ ਵਰਾਹ ਜਾਤੀ ਦੇ ਲੋਕਾਂ ਦਾ ਰਾਜ ਸਥਾਪਤ ਹੋ ਗਿਆ, ਜਿਨ੍ਹਾਂ ਨੇ ਆਪਣੀ ਰਾਜਧਾਨੀ ਬਠਿੰਡਾ ਬਣਾਈ। ਏਥੇ ਹਿੰਦੂਸ਼ਾਹੀ ਖ਼ਾਨਦਾਨ ਦਾ ਰਾਜ ਹੋਣ ਦੇ ਵੀ ਹਵਾਲੇ ਮਿਲਦੇ ਹਨ।

ਦਸਵੀਂ ਸਦੀ ਦੇ ਅੰਤ ਤੱਕ ਰਾਜਾ ਜੈਪਾਲ ਨੇ ਕਨੌਜ ਦੇ ਹੁਕਮਰਾਨਾਂ ਦੀ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਬਠਿੰਡੇ ਨੂੰ ਆਪਣੀ ਰਾਜਧਾਨੀ ਬਣਾ ਲਿਆ ਅਤੇ ਸੁਤੰਤਰ ਰਾਜ ਦੀ ਨੀਂਹ ਰੱਖੀ। ਜੈਪਾਲ ਦੀ ਮੌਤ ਪਿਛੋਂ ਅਨੰਗਪਾਲ ਗੱਦੀ 'ਤੇ ਬੈਠਾ ਤੇ 1004 ਵਿਚ ਉਹ ਮੁਹੰਮਦ ਗੌਰੀ ਕੋਲੋਂ ਹਾਰ ਗਿਆ। ਉਸ ਪਿਛੋਂ ਨਿਵਾਸ਼ਾ ਸ਼ਾਹ ਗੱਦੀ 'ਤੇ ਬੈਠਾ। 1112 ਵਿਚ ਅਨੰਗਪਾਲ ਦਾ ਦੂਜਾ ਪੁੱਤਰ ਤ੍ਰਿਲੋਚਨ ਪਾਲ ਰਾਜਾ ਬਣਿਆ ਤੇ ਮੁੜ ਮਹਿਮੂਦ ਕੋਲੋਂ ਹਾਰ ਗਿਆ।

ਤੇਰ੍ਹਵੀਂ ਸਦੀ ਦੇ ਆਰੰਭ ਵਿਚ ਸ਼ੇਖ ਚਾਚੋ, ਜੋ ਹਿੰਦੂ ਤੋਂ ਇਸਲਾਮ ਗ੍ਰਹਿਣ ਕਰਕੇ ਮੁਸਲਮਾਨ ਬਣਿਆ ਸੀ, ਨੇ ਕਬਜ਼ਾ ਕਰ ਲਿਆ। ਹੌਲੀ-ਹੌਲੀ ਉਸਦੀ ਸੰਤਾਨ ਨੇ ਹਲਵਾਰਾ, ਕੋਟ ਈਸੇ ਖ਼ਾਂ, ਤਲਵੰਡੀ ਅਤੇ ਰਾਏ ਕੋਟ ਦੇ ਇਲਾਕਿਆਂ ਵਿਚ ਆਪਣੀ ਸਰਦਾਰੀ ਕਾਇਮ ਕਰ ਲਈ।

1412 ਵਿਚ ਸੱਯਦ ਖ਼ਿਜ਼ਰ ਖ਼ਾਂ ਨੇ ਮਾਲਵੇ ਸਮੇਤ ਪੰਜਾਬ 'ਤੇ ਕਬਜ਼ਾ ਕਰ ਲਿਆ। ਲੋਧੀ ਖ਼ਾਨਦਾਨ ਸਮੇਂ ਬਹਿਲੋਲ ਲੋਧੀ ਨੇ ਸ਼ੇਖ ਸਦਰ ਜਹਾਨ ਨਾਲ ਰਿਸ਼ਤੇਦਾਰੀ ਗੰਢ ਕੇ ਮਲੇਰ, ਹੰਡਿਆਇਆ, ਲੌਂਗੋਵਾਲ, ਸੰਘੇੜੇ ਤੇ ਅਮਰਗੜ੍ਹ ਆਦ ਇਲਾਕਿਆਂ 'ਤੇ ਹਕੂਮਤ ਕਾਇਮ ਕਰ ਲਈ।

ਲੋਧੀਆਂ ਵਿਰੁੱਧ ਬਾਬਰ ਦੇ ਹਮਲੇ ਸਮੇਂ ਸਿਧੂਆਂ ਵਿਚੋਂ ਇਕ ਸੰਘਰ ਨੇ ਉਹਦੀ ਹਮਾਇਤ ਕੀਤੀ। ਸੰਘਰ ਲੜਾਈ ਵਿਚ ਮਾਰਿਆ ਗਿਆ ਪਰ ਬਾਬਰ ਨੇ ਉਹਦੇ ਫ਼ਰਜ਼ੰਦ ਨੂੰ ਬੈਰਾੜਕੀ ਦੀ ਚੌਧਰ ਬਖ਼ਸ਼ ਦਿੱਤੀ। ਬਹਿਰਾਮ ਪਿਛੋਂ ਉਹਦਾ ਬੇਟਾ ਮਹਿਰਾਜ ਤੇ ਅੱਗੋਂ ਉਹਦਾ ਪੁੱਤਰ ਪਖਸਰਾਜ ਚੌਧਰੀ ਬਣੇ।

ਅਕਬਰ ਦੇ ਸਮੇਂ ਕਾਂਗੜ ਦੇ ਚੌਧਰੀ ਨੇ ਅਕਬਰ ਨਾਲ ਰਿਸ਼ਤੇਦਾਰੀ ਗੰਢ ਕੇ ਆਪਣੀ ਤਾਕਤ ਵਧਾਈ ਤੇ ਮਾਲਵੇ ਦੇ ਵਡੇਰੇ ਭਾਗ 'ਤੇ ਆਪਣਾ ਝੰਡਾ ਝੁਲਾਇਆ। ਸ਼ਾਹ ਜਹਾਨ ਨੇ ਛੋਟੀਆਂ-ਛੋਟੀਆਂ ਚੌਧਰਾਂ ਨੂੰ ਖ਼ਤਮ ਕਰਕੇ ਲੱਖੀ ਸ਼ਾਹ ਜੰਗਲ ਦੀ ਫ਼ੌਜਦਾਰੀ ਬੁਖ਼ਤਿਆਰ ਖ਼ਾਂ ਨੂੰ ਸੌਂਪੀ। 1631 ਵਿਚ ਸ਼ਾਹ ਜਹਾਨ ਦੀਆਂ ਫ਼ੌਜਾਂ ਗੁਰੂ ਹਰਗੋਬਿੰਦ ਸਾਹਿਬ ਦੀਆਂ ਫ਼ੌਜਾਂ ਨਾਲ ਭਿੜੀਆਂ ਤੇ ਉਸਨੂੰ ਕਰਾਰੀ ਹਾਰ ਹੋਈ। ਔਰੰਗਜ਼ੇਬ ਦੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸ਼ਾਹੀ ਫ਼ੌਜਾਂ ਨੂੰ ਯੁੱਧਾਂ ਵਿਚ ਕਰਾਰੀ ਹਾਰ ਦਿੱਤੀ। ਪਿਛਲੇ ਮੁਗ਼ਲ ਕਾਲ ਵਿਚ ਮਿਸਲਾਂ ਕਾਇਮ ਹੋਣ ਤੋਂ ਬਾਅਦ ਤਿੰਨ ਸਿੱਖ ਰਿਆਸਤਾਂ ਪਟਿਆਲਾ, ਨਾਭਾ, ਜੀਂਦ ਸਥਾਪਤ ਹੋਈਆਂ।

1809 ਵਿਚ ਮਹਾਰਾਜ ਰਣਜੀਤ ਸਿੰਘ ਨੇ ਫ਼ਰੀਦਕੋਟ ਸਮੇਤ ਕਈ ਇਲਾਕੇ ਆਪਣੇ ਰਾਜ ਵਿਚ ਸ਼ਾਮਲ ਕਰ ਲਏ। ਪਰ ਅੰਗਰੇਜ਼ਾਂ ਨਾਲ ਹੋਈ ਸੰਧੀ ਅਨੁਸਾਰ ਸਤਲੁਜ ਨੂੰ ਮਹਾਰਾਜੇ ਦੀ ਹੱਦ ਮੰਨ ਕੇ ਬਾਕੀ ਸਾਰੇ ਮਾਲਵੇ ਦੇ ਰਾਜਿਆਂ ਨਾਲ ਸੰਧੀ ਕਰਕੇ ਇਸਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ। ਆਜ਼ਾਦੀ ਉਪਰੰਤ ਦੇਸੀ ਰਿਆਸਤਾਂ ਮਿਲਾ ਕੇ ਪੈਪਸੂ ਦੀ ਸਥਾਪਨਾ ਕੀਤੀ ਗਈ ਪਰ 1956 ਵਿਚ ਪੈਪਸੂ ਨੂੰ ਖ਼ਤਮ ਕਰਕੇ ਸਾਰਾ ਮਾਲਵਾ ਖੇਤਰ ਇਕੱਠਾ ਕਰ ਦਿੱਤਾ ਗਿਆ। 1966 ਵਿਚ ਪੰਜਾਬ ਦੇ ਪੁਨਰਗਠਨ ਵੇਲੇ ਮਾਲਵੇ ਦਾ ਵੱਡਾ ਰਿਆਸਤੀ ਇਲਾਕਾ ਮੌਜੂਦਾ ਪੰਜਾਬ ਵਿਚ ਸ਼ਾਮਲ ਕਰ ਦਿੱਤਾ ਗਿਆ।

(ਅ)

ਸਭਿਆਚਾਰਕ ਪੱਖੋਂ ਮਾਲਵਾ ਬੜਾ ਅਮੀਰ ਹੈ ਕਿਉਂਕਿ ਪੁਰਾਤਨ ਕਾਲ ਤੋਂ ਹੁਣ ਤੱਕ ਇਸਨੇ ਅਨੇਕਾਂ ਇਤਿਹਾਸਕ ਉਤਰਾ-ਚੜ੍ਹਾ ਦੇਖੇ ਹਨ, ਜਿਸਦੇ ਨਤੀਜੇ ਵਜੋਂ ਇਸਨੇ ਦੂਜੇ ਸਭਿਆਚਾਰਾਂ ਕੋਲੋਂ ਕਈ ਕੁਝ ਲਿਆ ਹੋਵੇਗਾ ਪਰ ਇਸਦੀ ਸਭਿਆਚਾਰਕ ਪਛਾਣ ਵਿਲੱਖਣਤਾ ਦੀ ਧਾਰਨੀ ਹੈ। ਅੱਜ ਸਾਰੇ ਧਰਮਾਂ, ਜਾਤਾਂ, ਫ਼ਿਰਕਿਆਂ, ਕੌਮਾਂ ਦੇ ਲੋਕ ਮਾਲਵੇ ਦੇ ਖੇਤਰ ਵਿਚ ਵੱਸਦੇ ਹਨ ਪਰ ਬਹੁ-ਗਿਣਤੀ ਜੱਟਾਂ ਦੀ ਹੈ, ਜੋ ਵਧੇਰੇ ਕਰਕੇ ਪਿੰਡਾਂ ਵਿਚ ਵੱਸਦੇ ਹਨ। ਜੱਟਾਂ ਦੀਆਂ ਪ੍ਰਸਿੱਧ ਗੋਤਾਂ ਹਨ—ਬਰਾੜ, ਗਿੱਲ, ਢਿੱਲੋਂ, ਧਾਲੀਵਾਲ, ਮਾਨ, ਗਰੇਵਾਲ, ਸੰਧੂ, ਰੰਧਾਵੇ, ਭੁੱਲਰ, ਚਾਹਲ, ਔਲਖ, ਗੋਂਦਾਰੇ, ਸੇਖੋਂ, ਘੋਸੇ, ਸਰਾਓਂ, ਡੋਡ, ਜੋ ਇਸ ਇਲਾਕੇ ਦੇ ਪੁਰਾਤਨ ਸਮਿਆਂ ਤੋਂ ਵਸਨੀਕ ਹਨ। ਬ੍ਰਾਹਮਣਾਂ ਵਿਚ ਗੌੜ ਤੇ ਸਰਸਵਤ ਹਨ, ਜਿਨ੍ਹਾਂ ਵਿਚ ਅੱਗੋਂ ਪਾਠਕ ਤੇ ਤਿਵਾੜੀ ਮਿਲਦੇ ਹਨ। ਖੱਤਰੀਆਂ ਦੀਆਂ

ਗੋਤਾਂ ਵਿਚ ਚੋਪੜੇ, ਕੱਕੜ, ਬੇਦੀ, ਮਹਿਤੇ, ਸੋਢੀ, ਪੁਰੀ, ਦਿਓੜੇ, ਪਾਸੀ ਆਦ ਮਿਲਦੇ ਹਨ। ਅਰੋੜਿਆਂ ਵਿਚ ਸੁਖੀਜੇ, ਮੋਂਗੇ, ਸੇਠੀ, ਗਾਂਧੀ, ਚਾਵਲੇ, ਨਰੂਲੇ, ਕਟਾਰੀਆ, ਕਾਲਰਾ, ਬਜਾਜ, ਨਾਗਪਾਲ, ਗਰੋਵਰ, ਪਠੇਲੇ, ਫੁਟੇਲੇ, ਨਾਰੰਗ, ਟੱਕਰ, ਢੀਂਗਰੇ, ਸੀਕਰੀ, ਆਦ ਮਿਲਦੇ ਹਨ। ਬਾਣੀਆ ਜਾਤੀ ਵੀ ਵੱਡੀ ਗਿਣਤੀ ਵਿਚ ਮਿਲਦੀ ਹੈ। ਇਨ੍ਹਾਂ ਵਿਚ ਅਗਰਵਾਲ, ਬਾਂਸਲ ਤੇ ਸਿੰਗਲੇ ਪ੍ਰਮੁੱਖ ਹਨ। ਜੈਨੀ ਵੀ ਵੱਡੀ ਗਿਣਤੀ ਵਿਚ ਵੱਸਦੇ ਹਨ। ਬਉਰੀਏ, ਸੈਂਸੀ ਤੇ ਹੋਰ ਅਨੇਕਾਂ ਦਲਿਤ ਜਾਤੀਆਂ ਦੇ ਲੋਕ ਮਾਲਵੇ ਦੇ ਵਸਨੀਕ ਹਨ। ਪਹਿਲਾਂ ਭਾਵੇਂ ਛੂਤ-ਛਾਤ ਬਹੁਤ ਸੀ ਪਰ ਕਾਨੂੰਨ ਬਣਨ ਅਤੇ ਸਿਖਿਆ ਦੇ ਪਾਸਾਰ ਕਾਰਣ ਇਹ ਲਗਪਗ ਖ਼ਤਮ ਹੋ ਗਈ ਹੈ।

ਅੱਜ ਭਾਵੇਂ ਰਵਾਇਤੀ ਪਹਿਰਾਵੇ ਲਗਪਗ ਖ਼ਤਮ ਹੋ ਗਏ ਹਨ ਪਰ ਕਿਸੇ ਖਿੱਤੇ ਦੇ ਅਜਿਹੇ ਪਹਿਰਾਵੇ ਹਮੇਸ਼ਾਂ ਖਿੱਚ ਤੇ ਆਕਰਸ਼ਣ ਰੱਖਦੇ ਹਨ। ਮਾਲਵੇ ਵਿਚ ਆਧੁਨਿਕ ਪਹਿਰਾਵਿਆਂ ਦੇ ਨਾਲ-ਨਾਲ ਰਵਾਇਤੀ ਪਹਿਰਾਵੇ ਅਜੇ ਵੀ ਖ਼ਾਸ-ਖ਼ਾਸ ਮੌਕਿਆਂ 'ਤੇ ਪਹਿਨੇ ਜਾਂਦੇ ਹਨ। ਚੌਰਾ ਛੱਡ ਕੇ ਪੱਗ ਬੰਨਣੀ ਮਾਲਵੇ ਦੀ ਪਹਿਚਾਣ ਸੀ। ਪੁੱਠੀ ਪੱਗ ਦਾ ਵੀ ਰਿਵਾਜ਼ ਹੈ। ਔਰਤਾਂ ਵਿਚ ਘਗਰੇ ਪੁਰਸ਼ਾਂ ਵਿਚ ਚਾਦਰੇ ਲੁੰਗੀਆਂ, ਸਮੋਸੇ ਆਦ ਪਹਿਰਾਵੇ ਪ੍ਰਮੁੱਖ ਹਨ। ਮਾਲਵੇ ਦੇ ਲੋਕ ਸਾਹਿਤ ਵਿਚ ਇਸਦੀ ਇਕ ਬੜੀ ਢੁੱਕਵੀਂ ਮਿਸਾਲ ਮਿਲਦੀ ਹੈ:

ਸਾਡੇ ਪਿੰਡ ਦੇ ਮੁੰਡੇ ਦੇਖ ਲਓ, ਜਿਓਂ ਟਾਹਲੀ ਦੇ ਪਾਵੇ।
ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ, ਪਿੰਜਣੀ ਨਾਲ ਸੁਹਾਵੇ।
ਦੁੱਧ ਕਾਸ਼ਨੀ ਬੰਨ੍ਹਦੇ ਸਾਫੇ, ਜਿਉਂ ਉਡਿਆ ਕਬੂਤਰ ਜਾਵੇ।
ਮਲਮਲ ਦੇ ਕੁੜਤੇ ਸੋਂਹਦੇ, ਜਿਉਂ ਬਗਲਾ ਤਲਾ ਵਿਚ ਨਾਵੇ।
ਗਿੱਧਾ ਪਾਉਂਦੇ ਮੁੰਡਿਆਂ ਦੀ, ਸਿਫ਼ਤ ਕਰੀ ਨਾ ਜਾਵੇ।

ਗਹਿਣੇ ਸਭਿਆਚਾਰ ਦਾ ਵਿਸ਼ੇਸ਼ ਅੰਗ ਮੰਨੇ ਜਾਂਦੇ ਹਨ। ਇਨ੍ਹਾਂ ਨਾਲ ਅਨੇਕਾਂ ਤਰ੍ਹਾਂ ਦਾ ਲੋਕ ਸਾਹਿਤ ਤੇ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ। ਔਰਤਾਂ ਵਿਚ ਮੱਥੇ ਤੇ ਸਿਰ ਲਈ ਸੱਗੀ ਫੁੱਲ, ਸ਼ਿੰਗਾਰ ਪੱਟੀ, ਕਲਿੱਪ, ਕੰਨਾਂ ਲਈ ਕੋਕਰੂ, ਝੁੰਮਕੇ, ਡੰਡੀਆਂ, ਮੁਰਕੀਆਂ, ਬੁਜਲੀਆਂ, ਪਿੱਪਲ ਪੱਤੀਆਂ, ਨੱਕ ਲਈ ਤੀਲੀ, ਲੌਂਗ, ਕੋਕਾ, ਨੱਥ, ਮੱਛਲੀ, ਗਲ ਲਈ ਹੱਸ, ਕੰਢੀ, ਗੁਲੂਬੰਦ, ਗਾਨੀ, ਹਾਰ, ਤੱਗਾ, ਤਵੀਤ, ਛਿੰਗ, ਤਵੀਤ ਤੇ ਜੰਜੀਰੀ, ਗੁੱਟ ਲਈ ਕੰਗਣ, ਚੂੜੀਆਂ, ਗਜਰੇ, ਚੂੜਾ, ਘੜੀ ਚੂੜੀ, ਉਂਗਲਾਂ ਲਈ ਮੁੰਦਰੀ, ਛਾਪਾਂ ਛੱਲੇ, ਪੈਰਾਂ ਲਈ ਪਟੜੀਆਂ, ਸ਼ਕੁੰਤਲਾ ਚੈਨ, ਪੰਜੇਬਾਂ ਤੇ ਝਾਂਜਰਾਂ, ਮੱਥੇ 'ਤੇ ਬਿੰਦੀ, ਸੋਨੇ ਦੇ ਬਟਨ, ਦੰਦਾਂ ਲਈ ਮੇਖਾਂ, ਅੱਖਾਂ ਲਈ ਸੁਰਮਾ, ਬੁੱਲ੍ਹਾਂ 'ਤੇ ਸੱਕ ਮਲਣ ਸਭ ਹਾਰ ਸ਼ਿੰਗਾਰ ਦੇ ਸਾਧਨ ਹਨ। ਦੀਰਨੀ ਕੱਢਣੀ, ਮੀਂਢੀਆਂ ਗੁੰਦਵਾਉਣੀਆਂ, ਗੁੱਤ ਜੂੜਾ ਤੇ ਮੱਥੇ, ਗਲੇ, ਬੁੱਲ੍ਹ, ਡੌਲੇ, ਬਾਹਾਂ, ਵੀਣੀ, ਗੁੱਟ, ਪਿੰਜਣੀਆਂ ਛਾਤੀ 'ਤੇ ਮੋਰ-ਮੋਰਨੀਆਂ ਤੇ ਫੁੱਲ ਬੂਟੇ

ਖੁਣਵਾਉਣ ਦਾ ਰਿਵਾਜ ਸੀ। ਪੁਰਸ਼ਾਂ ਦੇ ਗਹਿਣਿਆਂ ਵਿਚ ਕੰਨਾਂ ਵਿਚ ਨੱਤੀਆਂ ਮੁਰਕੀਆਂ, ਕੈਂਠਾ, ਤਵੀਤੜੀਆਂ, ਕੰਗਣ, ਮੁੰਦਰਾਂ ਤੇ ਛਾਪਾਂ ਦਾ ਰਿਵਾਜ ਮਿਲਦਾ ਹੈ। ਅੱਜਕਲ੍ਹ ਪੁਰਸ਼ ਕੜੇ ਹੀ ਪਾਉਂਦੇ ਹਨ।

ਮੇਲਿਆਂ ਵਿਚ ਫ਼ਰੀਦਕੋਟ ਦਾ ਦੁਸਹਿਰਾ, ਮੁਕਤਸਰ ਦਾ ਮਾਘੀ ਦਾ ਮੇਲਾ, ਫ਼ਰੀਦ ਆਗਮਨ ਪੁਰਬ, ਵਿਸਾਖੀ, ਹੋਲਾ-ਮਹੱਲਾ, ਰੋਸ਼ਨੀ ਤੇ ਛਪਾਰ ਹੋਰ ਕਈ ਪ੍ਰਕਾਰ ਦੇ ਮੇਲੇ ਪ੍ਰਸਿੱਧ ਹਨ।

ਲੋਕ ਖੇਡਾਂ ਵੀ ਕਿਸੇ ਖਿੱਤੇ ਦੀ ਪਹਿਚਾਣ ਹੁੰਦੀਆਂ ਹਨ। ਬੱਚੇ ਕੋਟਲਾ, ਕੁਟਾਈ, ਗੁੱਲੀ-ਡੰਡਾ ਖੇਡਦੇ ਹਨ। ਗੱਭਰੂ ਕੌਡੀ, ਸੌਂਚੀ, ਗਤਕਾ, ਰੱਸਾਕਸ਼ੀ, ਕੁਸ਼ਤੀ ਤੇ ਮੁਗਦਰ ਚੁੱਕਣੇ ਆਦ ਖੇਡਾਂ ਨਾਲ ਮਨ ਪਰਚਾਉਂਦੇ ਹਨ। ਵਡੇਰੀ ਉਮਰ ਦੇ ਲੋਕ ਬਾਰਾਂ ਟਹਿਣਾ, ਪਾਸਾ ਆਦ ਖੇਡਾਂ ਖੇਡਦੇ ਹਨ। ਕੁੜੀਆਂ ਗੁੱਡੀਆਂ ਪਟੋਲੇ, ਖਿੱਦੋ ਤੇ ਗੀਟਿਆਂ ਨਾਲ ਖੇਡਾਂ ਖੇਡਦੀਆਂ ਹਨ। ਹੋਰ ਲੋਕ ਖੇਡਾਂ ਵਿਚ ਲੁਕਣ-ਮੀਟੀ, ਸ਼ੱਕਰ ਭਿੱਜੀ, ਕਾਵੀ ਟੁਕੜਾ, ਠੀਕਰੀਆਂ ਅਟੋਰਨ, ਬਾਰਾਂ ਟੈਣੀ, ਪੂਰ ਨੱਕਾ, ਕਲੀ ਜੋਟਾ ਤੇ ਤਾਸ਼ ਦੀਆਂ ਖੇਡਾਂ ਵਿਚ ਬਾਦਸ਼ਾਹ ਕੁੱਟ, ਗੋਲਾ ਕੁਟ, ਸੀਪ, ਦਿਓਰ-ਭਾਬੀ, ਪੱਤਾ ਚੁੱਕਣ ਆਦ ਖੇਡੀਆਂ ਜਾਂਦੀਆਂ ਹਨ।

ਖਾਣ-ਪੀਣ ਦਾ ਸੰਬੰਧ ਮਨੁੱਖ ਦੇ ਵਾਤਾਵਰਣ ਤੇ ਉਪਜ ਨਾਲ ਹੁੰਦਾ ਹੈ। ਮਾਲਵੇ ਵਿਚ ਅੱਜ ਵੀ ਰਵਾਇਤੀ ਖਾਣੇ ਪ੍ਰਚੱਲਤ ਹਨ, ਜਿਨ੍ਹਾਂ ਵਿਚ ਲੋਕ ਮਿੱਸੀ ਰੋਟੀ, ਲੱਸੀ, ਮੱਖਣ ਤੇ ਤਿਉਹਾਰਾਂ ਸਮੇਂ ਮਿੱਠੇ ਚੌਲ ਤੇ ਸੇਵੀਆਂ ਆਦ ਪਕਾਉਂਦੇ ਹਨ। ਮੱਕੀ ਜਾਂ ਛੋਲਿਆਂ ਦੇ ਦਾਣੇ, ਕਣਕ ਦੇ ਮਰੂੰਡੇ ਤੇ ਬਰਸਾਤ ਦੇ ਮੌਸਮ ਵਿਚ ਖੀਰ ਪੂੜੇ ਤੇ ਗੁਲਗੁਲੇ ਪਕਾਏ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਵੀ ਕਈ ਪ੍ਰਕਾਰ ਦੇ ਖਾਣੇ ਪਕਾਉਣ ਦਾ ਰਿਵਾਜ ਹੈ।

ਰਸਮੋਂ-ਰਿਵਾਜ ਕਿਸੇ ਵੀ ਸਭਿਆਚਾਰ ਦਾ ਅਭਿੰਨ ਅੰਗ ਹੁੰਦੇ ਹਨ ਤੇ ਸਮਿਆਂ ਦੀ ਬਦਲਦੀ ਤੋਰ ਨਾਲ ਇਨ੍ਹਾਂ ਵਿਚ ਵਾਧਾ ਘਾਟਾ ਹੁੰਦਾ ਰਹਿੰਦਾ ਹੈ। ਮਾਲਵੇ ਵਿਚਲੀਆਂ ਰਸਮਾਂ ਵਿਚ ਗਰਭ ਸੰਸਕਾਰ, ਗੁੜ੍ਹਤੀ, ਜਨਮ-ਪੱਤਰੀ, ਨਾਂ ਰੱਖਣਾ, ਬਾਹਰ ਵਧਾਉਣ, ਛਟੀ, ਮੁੰਡਨ ਸੰਸਕਾਰ, ਮੰਗਣਾ, ਵੱਟਣਾ, ਗਾਨਾ, ਸੁਹਾਗ ਪਿਟਾਰੀ, ਜੰਜ ਬੰਨਣੀ, ਸਿੱਠਣੀਆਂ, ਗੋਤ ਕਨਾਲਾ, ਪੇਟੀ ਖੁਲਾਈ ਤੇ ਮੌਤ ਨਾਲ ਸੰਬੰਧਤ ਅਨੇਕਾਂ ਰਸਮਾਂ ਤੇ ਵਹਿਮ ਭਰਮ ਮੰਨੇ ਜਾਂਦੇ ਹਨ। ਬੱਚਿਆਂ ਨੂੰ ਨਜ਼ਰ ਤੋਂ ਬਚਾਉਣ ਲਈ ਕਈ ਉਪਾਅ ਕੀਤੇ ਜਾਂਦੇ ਹਨ। ਪਸ਼ੂਆਂ ਦੀਆਂ ਬਿਮਾਰੀਆਂ ਲਈ ਵੀ ਕਈ ਵਹਿਮ ਭਰੇ ਇਲਾਜ ਮੰਨੇ ਜਾਂਦੇ ਹਨ। ਦਿਨ-ਦਿਹਾਰਾਂ ਅਤੇ ਬ੍ਰਹਿਮੰਡੀ ਸ਼ਕਤੀਆਂ ਬਾਰੇ ਵੀ ਅਨੇਕਾਂ ਵਹਿਮ-ਭਰਮ ਪੂਜਾ ਵਿਧੀਆਂ ਤੇ ਵਰਤ ਵਿਹਾਰ ਕੀਤੇ ਜਾਂਦੇ ਹਨ।

(ੲ)

ਮਾਲਵੇ ਦੇ ਖੇਤਰ ਵਿਚ ਬੋਲੀ ਜਾਂਦੀ ਭਾਸ਼ਾ ਨੂੰ ਮਲਵਈ ਕਿਹਾ ਜਾਂਦਾ ਹੈ।

ਹੁਣ ਤੱਕ ਇਸਨੂੰ ਪੰਜਾਬੀ ਦੀ ਇਕ ਉਪ-ਬੋਲੀ ਦੇ ਤੌਰ 'ਤੇ ਹੀ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ। ਅੱਜ ਜਦੋਂ ਮਾਝੀ ਵੰਡੀ ਗਈ ਹੈ ਤੇ ਸਰਹੱਦ 'ਤੇ ਹੋਣ ਕਰਕੇ ਉਹਦਾ ਵਿਕਾਸ ਰੁਕ ਗਿਆ ਹੈ, ਇਸ ਕਰਕੇ ਮਲਵਈ ਦੀ ਸਾਰਥਕਤਾ ਵੱਧ ਗਈ ਹੈ। ਹੋ ਸਕਦਾ ਹੈ ਜਿਵੇਂ ਕਿਸੇ ਸਮੇਂ ਵਪਾਰ ਤੇ ਵਿਦਿਆ ਦੇ ਕੇਂਦਰ ਮੁਲਤਾਨ ਵਿਚ ਹੋਣ ਕਰਕੇ ਮੁਲਤਾਨੀ ਨੂੰ ਪੰਜਾਬੀ ਦੀ ਮਿਆਰੀ ਭਾਸ਼ਾ ਹੋਣ ਦਾ ਮਾਣ ਹਾਸਲ ਸੀ। ਫਿਰ ਜਿਉਂ ਹੀ ਰਾਜਨੀਤੀ ਤੇ ਵਪਾਰਕ ਸਰਗਰਮੀਆਂ ਦਾ ਕੇਂਦਰ ਲਾਹੌਰ ਬਣ ਗਿਆ ਤਾਂ ਲਾਹੌਰੀ ਅਥਵਾ ਮਾਝੀ ਮਿਆਰੀ ਭਾਸ਼ਾ ਬਣ ਗਈ। ਅੱਜ ਸਾਰਾ ਫ਼ੋਕਸ ਮਾਲਵੇ ਦੇ ਖੇਤਰ 'ਤੇ ਹੈ। ਇਸ ਲਈ ਮਲਵਈ ਦੇ ਮਿਆਰੀ ਭਾਸ਼ਾ ਬਣਨ ਲਈ ਅੱਜ ਉਚਿਤ ਮੌਕੇ ਬਣ ਗਏ ਹਨ। ਮਾਲਵੇ ਦੇ ਖਿੱਤੇ ਵਿਚ ਰਚੇ ਜਾ ਰਹੇ ਸਾਹਿਤ ਨੇ ਮਲਵਈ ਭਾਸ਼ਾ ਦੀ ਸਮਰੱਥਾ ਨੂੰ ਪ੍ਰਗਟ ਕੀਤਾ ਹੈ ਤੇ ਅੱਜ ਇਨ੍ਹਾਂ ਲੇਖਕਾਂ ਦੀ ਇਕ ਲੰਬੀ ਕਤਾਰ ਹੈ। ਏਸੇ ਭਾਸ਼ਾ ਸਦਕਾ ਅੱਜ ਪੰਜਾਬੀ ਨੂੰ ਸਾਹਿਤ ਅਕਾਦਮੀ ਤੇ ਗਿਆਨਪੀਠ ਵਰਗੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਹੈ।

ਮਾਲਵੇ ਦੀ ਪ੍ਰਾਚੀਨਤਾ ਦਾ ਸਿੱਟਾ ਹੀ ਹੈ ਕਿ ਮਲਵਈ ਬੋਲੀ ਵਿਚ ਪੁਰਾਣੀ ਵੈਦਿਕ ਭਾਸ਼ਾ ਦੇ ਕਾਫ਼ੀ ਸ਼ਬਦ ਸੰਭਾਲੇ ਹੋਏ ਹਨ। ਬੂਹੇ ਦੇ ਅਰਥ ਵਿਚ ਪੰਜਾਬੀ ਵਿਚ ਦਰ, ਦਰਵਾਜ਼ਾ, ਦੁਆਰਾ, ਦੁਆਰ, ਦੁਵਾਰ ਕਈ ਸ਼ਬਦ ਹਨ ਪਰ ਬੂਹੇ ਦੇ ਅਰਥ ਵਿਚ 'ਬਾਰ' ਇਕ ਅਜਿਹਾ ਸ਼ਬਦ ਹੈ, ਜੋ ਵੈਦਿਕ ਭਾਸ਼ਾ ਵਿਚ ਮਿਲਦਾ ਹੈ। ਮਲਵਈ ਦਾ ਪਰੂੰ ਪਰਾਰ ਸ਼ਬਦ ਵੈਦਿਕ ਭਾਸ਼ਾ 'ਪਰਾਰਿੰ ਦਾ ਅਜੋਕਾ ਰੂਪ ਹੈ। ਮਲਵਈ ਵਿਚ ਸਮਾਂ ਦਾ ਅਰਥ ਵਰ੍ਹਾ ਹੈ ਕਾਲ ਜਾਂ ਵਕਤ ਨਹੀਂ। ਇਸੇ ਅਰਥ ਵਿਚ 'ਸਮਾ' ਸ਼ਬਦ ਰਿਗਵੇਦ ਵਿਚ ਮਿਲਦਾ ਹੈ।[20]

ਮਲਵਈ ਦੇ ਖੇਤਰ ਵਿਚ ਬਠਿੰਡਾ, ਫ਼ਿਰੋਜ਼ਪੁਰ, ਸੰਗਰੂਰ, ਫ਼ਰੀਦਕੋਟ, ਮੋਗਾ, ਮੁਕਤਸਰ, ਮਾਨਸਾ, ਲੁਧਿਆਣਾ ਜ਼ਿਲ੍ਹੇ ਪੂਰੇ, ਪਟਿਆਲੇ ਜ਼ਿਲ੍ਹੇ ਦਾ ਪੱਛਮੀ ਭਾਗ, ਫ਼ਾਜ਼ਿਲਕਾ ਵਾਲੀ ਗੁੱਠ ਤੋਂ ਪਾਰ ਮੈਕਲੋਡਗੰਜ, ਮਿੰਚਨਾਬਾਦ, ਬਹਾਵਲਪੁਰ (ਪਾਕਿਸਤਾਨ) ਵਿਚ ਮਲਵਈ ਬੋਲੀ ਜਾਂਦੀ ਹੈ।[21]

ਡਾ. ਬਲਦੇਵ ਰਾਜ ਗੁਪਤਾ (1980:121) ਨੇ ਲਿਖਿਆ ਹੈ ਕਿ ਮਾਝੀ ਦੇ ਇਲਾਕੇ ਵਿਚ ਖੜੋ ਕੇ ਪਾਕਿਸਤਾਨ ਦੇ ਸਿਆਲਕੋਟ ਅਤੇ ਗੁਜਰਾਂਵਾਲਾ ਜ਼ਿਲ੍ਹਿਆਂ ਦੀ ਤਰਫ਼ ਪਿੱਠ ਕਰਕੇ ਅਤੇ ਮਾਝੀ ਦੇ ਦੱਖਣ ਵਲ ਮੂੰਹ ਕਰਕੇ ਝਾਤੀ ਮਾਰਿਆਂ ਮਲਵਈ ਹੀ ਮਲਵਈ ਵਿਖਾਈ ਦੇਂਦੀ ਹੈ।

ਮਲਵਈ ਵਿਚ 28 ਵਿਅੰਜਨ ਅਤੇ 10 ਸੁਰ ਧੁਨੀਆਂ ਮਿਲਦੀਆਂ ਹਨ। ਮਲਵਈ ਦੀਆਂ ਕੁਝ ਵਿਸ਼ੇਸ਼ ਭਾਸ਼ਾਈ ਵੱਖਰਤਾਵਾਂ ਇਸ ਪ੍ਰਕਾਰ ਹਨ :

(ੳ) ਮਲਵਈ ਦੇ ਬਹੁਤ ਸਾਰੇ ਸ਼ਬਦਾਂ ਵਿਚ ਸੁਰ ਲੋਪ ਮਿਲਦਾ ਹੈ ਜਿਵੇਂ :

/ੁ/ ਦਾ ਲੋਪ : ਮਕਾਓ-ਮੁਕਾਓ, ਅਲਾਂਘ-ਉਲਾਂਘ
ਅਮੈਦ-ਉਮੀਦ, 'ਪਦੇਸ਼-ਉਪੇਦਸ਼

/ਇ/ ਦਾ ਲੋਪ : ਹਸਾਬ-ਹਿਸਾਬ, 'ਕੱਠੇ-ਇਕੱਠੇ
ਬਗਾਨੀ-ਬਿਗਾਨੀ, 'ਤਰਾਜ਼-ਇਤਰਾਜ਼

/ਅ/ ਦਾ ਲੋਪ : ਗੂਠਾ-ਅੰਗੂਠਾ, 'ਵਾਜ਼-ਅਵਾਜ਼
ਚਰਜ-ਅਚਰਜ, 'ਖਾੜਾ-ਅਖਾੜਾ

(ਅ) /ਵ/ ਨੂੰ /ਮ/ ਤੇ /ਬ/ ਵਿਚ ਵਟਾਂਦਰੇ ਦੀ ਰੁਚੀ :
ਤੀਮੀ-ਤੀਵੀਂ, ਕੜਮਾਂ-ਕੜਵਾ, ਸਤਮੇਂ-ਸਤਵੇਂ, ਕਿਮੇਂ-ਕਿਵੇਂ
ਬਿਸ਼ਨੂੰ-ਵਿਸ਼ਨੂੰ, ਬਿਦਿਆ-ਵਿਦਿਆ, ਬੇਦ-ਵੇਦ, ਬਖਤ-ਵਖਤ

(ੲ) /ਸ/ ਨੂੰ /ਸ਼/ ਤੇ /ਛ/ ਵਿਚ ਵਟਾਂਦਰੇ ਦੀ ਰੁਚੀ :
ਕਿਸ਼ਮਾਂ-ਕਿਸਮਾਂ, ਸ਼ੈਂਕਲ-ਸਾਈਕਲ, ਮੁਸ਼ਕੜੀਏ-ਮੁਸਕੜੀਏ
ਛਿਤਮ-ਸਿਤਮ, ਕਿਛਮਾਂ-ਕਿਸਮਾਂ, ਛਾਸ਼ਤਰ-ਸ਼ਾਸਤਰ

(ਸ) /ਲ/ ਨੂੰ /ਨ/ ਵਿਚ ਵਟਾਂਦਰੇ ਦੀ ਰੁਚੀ :
ਲੰਘਣਾ-ਨੰਘਣਾ, ਲੂਣ-ਨੂਣ

(ਹ) /ੂ/ ਦੀ ਵਧੇਰੇ ਵਰਤੋਂ :
ਕਰੂ, ਜਾਊ, ਖਾਊ, ਪੀਊ, ਜਾਊਂਗਾ, ਖਾਊਂਗਾ, ਕਹੂੰਗਾ, ਵੇਚੂੰ,
ਫਿਰੂੰਗਾ, ਦਸੂੰਗਾ।

(ਕ) ਅਕਾਰਨ ਨਾਸਿਕਤਾ :
ਕਰੋਂਗੇ, ਛਕੋਂਗੇ, ਕਿਮੇਂ, ਹੋਮੇਂਗਾ, ਰਹਿਪੇਂਗਾ, ਸੌਊਂਗਾ, ਜਵਾਂ, ਦੂੰਗਾ,
ਪੁਛਲੀਂ, ਰਹੀਂਦੈ।

(ਖ) ਵਿਸ਼ੇਸ਼ ਪੜਨਾਂਵ :
ਥੋਡਾ/ਠੋਡਾ/ਥੁਆਡਾ/ਸੋਡਾ/ਥੋਨੂੰ/ਥੁਆਨੂੰ/ਸੋਨੂੰ/ਤੈਂ/

(ਗ) ਸੰਬੰਧ ਸੂਚਕ ਸੰਬੰਧਕ :
ਸਰੂਪੇ ਕੇ ਲਾਣੇ/ਤੂੜੀ ਕੇ ਭਰੇ ਮੂਰੇ/ਜੈ ਰਾਮ ਕਾ ਖੇਤ/ਧਰਮ ਕੀ ਬਾਤ/
ਪਰਸੇ ਕੇ ਬਾਰ ਅੱਗੇ/ਘਰ ਕੀ ਗਹਿਣ/ਸੱਚ ਕਾ ਚਾਨਣ/

(ਘ) ਮਲਵਈ ਵਿਚ ਕਾਰਕੀ ਸੰਬੰਧਕ ਮਿਲਦੇ ਹਨ ਜਦ ਕਿ ਮਾਝੀ ਵਿਚ
ਕਾਰਕੀ ਪਿਛੇਤਰ :

ਮਾਝੀ	**ਮਲਵਈ**
ਬੱਸੇ ਚੜ੍ਹਿਆ	ਬੱਸ ਤੇ ਚੜ੍ਹਿਆ
ਸਕੂਲੇ ਗਿਆ	ਸਕੂਲ ਨੂੰ ਗਿਆ
ਡਾਕੇ ਘੱਲੀ	ਡਾਕੇ 'ਚ ਘੱਲੀ
ਹੱਥੀਂ ਕੀਤਾ	ਹੱਥਾਂ ਨਾਲ ਕੀਤਾ
ਹੱਥੋਂ ਡਿੱਗੀ	ਹੱਥ 'ਚੋਂ ਡਿੱਗੀ

(ਙ) ਕਰਮਣੀ ਵਾਚ: ਨਹੀਂ ਕਰੀਂਦਾ, ਨਹੀਂ ਖਾਈਦਾ, ਨਹੀਂ ਪੜੀਦਾ।

(ਚ) ਭੂਤ ਕ੍ਰਿਦੰਤ: ਗੁੰਨਿਆ, ਰਿੰਨਿਆ, ਰੁਸਿਆ, ਵੇਖਿਆ, ਨੱਸਿਆ, ਸਿਆਣਿਆ।

(ਛ) ਤਕੀਆ ਕਲਾਮ ਦੀ ਵਰਤੋਂ: ਨੋਂ ਜਾਣੀਏ, ਬਣਾਈ, ਮਖ, ਮਖਿਆ, ਜਮਾਂ ਈ, ਸੋਬਤੀ, ਛਈ ਦੇਣੇ, ਖਬਣੀਂ, ਕੇਰਾਂ, ਊਈਂ, ਐਮੇ।

(ਜ) ਗਾਲ੍ਹਾਂ ਦੀ ਵਰਤੋਂ: ਮਾਂ ਦੇਣਿਓ/ਮਾਂ ਦਿਆ ਖਸਮਾਂ/ਪਤੰਦਰ/ਸਾਲਾ/ ਕੁੱਤੇ ਦਾ ਬੀ/ਸਾਲਾ ਟੋਹਟਾ/ਸਾਲੀ ਕਬੀਲਦਾਰੀ/ਦਾਦੀ ਦਿਆ ਖਸਮਾ/ ਮੇਰੇ ਪਿਓ ਦਾ ਸਾਲਾ/ਕੰਜਰ

(ਝ) ਸਮੇਂ ਦੀ ਵੰਡ:

ਮਲਵਈ	**ਮਾਝੀ**
ਸਾਝਰੇ/ਸਿਦਿੰਹਾ	ਸੁਵੱਖਤੇ
ਤੜਕਾ/ਤੜਕਸਾਰ/ਸਵੇਰਾ	ਪ੍ਰਭਾਤ/ਸੁਬ੍ਹਾ/ਸਵੇਰਾ
ਲੋ ਪਾਟੀ/ਮੂੰਨ੍ਹੇਰਾ	ਪਹੁਫੁਟੀ/ਮੂੰਹ ਝਾਖਰਾ
ਹਾਜ਼ਰੀ/ਲੱਸੀ ਵੇਲਾ	ਛਾਹ ਵੇਲਾ
ਤਿਖੜ ਦੁਪੈਹਰਾ	ਦੁਪੈਹਰ
ਭੱਤੇ ਵੇਲਾ	ਰੋਟੀ ਵੇਲਾ
ਦਿਨ ਢਲੇ/ਢਲਦਾ ਵੇਲਾ/ਆਥਣ	ਤ੍ਰਿਕਾਲਾਂ/ਸ਼ਾਮਾਂ/ਲੌਢਾ ਵੇਲਾ
ਖੌਂਪੀਆ/ਖਾਊਪੀਆ	ਡੂੰਘੀ ਸ਼ਾਮ/ਸੰਝ/ਸਾਂਝ
ਰਾਤ	ਰਾਤਰੀ

(ਞ) ਪਰਸਰਗ: ਥਾਣੀਂ (ਰਾਹੀਂ), ਖੁਣੋਂ (ਬਿਨਾ), ਕੰਨੀ (ਵਲ)

(ਟ) ਵਿਸ਼ੇਸ਼ ਸ਼ਬਦਾਵਲੀ: ਮੂਹਰੇ, ਬਾਹਲਾ, ਢੱਟਾ, ਲਵੇ, ਬਾਈ, ਬੋਤਾ, ਬੁੜੀ, ਠਿੱਬੀ, ਹਰਾਸ, ਮੂਕਾ, ਸਮੋਸਾ, ਸਕੀਰੀ, ਦਸੌਂਟਾ, ਖੰਘਰ, ਧਲਿਆਰਾ, ਘੁੰਗਰਾਲਾਂ, ਟਕੋਰਾਂ, ਸਲੰਘਾਂ, ਢਾਂਡੀ, ਸੀਖ, ਭਤੀਜ, ਜੁੰਡੇ, ਫਿਟਕ, ਮੁਚਰ, ਸੇਪੀ, ਦੁਲੜਾ, ਲਿਓੜ, ਚਾਘੀ, ਚਿਪੀਆਂ, ਮ੍ਹੈਸ, ਸੀੜ, ਖੁਰਜੀਆਂ, ਧੁੰਨਲ, ਕਰੰਗਾ, ਛਤੜੇ, ਘੁਮੇਰ, ਕਚੀਰਾ, ਆਂਗਸ, ਜੱਕੜ, ਲਾਚੜਨਾ, ਹਾਸੜ, ਢਾਰਾ, ਝੱਜੂ, ਬਿੜਕ, ਸੌਤਾ, ਵਿੜ੍ਹੀ, ਛੂਕਾ, ਜ਼ੈਲ।

ਇਸ ਸੰਖੇਪ ਜਿਹੇ ਸਰਵੇਖਣ ਤੋਂ ਮਾਲਵੇ ਦੇ ਇਤਿਹਾਸ, ਸਭਿਆਚਾਰ ਤੇ ਭਾਸ਼ਾ ਦੀ ਚੜ੍ਹਤ ਦਾ ਪਤਾ ਲੱਗਦਾ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਡੂੰਘੇਰੀ ਖੋਜ ਕਰਕੇ ਪੁਰਾਤਨ ਕੜੀਆਂ ਨੂੰ ਜੋੜ ਕੇ ਅਸੀਂ ਇਨ੍ਹਾਂ ਕੋਟੀਆਂ ਦੀ ਥਾਹ ਪਾ ਸਕਦੇ ਹਾਂ। ਲੋਕਾਂ ਨੇ ਜਿਸ ਖ਼ਜ਼ਾਨੇ ਨੂੰ ਸਦੀਆਂ ਤੋਂ ਸਾਂਭ ਕੇ ਰੱਖਿਆ ਹੋਇਆ ਹੈ, ਲੋੜ ਹੈ ਉਸਨੂੰ ਸੰਭਾਲਣ ਦੀ। ਅੱਜ ਜਦੋਂ ਅਸੀਂ ਗਲੋਬਲਾਈਜੇਸ਼ਨ ਦੀ

ਪ੍ਰਕਿਰਿਆ ਵਿਚ ਦਾਖ਼ਲ ਹੋ ਗਏ ਹਾਂ ਤਾਂ ਸਾਨੂੰ ਆਪਣੇ ਉਪ ਸਭਿਆਚਾਰ, ਇਤਿਹਾਸ ਤੇ ਭਾਸ਼ਾਵਾਂ ਦੀ ਪਛਾਣ ਨੂੰ ਮੁੜ ਤੋਂ ਸਥਾਪਤ ਕਰਕੇ ਇਸਦੀ ਅਮੀਰੀ ਨੂੰ ਅਗਰਭੂਮਿਤ ਕਰਨਾ ਪਵੇਗਾ ਤਾਂ ਹੀ ਅਸੀਂ ਆਪਣੀ ਨਿਖੜਵੀਂ ਹੋਂਦ ਦੀ ਪਛਾਣ ਕਾਇਮ ਕਰ ਸਕਾਂਗੇ।

ਹਵਾਲੇ ਤੇ ਟਿੱਪਣੀਆਂ

1. S.N. Bennerji, History of Patiala, (Pb. Uni. Ext. Lib., Ludiana), p.9.
2. ਵਿਸਾਖਾ ਸਿੰਘ ਸੰਤ ਸਿਪਾਹੀ, ਮਾਲਵਾ ਇਤਿਹਾਸ, ਭੂਮਿਕਾ, ਪੰਨਾ 12.
3. S.N. Bennerji, History of Patiala, (Pb. Uni. Ext. Lib., Ludiana), p. 8, 9.
4. ਵਾਸਦੇਵ ਸ਼ਰਨ ਅਗਰਵਾਲ, ਪਾਣਿਨੀ ਕਾਲੀਨ ਭਾਰਤ ਵਰਸ਼, ਪੰਨਾ 465.
5. ਵਿਸਾਖਾ ਸਿੰਘ ਸੰਤ ਸਿਪਾਹੀ, ਮਾਲਵਾ ਇਤਿਹਾਸ, ਭੂਮਿਕਾ, ਪੰਨਾ 15.
6. ਮਹਾਨ ਕੋਸ਼, ਪੰਨਾ 967.
7. ਪ੍ਰੇਮ ਪ੍ਰਕਾਸ਼ ਸਿੰਘ, ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, (ਭਾਗ ਦੂਜਾ ਤੇ ਤੀਜਾ), ਪੰਨਾ 123.
8. ਹੁਸ਼ਿਆਰ ਸਿੰਘ ਦੁਲੇਹ, ਜੱਟਾਂ ਦਾ ਇਤਿਹਾਸ, ਪੰਨਾ 152.
9. ਉਹੀ, ਪੰਨਾ 153.
10. P.C. Rai Chaudhry, An Advance History of India, pp 65,67.
11. ਸ਼ਾਮ ਪ੍ਰਮਾਰ, ਮਾਲਵੀ ਲੋਕ ਗੀਤ, ਪੰਨਾ 6.
12. ਹੁਸ਼ਿਆਰ ਸਿੰਘ ਦੁਲੇਹ, ਜੱਟਾਂ ਦਾ ਇਤਿਹਾਸ, ਪੰਨਾ 52.
13. Budh Parkash, Rigaveda and India Valley Civilization, p. 1.
14. ਵਿਸਾਖਾ ਸਿੰਘ ਸੰਤ ਸਿਪਾਹੀ, ਮਾਲਵਾ ਇਤਿਹਾਸ, ਪੰਨਾ 57.
15. S.N. Bennerji, History of Patiala, (Pb. Uni. Ext. Lib., Ludiana), p.66.
16. ਵਣਜਾਰਾ ਬੇਦੀ, ਲੋਕਧਾਰਾ ਵਿਸ਼ਵਕੋਸ਼, ਜਿਲਦ ਪਹਿਲੀ, ਪੰਨਾ 208.
17. ਇਬਨ ਬਤੂਤਾ ਕੀ ਭਾਰਤ ਯਾਤਰਾ, (ਸੰਪਾ.) ਮੁਕੰਦੀਲਾਲ ਸ੍ਰੀਵਾਸਤਵ, ਪੰਨਾ 19.
18. S.N. Bennerji, History of Patiala, (Pb. Uni. Ext. Lib., Ludiana), p.66.
19. ਰਜਬ ਅਲੀ ਪਾਂਡੇ, ਪ੍ਰਾਚੀਨ ਭਾਰਤ, ਪੰਨਾ 27.
20. ਪ੍ਰੇਮ ਪ੍ਰਕਾਸ਼ ਸਿੰਘ, ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ, ਪੰਨਾ 294.
21. ਉਹੀ, ਪੰਨਾ 295.

ਪੁਸਤਕ-ਸੂਚੀ

ਅੰਗਰੇਜ਼ੀ

Bennerji, S.N., History of Patiala, Pb. Uni. Ext. Lib., Ludiana, 1966.

Grierson, G.A., Linguistic Survey of Punjab, Language Deptt. Punjab, Patiala, 1962.

History of the Panjab, Vol. I, (ed.) L.M. Joshi, Pbi. Uni., Patiala, 1977.

Monier Williams, Monier, Sanskrit-Eng. Dictionary, Munshi Ram Manohar Lal, New Delhi, 1988.

Parkash, Budh, Rigveda and India Valley Civilization, VVRI, Hoshiarpur, 1966.

Rai Chaudhary, P.C., An Advance History of India, Allied Pacefic, New Delhi, 1970.

Upadhyaya, B.S., Feeders of Indian Cultures, People's, Pub. House, New Delhi, 1973.

ਹਿੰਦੀ-ਪੰਜਾਬੀ

ਉਪਾਧਿਆਏ, ਭਗਵਤੀ ਸ਼ਰਨ, ਭਾਰਤੀ ਸਮਾਜ ਦਾ ਇਤਿਹਾਸਕ ਤੱਤ ਨਿਖੇੜ, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 1990.

ਅਗਰਵਾਲ, ਵਾਸਦੇਵ ਸ਼ਰਨ, ਪਾਣਿਨੀ ਕਾਲੀਨ ਭਾਰਤ ਵਰਸ਼, ਬਨਾਰਸ, 1955.

ਅਨਤੋਨੋਵਾ, ਕ. ਤੇ ਹੋਰ, ਭਾਰਤ ਦਾ ਇਤਿਹਾਸ, ਪ੍ਰਗਤੀ ਪ੍ਰਕਾਸ਼ਨ, ਮਾਸਕੋ, 1983.

ਅਮਰਜੀਤ ਸਿੰਘ, ਪੰਜਾਬ ਦੇ ਪਿੰਡ, ਸ਼ਹਿਰ ਤੇ ਕਸਬੇ, ਅਮਰਜੀਤ ਪਬਲਿਸ਼ਿੰਗ, ਲੁਧਿਆਣਾ, 2004.

ਇਬਨ ਬਤੂਤਾ ਕੀ ਭਾਰਤ ਯਾਤਰਾ, (ਸੰਪਾ.) ਮੁਕੰਦੀਲਾਲ ਸ੍ਰੀਵਾਸਤਵ, ਨੈ. ਬੁ. ਟ. ਇੰਡੀਆ, ਨਵੀਂ ਦਿੱਲੀ, 1997.

ਸੰਤ ਸਿਪਾਹੀ, ਵਿਸਾਖਾ ਸਿੰਘ, ਮਾਲਵਾ ਇਤਿਹਾਸ, ਗੁਰਮਤ ਪ੍ਰਚਾਰਕ ਸਿੰਘ ਸਭਾ, ਕਿਸ਼ਨਪੁਰਾ, 1954.

ਸ਼ਰਮਾ, ਰਾਮ ਵਿਲਾਸ, ਪੱਛਮੀ ਏਸ਼ੀਆ ਔਰ ਰਿਗਵੇਦ, ਦਿੱਲੀ ਵਿਸ਼ਵਵਿਦਿਆਲਯ, ਦਿੱਲੀ, 1994.

ਹਿੰਦੀ ਸਾਹਿਤਯ ਕੋਸ਼, (ਸੰਪਾ.) ਧੀਰੇਂਦਰ ਵਰਮਾ, ਗਿਆਨ ਮੰਡਲ, ਵਾਰਾਨਸੀ, 2000.

ਖੀਵਾ, ਲਾਭ ਸਿੰਘ (ਸੰਪਾ.), ਅੰਨਦਾਤਾ : ਇਕ ਵਿਸ਼ਲੇਸ਼ਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.

ਗੁਰਦਿਆਲ ਸਿੰਘ ਅਭਿਨੰਦਨ ਗ੍ਰੰਥ, (ਸੰਪਾ.) ਕਰਮਜੀਤ ਸਿੰਘ, ਮਾਲਵਾ ਸਭਿਆਚਾਰਕ ਕੇਂਦਰ, ਫ਼ਰੀਦਕੋਟ, 1976.

ਗੁੰਮਟੀ ਕਲਾਂ, ਬਲਵੰਤ ਸਿੰਘ, ਸਿੱਧੂ ਬੈਰਾੜਾਂ ਦਾ ਇਤਿਹਾਸ, ਪ੍ਰਕਾਸ਼ਕ ਖ਼ੁਦ, ਗੁੰਮਟੀ ਕਲਾਂ, 1956.

ਗਿਆਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

ਜੱਗੀ, ਰਤਨ ਸਿੰਘ, ਸਿੱਖ ਪੰਥ ਵਿਸ਼ਵ ਕੋਸ਼, ਭਾਗ ਦੂਜਾ, ਗੁਰਰਤਨ ਪਬਲਿਸ਼ਰਜ਼, ਪਟਿਆਲਾ, 2005.

ਢੀਂਗਰਾ, ਪਰਮਜੀਤ ਸਿੰਘ (ਸੰਪਾ.), ਪਰਸਾ : ਚਿੰਤਨ-ਚੇਤਨਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2005.

ਦੁਲੇਹ, ਹੁਸ਼ਿਆਰ ਸਿੰਘ, ਜੱਟਾਂ ਦਾ ਇਤਿਹਾਸ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2001.

ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1981.

ਪਰਮਾਰ, ਸ਼ਾਮ, ਮਾਲਵੀ ਲੋਕ ਗੀਤ, ਰਾਜ ਕਮਲ ਪ੍ਰਕਾਸ਼ਨ, ਬੰਬਈ, 1954.

ਪੰਜਾਬ, (ਸੰਪਾ.) ਗੰਡਾ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1962.

ਪੰਜਾਬ, (ਸੰਪਾ.) ਮਹਿੰਦਰ ਸਿੰਘ ਰੰਧਾਵਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960.

ਪੰਜਾਬ ਦੀ ਸੈਰ, (ਅਨੁ.) ਲਾਲ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

ਪੰਜਾਬੀ ਸਮਾਜ ਅਜ਼ਾਦੀ ਤੋਂ ਬਾਅਦ, (ਸੰਪਾ.) ਪ੍ਰਕਾਸ਼ ਸਿੰਘ ਜੰਮੂ, ਸਮਾਜਕ ਵਿਗਿਆਨ ਪੱਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਿਸੰਬਰ, 1998 ਤੋਂ ਜੂਨ 1999.

ਪ੍ਰੇਮ, ਪ੍ਰਕਾਸ਼ ਸਿੰਘ, ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, (ਭਾਗ ਦੂਜਾ ਤੇ ਤੀਜਾ), ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਨ।

——, ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2004.

ਬੇਦੀ, ਵਣਜਾਰਾ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, (ਜਿਲਦ ਪਹਿਲੀ), ਲੋਕ ਪ੍ਰਕਾਸ਼ਨ, ਨਵੀਂ ਦਿੱਲੀ, 1978.

ਬਿਰਦੀ, ਮਹਿੰਦਰ ਸਿੰਘ, ਮਾਲਵੇ ਦਾ ਲੋਕ ਸਾਹਿਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਭੰਗੂ, ਰਤਨ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼, (ਸੰਪਾ.) ਬਲਵੰਤ ਸਿੰਘ ਢਿੱਲੋਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਵਿਸ਼ਵੀਕਰਨ, ਉਦਾਰੀਕਰਨ ਅਤੇ ਪੰਜਾਬ, (ਸੰਪਾ.) ਪ੍ਰਕਾਸ਼ ਸਿੰਘ ਜੰਮੂ, ਸਮਾਜਕ ਵਿਗਿਆਨ ਪੱਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1999 ਤੋਂ ਦਸੰਬਰ 2000.

ਭਾਰਤ ਵਿਚ ਬਹੁਭਾਸ਼ਕਤਾ : ਇਕ ਅਧਿਐਨ

ਬਹੁਭਾਸ਼ਕਤਾ (Multilingualism) ਇਕ ਅਜਿਹਾ ਬਹੁਪੱਖੀ ਪ੍ਰਪੰਚ ਹੈ, ਜਿਹੜਾ ਵਿਅਕਤੀ ਅਤੇ ਸਮਾਜ ਦੋਹਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਨਾਲ ਕਿਸੇ ਸਮਾਜ ਵਿਚ ਕੁਝ ਅਜਿਹੀਆਂ ਸਮੱਸਿਆਵਾਂ ਉਤਪੰਨ ਹੋ ਜਾਂਦੀਆਂ ਹਨ, ਜਿਨ੍ਹਾਂ ਦਾ ਸੰਬੰਧ ਕੌਮੀ ਪੱਧਰ (National level) ਉਤੇ ਵਿਦਿਅਕ, ਪ੍ਰਸ਼ਾਸਨ ਅਤੇ ਜਨ-ਸੰਚਾਰ (Mass communication) ਆਦ ਵਿਚ ਵਰਤੀ ਜਾਂਦੀ ਭਾਸ਼ਾ ਸੰਬੰਧੀ ਇਕ ਨੀਤੀ ਤਹਿ ਕਰਨ ਨਾਲ ਹੁੰਦਾ ਹੈ। ਆਧੁਨਿਕ ਸਮਾਜ ਵਿਚ ਮਿਲਦੇ ਵੱਖ-ਵੱਖ ਭਾਸ਼ਾ ਸਮੁਦਾਇਆਂ (Speech communities) ਵਿਚ ਦੁਭਾਸ਼ਕਤਾ/ਬਹੁਭਾਸ਼ਕਤਾ ਕਿਸੇ ਨਾ ਕਿਸੇ ਰੂਪ ਵਿਚ ਪ੍ਰਧਾਨ ਹੈ ਅਤੇ ਅਜੋਕੇ ਯੁੱਗ ਵਿਚ ਤਾਂ ਇਹਨੂੰ ਅੰਤਰ-ਰਾਸ਼ਟਰੀ ਮਾਨਤਾ ਪ੍ਰਾਪਤ ਹੋ ਚੁੱਕੀ ਹੈ। ਆਧੁਨਿਕ-ਸੰਸਾਰ ਵਿਚ, ਜਿੱਥੇ ਫ਼ਾਸਲੇ ਘੱਟਦੇ ਜਾ ਰਹੇ ਹਨ, ਉਥੇ ਨਵੀਆਂ ਸੰਚਾਰ ਵਿਧੀਆਂ ਦੇ ਪੱਖ ਤੋਂ ਭਿੰਨ-ਭਿੰਨ ਦੇਸ਼ ਅਤੇ ਕੌਮਾਂ ਇਕ ਦੂਜੇ ਦੇ ਨੇੜੇ ਆ ਰਹੇ ਹਨ। ਅਜ ਹਰ ਵਿਅਕਤੀ ਆਪ੍ਣੇ ਸੰਚਾਰ-ਪ੍ਰਬੰਧ (Communication system) ਲਈ ਇਕ ਤੋਂ ਜ਼ਿਆਦਾ ਭਾਸ਼ਾਵਾਂ ਦੀ ਵਰਤੋਂ ਕਰਦਾ ਹੈ। ਜਿਨ੍ਹਾਂ ਦੇਸ਼ਾਂ ਵਿਚ ਆਦਿਮ-ਕਬੀਲੇ (Primitive tribes) ਵਸਦੇ ਹਨ, ਉਹ ਪਿਛਲੀਆਂ ਕਈ ਸਦੀਆਂ ਤੋਂ ਬਾਹਰਲੇ ਪ੍ਰਭਾਵਾਂ ਤੋਂ ਲਗਪਗ ਸ਼ੂੰਨ ਰਹੇ ਹਨ। ਹੁਣ ਉਨ੍ਹਾਂ ਕਬੀਲਿਆਂ ਵਿਚ ਵਿਚਰਨ ਵਾਲੇ ਲੋਕ ਵੀ ਬਹੁ-ਭਾਸ਼ੀ ਹੁੰਦੇ ਜਾ ਰਹੇ ਹਨ। ਆਪਣੇ ਕਬੀਲੇ ਵਿਚ ਉਹ ਆਪਣੀ ਭਾਸ਼ਾ ਬੋਲਦੇ ਹਨ ਅਤੇ ਕਬੀਲੇ ਤੋਂ ਬਾਹਰ ਸਮਾਜ ਵਿਚ ਵਿਚਰਨ ਵੇਲੇ ਉਹ ਉਸ ਸਮਾਜ ਦੇ ਬੋਲਣਹਾਰਿਆਂ ਦੀ ਭਾਸ਼ਾ ਬੋਲਦੇ ਹਨ।

ਅਜੋਕੇ ਸੰਸਾਰ ਵਿਚ ਰਾਜਸੀ ਸ਼ਕਤੀਆਂ ਅਤੇ ਉਨ੍ਹਾਂ ਦੇ ਨਾਲ-ਨਾਲ ਵਿਗਿਆਨਕ ਅਤੇ ਤਕਨੀਕੀ (Scientific and technological) ਪ੍ਰਗਤੀ ਨੇ ਅੰਤਰ-ਰਾਸ਼ਟਰੀ ਭਾਈਚਾਰੇ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ਹੈ, ਜਿਸ ਨਾਲ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਬਹੁਭਾਸ਼ਕਤਾ ਦੀ ਸਥਿਤੀ ਪੈਦਾ ਹੋ ਗਈ ਹੈ। ਪਿਛਲੇ ਦੋ ਤਿੰਨ ਦਹਾਕਿਆਂ ਵਿਚ ਬਹੁਤ ਸਾਰੀਆਂ ਨਵੀਆਂ ਕੌਮੀਅਤਾਂ (Nationalities) ਉਭਰੀਆਂ ਹਨ ਜਾਂ ਉਹ ਗ਼ੁਲਾਮੀ ਦੇ ਜੂਲਿਆਂ ਤੋਂ ਮੁਕਤ ਹੋਈਆਂ ਹਨ। ਦੂਜੀ ਸੰਸਾਰ ਜੰਗ (Second World War) ਤੋਂ ਬਾਅਦ ਅਫ਼ਰੀਕੀ-ਏਸ਼ੀਆਈ (Afro-Asian) ਭੂ-ਖੰਡ ਉਤੇ ਕਈ ਅਜਿਹੀਆਂ ਕੌਮਾਂ

ਉੱਭਰੀਆਂ ਹਨ। ਜਿਨ੍ਹਾਂ ਦੇ ਸਾਹਮਣੇ ਵੱਡੀ ਸਮੱਸਿਆ ਇਕ ਪਾਸੇ ਆਪਣੀਆਂ ਕੌਮੀ ਭਾਸ਼ਾਵਾਂ (National languages) ਦੇ ਵਿਕਾਸ ਕਰਨ ਦੀ ਸੀ ਅਤੇ ਦੂਜੇ ਪਾਸੇ ਉਨ੍ਹਾਂ ਉੱਪਰ ਸਦੀਆਂ ਤੋਂ ਰਾਜ ਕਰ ਰਹੇ ਹੁਕਮਰਾਨਾਂ ਦੀਆਂ ਭਾਸ਼ਾਵਾਂ ਦੀ ਪ੍ਰਾਧੀਨਤਾ ਤੋਂ ਮੁਕਤ ਹੋਣ ਦੀ ਸੀ। ਇਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ।

ਇਸ ਤਰ੍ਹਾਂ ਬੁਨਿਆਦੀ ਪ੍ਰਸ਼ਨ ਇਹ ਸੀ ਕਿ ਇਕ ਪਾਸੇ ਆਪਣੀ ਕੌਮੀ ਪਛਾਣ (National identity) ਕਾਇਮ ਕਰਨ ਲਈ ਆਪਣੀਆਂ ਭਾਸ਼ਾਵਾਂ ਨੂੰ ਵਿਕਸਿਤ ਕੀਤਾ ਜਾਵੇ। ਦੂਜੇ ਪਾਸੇ ਉਨ੍ਹਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਵਿਦੇਸ਼ੀ ਭਾਸ਼ਾ ਰਾਹੀਂ ਉਨ੍ਹਾਂ ਨੂੰ ਆਧੁਨਿਕ ਗਿਆਨ, ਵਿਗਿਆਨ ਹਾਸਲ ਕਰਨ ਤੇ ਅੰਤਰ-ਰਾਸ਼ਟਰੀ ਸੰਬੰਧ ਕਾਇਮ ਕਰਨ ਦਾ ਮੌਕਾ ਮਿਲਿਆ ਹੈ। ਇਸ ਕਰਕੇ ਆਪਣੀਆਂ ਭਾਸ਼ਾਵਾਂ ਨੂੰ ਪ੍ਰਫੁੱਲਤ ਕਰਨਾ, ਵਿਦੇਸ਼ੀ ਭਾਸ਼ਾ ਨੂੰ ਆਧੁਨਿਕ ਗਿਆਨ, ਵਿਗਿਆਨ ਤੇ ਤਕਨਾਲੋਜੀ ਦੇ ਪਾਸਾਰ ਦੇ ਸਾਧਨ ਦੇ ਤੌਰ 'ਤੇ ਵਰਤਣਾ ਅਤੇ ਦੇਸ਼ ਦੇ ਅੰਤਰਰਾਜੀ ਸੰਚਾਰ (Interstate communication) ਲਈ ਕੌਮੀ ਪੱਧਰ 'ਤੇ 'ਰਾਸ਼ਟਰੀ ਭਾਸ਼ਾ' ਜਾਂ 'ਲਿੰਗੁਆ ਫ਼ਰੈਂਕਾ' (Lingua Franca) ਦੀ ਵਰਤੋਂ ਆਦ ਨਾਲ ਬਹੁਭਾਸ਼ਕਤਾ ਨੂੰ ਹੋਰ ਵਧੇਰੇ ਬਲ ਮਿਲਿਆ ਹੈ। ਇਸ ਕਰਕੇ ਪੁਰਾਣੇ ਇਕ-ਭਾਸ਼ੀ ਸਮਾਜ (Monolingual society) ਦੀ ਸੰਕਲਪਨਾ ਨੂੰ ਤਿਆਗ ਕੇ ਇਨ੍ਹਾਂ ਆਜ਼ਾਦ ਕੌਮਾਂ ਨੇ ਆਪਣੇ ਬਹੁ-ਭਾਸ਼ੀ ਅਤੇ ਬਹੁ-ਕੌਮੀ ਸਮਾਜਾਂ (Multilingual and multinational societies) ਦੀ ਬਹੁ-ਭਾਸ਼ੀ ਅਤੇ ਬਹੁ-ਕੌਮੀ ਬਣਤਰ ਦੀ ਸੰਕਲਪਨਾ ਕੀਤੀ ਹੈ। ਆਧੁਨਿਕ ਰਾਸ਼ਟਰਵਾਦ ਨੇ ਵੀ ਬਹੁਭਾਸ਼ਕਤਾ ਨੂੰ ਵਧਾਉਣ ਵਿਚ ਬਹੁਤ ਹਿੱਸਾ ਪਾਇਆ ਹੈ, ਕਿਉਂਕਿ ਹੁਣ ਇਸ ਦਾ ਆਧਾਰ ਵੀ ਕੌਮ ਦੇ ਬਹੁ-ਭਾਸ਼ੀ ਅਤੇ ਬਹੁ-ਰੰਗੀ (Multicrome) ਹੋਣ ਵਿਚ ਹੈ।

ਭਾਰਤ ਦੇ ਸੰਦਰਭ ਵਿਚ ਬਹੁਭਾਸ਼ਕਤਾ ਇਕ ਅਜਿਹਾ ਆਧਾਰ ਹੈ, ਜਿਸ ਉੱਪਰ ਦੇਸ਼ ਦੀ ਭਾਸ਼ਾ ਨੀਤੀ (Language policy) ਨੂੰ ਸਮਾਜਕ ਵਿਉਂਤ (Social planning) ਦੇ ਮੁਕੰਮਲ ਚੌਖਟੇ ਦੇ ਅੰਤਰਗਤ ਘੜਨ ਦੇ ਜਤਨ ਕੀਤੇ ਗਏ ਹਨ। ਵਿਦਵਤਾ ਦੇ ਪੱਧਰ 'ਤੇ ਬਹੁ-ਭਾਸ਼ਕਤਾ ਇਕ ਅਤਿਅੰਤ ਦਿਲਚਸਪ ਖੇਤਰ ਵਜੋਂ ਉਭਰੀ ਹੈ, ਜਿਸ ਨੂੰ ਭਾਸ਼ਾ ਵਿਗਿਆਨ (Linguistics), ਸਮਾਜ ਵਿਗਿਆਨ (Sociology), ਰਾਜਨੀਤੀ ਵਿਗਿਆਨ (Political science), ਮਨੋਵਿਗਿਆਨ (Psychology) ਤੇ ਸਿਖਿਆ (Education) ਦੇ ਖੇਤਰਾਂ ਵਿਚ ਅਕਾਦਮਿਕ ਪੱਧਰ 'ਤੇ ਵਿਚਾਰਿਆ ਗਿਆ ਹੈ। ਭਾਰਤ ਵਿਚ ਬਹੁਭਾਸ਼ਕਤਾ ਦੀ ਸਮੱਸਿਆ ਨਾਲ ਬਹੁਤ ਸਾਰੇ ਪ੍ਰਸ਼ਨ ਜੁੜੇ ਹੋਏ ਹਨ, ਜਿਨ੍ਹਾਂ ਨੂੰ ਅੰਤਰ-ਅਨੁਸ਼ਾਸਨੀ ਪਹੁੰਚ (Interdisciplinary approach) ਦੁਆਰਾ ਸਮਝ ਸਮਝਾਉਣ ਦੇ ਜਤਨ ਸਮਾਜ ਭਾਸ਼ਾ ਵਿਗਿਆਨੀਆਂ (Sociolinguists) ਨੇ ਕੀਤੇ ਹਨ।

ਭਾਰਤੀ ਸਮਾਜ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਉਹ ਆਪਣੇ ਪਰਿਵਾਰਿਕ

ਦੋ ਜਾਂ ਦੋ ਤੋਂ ਵੱਧ ਭਾਸ਼ਾਵਾਂ ਜਾਣਦਾ ਸੀ, ਉਸ ਨੂੰ ਵਿਦਵਤਾ ਦੇ ਖੇਤਰ ਵਿਚ ਵਿਸ਼ੇਸ਼ ਸਨਮਾਨ ਮਿਲਦਾ ਸੀ। ਮੁਗ਼ਲਾਂ ਦੇ ਜ਼ਮਾਨੇ ਵਿਚ ਵਿਦਵਾਨ ਅਰਬੀ ਫ਼ਾਰਸੀ ਦੇ ਆਲਮ-ਫ਼ਾਜ਼ਲ ਤੇ ਸੰਸਕ੍ਰਿਤ ਦੇ ਪੰਡਿਤ ਅਚਾਰੀਆਂ ਹੁੰਦੇ ਸਨ। ਇਸ ਕਰਕੇ ਸਰਕਾਰੇ ਦਰਬਾਰੇ ਉਨ੍ਹਾਂ ਦੀ ਵਧੇਰੇ ਇੱਜ਼ਤ ਹੁੰਦੀ ਸੀ। ਭਾਰਤ ਵਿਚ ਬਹੁਤ ਸਾਰੇ ਪੁਰਾਤਨ ਅਤੇ ਮੱਧਜੁਗੀ ਸਾਹਿਤ ਇਹ ਬਹੁਭਾਸ਼ਕਤਾ ਮਿਲਦੀ ਹੈ, ਜਿਸ ਵਿਚ ਲੋਕ ਬੋਲੀਆਂ ਦੀ ਵਰਤੋਂ 'ਤੇ ਜ਼ੋਰ ਦਿੱਤਾ ਗਿਆ ਹੈ। ਇਸਦੀ ਸਭ ਤੋਂ ਵੱਡੀ ਉਦਾਹਰਣ ਆਦਿ ਗ੍ਰੰਥ ਵਿਚ ਦਰਜ ਬਾਣੀ ਹੈ। ਇੰਜ ਭਾਰਤ ਵਿਚ ਬਹੁਭਾਸ਼ਕਤਾ ਇਕ ਪਰਿਭਾਸ਼ਕ ਲੱਛਣ ਵਜੋਂ ਉਭਰੀ ਹੈ।

ਆਧੁਨਿਕ ਜੁੱਗ ਵਿਚ ਇਸਦੀ ਇਕ ਹੋਰ ਉਦਾਹਰਣ ਲਈ ਜਾ ਸਕਦੀ ਹੈ। ਇਕ ਗੁਜਰਾਤੀ ਬੋਲਣਹਾਰਾ ਆਪਣੇ ਘਰ ਵਿਚ ਅਤੇ ਆਪਣੇ ਇਲਾਕੇ ਵਿਚ ਮਾਤ ਭਾਸ਼ਾ ਗੁਜਰਾਤੀ ਦੀ ਵਰਤੋਂ ਕਰੇਗਾ ਪਰ ਕੰਮ ਕਾਰ ਤੇ ਉਚ ਵਿਦਿਆ ਲਈ ਅੰਗਰੇਜ਼ੀ ਅਤੇ ਆਲੇ ਦੁਆਲੇ ਦੇ ਸਮਾਜ ਵਿਚ ਵਿਚਰਨ ਲਈ ਉਹ ਤਿੰਨ ਭਾਸ਼ਾਵਾਂ ਗੁਜਰਾਤੀ, ਹਿੰਦੀ ਅਤੇ ਅੰਗਰੇਜ਼ੀ ਨੂੰ ਵੱਖ ਵੱਖ ਪੱਧਰਾਂ ਅਤੇ ਸੰਦਰਭਾਂ ਵਿਚ ਵਰਤੇਗਾ। ਮਨੋਰੰਜਨ ਲਈ ਉਹ ਹਿੰਦੀ ਫ਼ਿਲਮਾਂ ਵੇਖੇਗਾ। ਮਾਤ-ਭਾਸ਼ਾ ਗੁਜਰਾਤੀ ਅਤੇ ਅੰਗਰੇਜ਼ੀ ਦੀ ਸਿਖਿਆ ਆਦ ਦੇ ਖੇਤਰਾਂ ਵਿਚ ਵਧੇਰੇ ਵਰਤੋਂ ਨੂੰ ਵੀ ਅੱਗੋਂ ਉਚ ਅਤੇ ਨਿਮਨ ਪੱਧਰਾਂ ਤੇ ਵੰਡਿਆ ਜਾ ਸਕਦਾ ਹੈ। ਉਚ ਪੱਧਰ ਤੇ ਉਹ ਅੰਗਰੇਜ਼ੀ ਵਰਤੇਗਾ ਅਤੇ ਨਿਮਨ ਪੱਧਰ 'ਤੇ ਗੁਜਰਾਤੀ। ਇਸ ਨੂੰ ਵੀ ਅੱਗੋਂ ਕੌਮੀ ਅਤੇ ਸਥਾਨਕ ਪੱਧਰ 'ਤੇ ਵੰਡਿਆ ਜਾ ਸਕਦਾ ਹੈ। ਕੌਮੀ ਪੱਧਰ 'ਤੇ ਅੰਗਰੇਜ਼ੀ ਅਤੇ ਸਥਾਨਕ ਪੱਧਰ 'ਤੇ ਉਹ ਮਾਤ ਭਾਸ਼ਾ ਦੀ ਵਰਤੋਂ ਕਰੇਗਾ।

ਪਾਕਿਸਤਾਨ ਬਣਨ ਤੋਂ ਪਹਿਲਾਂ ਪੰਜਾਬ ਦੀ ਸਥਿਤੀ ਵੀ ਕੁਝ ਇਹੋ ਜਿਹੀ ਸੀ, ਜਿਥੇ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ, ਤੇ ਉਰਦੂ ਨੂੰ ਸੰਦਰਭ ਅਨੁਸਾਰ ਵਰਤਿਆ ਜਾਂਦਾ ਸੀ, ਜਦ ਕਿ ਸ਼ਾਸਨ ਪੱਧਤੀ ਵਿਚ ਉਰਦੂ ਤੇ ਅੰਗਰੇਜ਼ੀ ਦਾ ਜ਼ੋਰ ਸੀ। ਪਰ ਧਾਰਮਿਕ ਤੇ ਸਮਾਜਕ ਲੈਣ-ਦੇਣ ਦੇ ਸੰਬੰਧਾਂ ਵਿਚ ਤਿੰਨਾਂ ਭਾਸ਼ਾਵਾਂ ਦੀ ਵਰਤੋਂ ਕੀਤੀ ਜਾਂਦੀ ਸੀ।

ਅੱਜ ਸਮੂਹ ਰਾਸ਼ਟਰਾਂ ਵਿਚ ਬਹੁਭਾਸ਼ਕਤਾ ਦਾ ਜ਼ੋਰ ਵਧਦਾ ਜਾ ਰਿਹਾ ਹੈ। ਭਾਸ਼ਾਵਾਂ ਇਕ ਦੂਜੇ ਦੇ ਨੇੜੇ ਆ ਰਹੀਆਂ ਹਨ, ਆਪਸੀ ਲੈਣ-ਦੇਣ ਕਰ ਰਹੀਆਂ ਹਨ, ਜਿਸ ਨਾਲ ਭਾਸ਼ਾਈ ਸਭਿਆਚਾਰੀਕਰਣ (Linguistic Acculturation) ਦੀ ਸਥਿਤੀ ਪੈਦਾ ਹੋ ਗਈ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਜਦੋਂ ਦੋ ਜਾਂ ਵਧੇਰੇ ਭਾਸ਼ਾਵਾਂ ਆਪਸੀ ਸੰਪਰਕ ਵਿਚ ਆਉਂਦੀਆਂ ਹਨ, ਤਾਂ ਉਹ ਲੈਣ-ਦੇਣ ਦਾ ਇਕ ਅਜਿਹਾ ਵਾਤਾਵਰਣ ਤਿਆਰ ਕਰ ਦੇਂਦੀਆਂ ਹਨ, ਜਿਥੇ ਇਕ ਭਾਸ਼ਾ ਦੂਜੀ ਭਾਸ਼ਾ ਦੇ ਤੱਥਾਂ ਦਾ ਆਤਮਸਤਕਰਣ (assimilation) ਕਰ ਦੇਂਦੀ ਹੈ। ਇਨ੍ਹਾਂ ਕਾਰਣਾਂ ਕਰਕੇ ਹੀ ਇਹ ਕਿਹਾ ਜਾਣ ਲੱਗ ਪਿਆ ਹੈ ਕਿ ਕੋਈ ਵੀ ਸਾਧਾਰਣ

ਸਿਖਣਹਾਰਿਆਂ ਦੀ ਵੀ ਇਹੀ ਸਥਿਤੀ ਹੈ। ਇਸਦੇ ਉਲਟ ਸਮੁਦਾਇਪਰਕ ਬਹੁਭਾਸ਼ਕਤਾ ਇਕ ਬਹੁਭਾਸ਼ੀ ਸਮਾਜ ਦੀ ਵਿਆਪਕ ਸੰਚਾਰ ਵਿਵਸਥਾ ਦਾ ਅੰਗ ਬਣ ਜਾਂਦੀ ਹੈ। ਪਰਿਵਾਰਕ, ਵਿਹਾਰਕ, ਸੰਪ੍ਰੇਸ਼ਣਤਾ ਆਦ ਦੇ ਸੰਦਰਭ ਵਿਚ ਜਦ ਸਮਾਜ ਇਕ ਤੋਂ ਵਧੇਰੇ ਭਾਸ਼ਾਵਾਂ ਦੀ ਵਰਤੋਂ ਨੂੰ ਸਹਿਜ ਅਤੇ ਸੁਭਾਵਕ ਪੱਧਰ 'ਤੇ ਸਵੀਕਾਰਣ ਲੱਗੇ ਤਾਂ ਸਮੁਦਾਇਪਰਕ ਬਹੁਭਾਸ਼ਕਤਾ ਦੀ ਸਥਿਤੀ ਉਤਪੰਨ ਹੋ ਜਾਂਦੀ ਹੈ।[3]

ਬਹੁਭਾਸ਼ਕਤਾ ਦੀ ਇਸ ਸਥਿਤੀ ਵਿਚ ਇਕ ਵਿਅਕਤੀ ਵੱਖ-ਵੱਖ ਮੌਕਿਆਂ 'ਤੇ ਵੱਖ-ਵੱਖ ਭਾਸ਼ਾਵਾ ਦੀ ਵਰਤੋਂ ਕਰਦਾ ਹੈ। ਇਹ ਵਰਤੋਂ ਏਨੀ ਸਹਿਜ ਸੁਭਾਅ ਹੁੰਦੀ ਹੈ ਕਿ ਸਾਧਾਰਣ ਵਿਅਕਤੀ ਨੂੰ ਇਸ ਦਾ ਪਤਾ ਹੀ ਨਹੀਂ ਲਗਦਾ। ਇਸ ਸਥਿਤੀ ਨੂੰ ਇੰਜ ਵੀ ਉਲੀਕਿਆ ਜਾ ਸਕਦਾ ਹੈ:

ਪਰਿਵਾਰਕ (ਪਰਿਵਾਰ ਵਿਚ ਵਰਤੀ ਜਾਣ ਵਾਲੀ ਬੋਲੀ), ਸਥਾਨਕ (ਸਥਾਨਕ ਪੱਧਰ 'ਤੇ ਵਰਤੀ ਜਾਣ ਵਾਲੀ ਬੋਲੀ), ਖੇਤਰੀ (ਖੇਤਰ ਪੱਧਰ ਦੀ ਬੋਲੀ), ਸਿਖਿਆ ਪੱਧਰ ਉਤੇ (ਮਾਧਿਅਮ ਭਾਸ਼ਾ), ਸਮਾਨਯ ਸਿਖਿਆ ਦਾ ਪੱਧਰ (ਮਾਧਿਅਮ ਭਾਸ਼ਾ) ਤੇ ਉੱਚ ਸਿਖਿਆ ਦਾ ਪੱਧਰ (ਮਾਧਿਅਮ ਭਾਸ਼ਾ)।

ਇਸ ਨੂੰ ਵੀ ਅੱਗੋਂ ਹੋਰ ਪੱਧਰਾਂ 'ਤੇ ਵੰਡਿਆ ਜਾ ਸਕਦਾ ਹੈ:

(ੳ) ਘਰ: ਮਾਤਾ ਪਿਤਾ, ਦੂਸਰੇ ਰਿਸ਼ਤੇਦਾਰ ਤੇ ਪਰਿਵਾਰਕ ਪਿਛੋਕੜ

(ਅ) ਸਮੁਦਾਏ: ਆਂਢ ਗੁਆਂਢ, ਧਰਮ, ਕੰਮ-ਧੰਦੇ, ਮਨੋਰੰਜਨ ਦੇ ਸਥਾਨ

(ੲ) ਸਕੂਲ: ਇਕਹਿਰਾ, ਮਾਧਿਅਮ, ਦੂਹਰਾ ਮਾਧਿਅਮ, ਵਿਸ਼ੈ, ਨਿੱਜੀ ਟਿਊਸ਼ਨ

(ਸ) ਜਨ-ਸੰਚਾਰ: ਰੇਡੀਓ, ਟੈਲੀਵਿਜ਼ਨ, ਸਿਨੇਮਾ, ਰਿਕਾਰਡਿੰਗਜ਼, ਇੰਟਰਨੈੱਟ, ਈ-ਮੇਲ, ਅਖ਼ਬਾਰਾਂ, ਰਸਾਲੇ, ਕਿਤਾਬਾਂ ਆਦ।

(ਹ) ਚਿੱਠੀ ਪੱਤਰ: ਦੂਸਰੀਆਂ ਭਾਸ਼ਾਵਾਂ ਦੇ ਲੋਕਾਂ ਨਾਲ ਵਪਾਰਕ ਲੈਣ-ਦੇਣ ਅਤੇ ਚਿੱਠੀ ਪੱਤਰ ਆਦ।

ਸਮਾਜ ਭਾਸ਼ਾ ਵਿਗਿਆਨੀਆਂ ਨੇ ਭਾਰਤ ਵਿਚ ਬਹੁਭਾਸ਼ਕਤਾ ਨੂੰ ਪ੍ਰਾਚੀਨ-ਕਾਲ ਤੋਂ ਵਾਪਰਦਿਆਂ ਦੱਸਿਆ ਹੈ। ਜਿੰਨੇ ਵੀ ਅਤ-ਪ੍ਰਾਚੀਨ ਸਾਹਿਤ ਦੇ ਲਿਖਿਤ ਨਮੂਨੇ ਮਿਲਦੇ ਹਨ, ਉਨ੍ਹਾਂ ਵਿਚ ਸਹਿਜ ਰੂਪ ਵਿਚ ਕੋਡ ਪਰਿਵਰਤਨ (code switching) ਅਤੇ ਕੋਡ ਮਿਸ਼ਣ (code mixing) ਦੇ ਭਿੰਨ ਭਿੰਨ ਮਾਤਰਾ ਅਤੇ ਪ੍ਰਕਾਰ ਦੇ ਨਮੂਨੇ ਮਿਲਦੇ ਹਨ। ਪ੍ਰਾਚੀਨ ਸਾਹਿਤ ਦੇ ਲਿਖਿਤ ਨਮੂਨਿਆਂ ਤੋਂ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਪੁਰਾਣੇ ਵਿਦਵਾਨ ਪਾਲੀ ਅਤੇ ਸੰਸਕ੍ਰਿਤ, ਤਾਮਿਲ ਅਤੇ ਸੰਸਕ੍ਰਿਤ, ਸੰਸਕ੍ਰਿਤ ਅਤੇ ਅਰਧ ਮਾਗਧੀ ਵਿਚਕਾਰ ਬੜੇ ਸਹਿਜ ਢੰਗ ਨਾਲ ਕੋਡ ਪਰਿਵਰਤਨ ਕਰ ਲੈਂਦੇ ਸਨ। ਚੰਗੇਰੇ ਸਮਾਜਕ ਪ੍ਰਭਾਵ ਲਈ ਬਹੁਭਾਸ਼ਕਤਾ ਨੂੰ ਜਾਣ ਬੁਝ ਕੇ ਵਿਕਸਤ ਕੀਤਾ ਜਾਂਦਾ ਸੀ। ਜਿਹੜਾ ਵਿਅਕਤੀ

ਵਿਦਿਅਕ ਪ੍ਰਸ਼ਾਸਨ ਤੇ ਜਨ-ਸੰਚਾਰ ਲਈ ਬਣਾਈ ਭਾਸ਼ਾ ਨੀਤੀ, ਜਿਸ ਨੂੰ ਤਿੰਨ ਭਾਸ਼ਾਈ ਫਾਰਮੂਲਾ ਵੀ ਕਿਹਾ ਜਾਂਦਾ ਹੈ, ਇਸੇ ਆਧਾਰ ਤੇ ਘੜੀ ਗਈ ਹੈ। ਪਰ ਭਾਰਤ ਵਰਗੇ ਵਿਸ਼ਾਲ ਤੇ ਬਹੁ-ਭਾਸ਼ੀ ਦੇਸ਼ ਹੋਣ ਕਰਕੇ ਇਥੇ ਇਲਾਕਾਈ ਤੇ ਭਾਸ਼ਾਈ ਝਗੜੇ ਅਕਸਰ ਹੁੰਦੇ ਰਹਿੰਦੇ ਹਨ ਤੇ ਹੁਣ ਵੀ ਵਿਆਪਕ ਰੂਪ ਵਿਚ ਮੌਜੂਦ ਹਨ। ਇਸ ਦਾ ਕਾਰਣ ਘੜੀ ਗਈ ਭਾਸ਼ਾ ਨੀਤੀ ਦਾ ਨੁਕਸਦਾਰ ਹੋਣਾ ਹੈ। ਪਰ ਨਾਲ ਹੀ ਰਾਜਨੀਤੀ ਤੋਂ ਪ੍ਰੇਰਤ ਤੱਥ ਵੀ ਇਸ ਲਈ ਜ਼ਿੰਮੇਵਾਰ ਹਨ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਭਾਰਤ ਵਿਚ ਬਹੁਭਾਸ਼ਕਤਾ ਦੀਆਂ ਜੜ੍ਹਾਂ ਕਾਫ਼ੀ ਮਜਬੂਤ ਹਨ। ਲੋੜ ਸਿਰਫ ਇਸ ਉਪਰ ਉਸਰੇ ਢਾਂਚੇ ਨੂੰ ਸੇਧ ਦੇਣ ਦੀ ਹੈ। ਬਹੁਭਾਸ਼ਕਤਾ ਤਾਂ ਹਮੇਸ਼ਾਂ ਆਪਣੇ ਪ੍ਰਤਿਮਾਨ (norms) ਕਾਇਮ ਰੱਖਦੀ ਹੈ, ਜੋ ਵਿਅਕਤੀਆਂ ਨੂੰ ਭਾਸ਼ਾ ਦੀ ਵਰਤੋਂ ਕਰਨ ਵਿਚ ਅਗਵਾਈ ਕਰਦੇ ਹਨ। ਪਿਛੋਂ ਇਨ੍ਹਾਂ ਪ੍ਰਤਿਮਾਨਾਂ ਨੂੰ ਵਿਆਕਰਣ ਆਚਾਰੀਆਂ (Grammerians) ਦੁਆਰਾ ਕਿਸੇ ਸਮਾਜ ਦੇ ਸੰਦਰਭ ਵਿਚ ਨਿਸ਼ਚਿਤ ਕਰ ਦਿੱਤਾ ਜਾਂਦਾ ਹੈ।

ਹਵਾਲੇ ਤੇ ਟਿੱਪਣੀਆਂ

1. ਰਵੀਂਦਰ ਨਾਥ ਸ਼੍ਰੀਵਾਸਤਵ, "ਭਾਰਤ ਕੀ ਸੰਪਰਕ ਭਾਸ਼ਾ-ਹਿੰਦੀ", ਭਾਸ਼ਾ ਵਿਸ਼ਵ ਹਿੰਦੀ ਸੰਮੇਲਨ ਅੰਕ (ਸੰਪ. ਜਗਦੀਸ਼ ਚਤੁਰਵੇਦੀ) ਕੇਂਦਰੀ ਹਿੰਦੀ ਨਿਰਦੇਸ਼ਆਲਯ, ਨਵੀਂ ਦਿੱਲੀ, 1984, ਪੰਨਾ 150.
2. P.B. Pandit, Language in a plural Society, D.R. Chanana Memorial Commitee, New Delhi, 1977, p. 7.
3. ਰਵੀਂਦਰ ਨਾਥ ਸ਼੍ਰੀਵਾਸਤਵ, "ਬਹੁਭਾਸ਼ਕਤਾ, ਹਿੰਦੀ ਭਾਸ਼ਾ ਸਮਾਜ ਔਰ ਹਿੰਦੀ ਸ਼ਿਖਸ਼ਣ", ਹਿੰਦੀ ਦਾ ਸਾਮਾਜਿਕ ਸੰਦਰਭ (ਸੰਪ. ਰਵੀਂਦਰਨਾਥ ਸ਼੍ਰੀ ਵਾਸਤਵ, ਰਮਾਨਾਥ ਸਹਾਇ), ਕੇਂਦਰੀ ਹਿੰਦੀ ਸੰਸਥਾਨ ਆਗਰਾ 1976, ਪੰਨਾ 75.
4. ਉਹੀ, ਪੰਨਾ 76.
5. S.K. Verma, "Remarks on Bilingualism", Indian Bilingualism (ed. P.G. Sharma and S. Kumar), Kendriya Hindi Sansthan, Agra, 1977, p. 37.
6. C.A. Ferguson, Language Structure and Language Use, S.U.P), Stanford, California, 1971, p. 16.
7. ਵੀ. ਆਰ. ਜਗਨਾਥਨ, ਡਈਗਲੋਸੀਆ (ਭਾਸ਼ਾ-ਦਵੈਤ), ਹਿੰਦੀ ਕਾ ਸਮਾਜਿਕ ਸੰਦਰਭ, (ਸੰਪ. ਰਵੀਂਦਰਨਾਥ ਸ੍ਰੀ ਵਾਸਤਵ, ਰਮਾਨਾਥ ਸਹਾਇ), ਕੇਂਦਰੀ ਹਿੰਦੀ ਸੰਸਥਾਨ ਆਗਰਾ 1976, ਪੰਨਾ 85-86.

ਵਿਅਕਤੀ ਤੇ ਭਾਸ਼ਾ ਸਮੁਦਾਏ ਇਕ ਭਾਸ਼ਾਈ ਕੋਸ਼ (single verbal repertoire) ਤੇ ਇਕ ਕੋਡ ਤੱਕ ਸੀਮਿਤ ਨਹੀਂ ਹੁੰਦੇ।[5]

ਭਾਰਤੀ ਬਹੁਭਾਸ਼ਕਤਾ ਦੀ ਵੱਡੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਸ ਨੂੰ ਕਦੇ ਵੀ ਸਮਾਜਕ ਜਾਂ ਵਿਅਕਤੀਗਤ ਪੱਧਰ ਤੇ ਇਕ ਊਨਤਾਈ ਵਜੋਂ ਗ੍ਰਹਿਣ ਨਹੀਂ ਕੀਤਾ ਗਿਆ। ਭਾਰਤ ਵਿਚ ਬਹੁਭਾਸ਼ਕਤਾ ਨੂੰ ਉਚੇਚਾ ਸਨਮਾਨ ਦਿੱਤਾ ਗਿਆ ਹੈ। ਇਹੀ ਕਾਰਣ ਹੈ ਕਿ ਅੱਜ ਭਾਰਤ ਦੇ ਹਰ ਪ੍ਰਾਂਤ ਦਾ ਵਾਸੀ ਇਕ ਤੋਂ ਵਧੇਰੇ ਭਾਸ਼ਾਵਾਂ ਦੀ ਵਰਤੋਂ ਕਰਦਾ ਹੈ।

ਬਹੁਭਾਸ਼ਕਰਤਾ ਵਿਚ ਕਈ ਵਾਰ ਅਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ ਕਿ ਇਕੋ ਭਾਸ਼ਾ ਦੇ ਦੋ ਨਿਖੜਵੇਂ ਰੂਪ ਵਜੂਦ ਵਿਚ ਆ ਜਾਂਦੇ ਹਨ, ਜੋ ਕਿ ਇਕ ਦੂਜੇ ਨਾਲੋਂ ਏਨੇ ਭਿੰਨ ਹੁੰਦੇ ਹਨ ਕਿ ਦੋ ਵੱਖ ਵੱਖ ਭਾਸ਼ਾਵਾਂ ਦਾ ਰੂਪ ਧਾਰ ਲੈਂਦੇ ਹਨ। ਅਜਿਹੀ ਸਥਿਤੀ ਨੂੰ ਫਰਗੂਸਨ (Ferguson) ਨੇ ਡਾਈਗਲੋਸੀਆ (Diglossia) ਦਾ ਨਾਂ ਦਿੱਤਾ ਹੈ।[6]

ਬੰਗਾਲੀ ਵਿਚ 'ਚਲਿਤ' ਅਤੇ 'ਸਾਧੂ ਭਾਸ਼ਾ' ਤੇਲਗੂ ਵਿਚ ਵਿਵਹਾਰਕਾ (ਵਿਵਹਾਰਿਕ ਅਤੇ ਗ੍ਰੰਥਿਕਾ ਸ਼ੈਲੀ, ਤਾਮਿਲ ਵਿਚ 'ਪੇਚੂ' ਆਦ ਇਸ ਦੀਆਂ ਉਦਾਹਰਣਾਂ ਹਨ।[7] ਕੇਰਲ ਵਿਚ ਮੋਪਾਲਾਂ ਦੀ ਮਲਿਆਲਮ ਨੂੰ ਵੀ ਇਸੇ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਭਾਰਤੀ ਪੰਜਾਬੀ ਤੇ ਪਾਕਿਸਤਾਨੀ ਪੰਜਾਬ ਦੀ ਪੰਜਾਬੀ ਵਿਚ ਵੀ ਅਜਿਹੀ ਸਥਿਤੀ ਮਿਲਦੀ ਹੈ। ਅੱਜ ਕੱਲ੍ਹ ਆਮ ਪੰਜਾਬੀ ਤੇ ਆਲੋਚਨਾ ਜਾਂ ਤਕਨੀਕੀ ਪੰਜਾਬੀ ਵੀ ਅਜਿਹਾ ਰੂਪ ਧਾਰ ਰਹੀ ਹੈ। ਸ਼ਹਿਰਾਂ ਵਿਚ ਬੋਲੀ ਜਾਣ ਵਾਲੀ ਹਿੰਦੀ ਅਤੇ ਉਦਯੋਗਿਕ ਨਗਰਾਂ ਵਿਚ ਬੋਲੀ ਜਾਣ ਵਾਲੀ ਹਿੰਦੀ ਵਿਚ ਵੀ ਚੋਖਾ ਫਰਕ ਹੈ।

ਆਧੁਨਿਕ ਲੋਕਤੰਤਰ ਨੇ ਬਹੁਭਾਸ਼ਾਵਾਦ ਨੂੰ ਚਲਾਏਮਾਨ (maintain) ਰੱਖਣ ਵਿਚ ਬਹੁਤ ਮਦਦ ਕੀਤੀ ਹੈ। ਅਸਲ ਵਿਚ ਸਾਰੇ ਏਸ਼ੀਆਈ ਮੁਲਕ ਜੋ ਕਾਫ਼ੀ ਦੇਰ ਤੱਕ ਬਸਤੀਵਾਦੀ ਲੋਕਾਂ ਦੇ ਗੁਲਾਮ ਰਹੇ ਹਨ, ਅਜ਼ਾਦ ਹੋਣ ਪਿੱਛੋਂ ਆਪਣੀਆਂ ਜ਼ਬਾਨਾਂ ਵਰਤੋਂ ਵਿਚ ਲਿਆਉਣ ਲੱਗੇ ਹਨ। ਲੋਕਤੰਤਰੀ ਭਾਵਨਾ ਨਾਲ ਭਾਰਤ ਦੀਆਂ ਭਿੰਨ ਭਿੰਨ ਇਲਾਕਾਈ ਭਾਸ਼ਾਵਾਂ ਪ੍ਰਫੁਲਤ ਹੋਈਆਂ ਹਨ ਅਤੇ ਹੁਣ ਰਾਸ਼ਟਰ ਭਾਸ਼ਾ ਵਰਗੇ ਸੰਕਲਪ ਦ੍ਰਿੜ ਹੋ ਰਹੇ ਹਨ। ਭਾਰਤ ਵਿਚ ਸਾਰੀਆਂ ਹੀ ਭਾਸ਼ਾਵਾਂ (ਜਿਹੜੀਆਂ ਸੰਵਿਧਾਨ ਦੇ ਅਨੁਛੇਦ 8 ਵਿਚ ਦਰਜ ਹਨ) ਇਕ ਪ੍ਰਕਾਰ ਦੀਆਂ ਰਾਸ਼ਟਰੀ ਭਾਸ਼ਾਵਾਂ ਹਨ, ਪਰ ਇਸ ਲਿਹਾਜ਼ ਨਾਲ ਕਈ ਰਾਸ਼ਟਰਾਂ ਅਤੇ ਕੌਮਾਂ ਦੀ ਸੰਕਲਪਨਾ ਕਰਨੀ ਪਵੇਗੀ, ਜਦ ਕਿ ਭਾਰਤ ਇਕ ਕੌਮੀਅਤ ਹੈ ਅਤੇ ਇਸ ਦੀਆਂ ਕੌਮੀ ਜ਼ਬਾਨਾਂ ਅਨੇਕ ਹਨ। ਪਰੰਪਰਾ ਅਨੁਸਾਰ ਇਨ੍ਹਾਂ ਜ਼ਬਾਨਾਂ ਨੂੰ ਹਰ ਪ੍ਰਦੇਸ਼ ਵਿਚ ਰਹਿਣ ਵਾਲੇ ਲੋਕਾਂ ਲਈ ਵੰਡ ਦਿੱਤਾ ਗਿਆ ਹੈ ਅਤੇ ਇਨ੍ਹਾਂ ਨੂੰ ਹੁਣ ਪ੍ਰਦੇਸ਼ਿਕ ਭਾਸ਼ਾਵਾਂ (Regional Languages) ਕਿਹਾ ਜਾਂਦਾ ਹੈ।



21 ਦਸੰਬਰ 1967 ਨੂੰ ਪੰਜਾਬ ਵਿਧਾਨ ਸਭਾ ਵਲੋਂ ਭਾਸ਼ਾ ਐਕਟ ਪਾਸ ਕਰਨ 'ਤੇ ਪੰਜਾਬ ਵਿਚ ਹਰ ਪੱਧਰ 'ਤੇ ਪੰਜਾਬੀ ਭਾਸ਼ਾ ਨੂੰ ਲਾਗੂ ਕਰ ਦਿੱਤਾ ਗਿਆ। ਅੱਜ ਪੰਜਾਬ ਦੇ ਨਾਲ-ਨਾਲ ਦੇਸ਼ ਦੀਆਂ ਸੱਤ ਯੂਨੀਵਰਸਿਟੀਆਂ ਵਿਚ ਐਮ.ਏ., ਐਮ.ਫਿਲ. ਤੇ ਪੀ.ਐੱਚ.ਡੀ. ਪੰਜਾਬੀ ਲਈ ਸਹੂਲਤਾਂ ਪ੍ਰਾਪਤ ਹਨ। ਦੇਸ਼ ਦੀਆਂ 31 ਯੂਨੀਵਰਸਿਟੀਆਂ ਵਿਚ ਡਿਗਰੀ ਪੱਧਰ 'ਤੇ ਪੰਜਾਬੀ ਭਾਸ਼ਾ ਵਿਚ ਪੜ੍ਹਾਈ ਦਾ ਪ੍ਰਬੰਧ ਹੈ, 12 ਪ੍ਰਾਂਤਾਂ ਵਿਚ ਸਕੂਲੀ ਪੜ੍ਹਾਈ ਵਿਚ ਪੰਜਾਬੀ ਇਕ ਮਜ਼ਮੂਨ ਵਲੋਂ ਪੜ੍ਹੇ ਜਾਣ ਦੀ ਖੁਲ੍ਹ ਹੈ, ਕਈ ਵਿਭਾਗ ਅਤੇ ਅਕਾਦਮੀਆਂ ਇਸ ਦੀ ਉੱਨਤੀ ਲਈ ਯਤਨਸ਼ੀਲ ਹਨ। ਅੱਜ ਗਲੋਬ ਦਾ ਸ਼ਾਇਦ ਹੀ ਕੋਈ ਅਜਿਹਾ ਕੋਨਾ ਹੋਵੇ ਜਿਥੇ ਮਨੁੱਖੀ ਵਸੋਂ ਤਾਂ ਹੋਵੇ ਪਰ ਪੰਜਾਬੀ ਮੂਲ ਦੇ ਲੋਕ ਨਾ ਹੋਣ। ਜਿਥੇ ਪੰਜਾਬੀ ਲੋਕ ਹੋਣਗੇ ਉਥੇ ਪੰਜਾਬੀ ਭਾਸ਼ਾ ਹੋਵੇਗੀ। ਸੰਸਾਰ ਦੇ ਲਗਪਗ ਹਰ ਮਹਾਂਦੀਪ ਵਿਚ ਪੰਜਾਬੀ ਬੁਲਾਰੇ ਮੌਜੂਦ ਹਨ। ਵਿਦਵਾਨਾਂ ਨੇ ਗਲੋਬ ਵਿਚ ਲਗਪਗ 15 ਪੰਜਾਬਾਂ ਦੀ ਨਿਸ਼ਾਨਦੇਹੀ ਕੀਤੀ ਹੈ, ਇੰਗਲੈਂਡ, ਵੈਨਕੂਵਰ, ਮੈਲਬੋਰਨ, ਬਰਕਲੇ, ਸੇਨਹੋਜ਼ੇ, ਮਲੇਸ਼ੀਆ, ਜਾਪਾਨ, ਹਾਲੈਂਡ, ਕੈਨੇਡਾ ਤੇ ਕਈ ਹੋਰ ਮੁਲਕਾਂ ਵਿਚ ਪੰਜਾਬੀ ਦੀ ਸਿਖਲਾਈ ਲਈ ਯੋਗ ਪ੍ਰਬੰਧ ਕੀਤੇ ਗਏ ਹਨ।

(ਏਸੇ ਪੁਸਤਕ ਵਿਚੋਂ)

ਰਵੀ ਸਾਹਿਤ ਪ੍ਰਕਾਸ਼ਨ

ਅੰਮ੍ਰਿਤਸਰ

ISBN-81-7143-425-8